# ਸੂਰਾ

ਮਾਸਿਕ ਪੱਤਰ, ਲੁਧਿਆਣਾ

SURA (Monthly)
Ludhiana
Feb. 95

ਸ਼ਹੀਦ
ਬਾਬਾ ਦੀਪ ਸਿੰਘ ਜੀ





ਅਸੀਂ ਪੁੱਤਰ ਹਾਂ ਗੁਰੂ ਦਸਮੇਸ਼ ਜੀ ਦੇ,
ਸਦਾ ਸੱਚ ਦੇ ਪੱਖ ਤੇ ਅੜਨ ਵਾਲੇ।
ਦੇਸ਼ ਕੌਮ ਤੇ ਧਰਮ ਦੀ ਸ਼ਮ੍ਹਾ ਉੱਤੇ,
ਅਸੀਂ ਵਾਂਗ ਪਤੰਗਿਆਂ ਸੜਨ ਵਾਲੇ।

ਫਰਵਰੀ ੧੯੯੫

www.AKJ.Org

## ਤੱਤਕਰਾ


| | ਪੰਨਾ | | ਪੰਨਾ |
|---|---|---|---|
| ੧. ਹਰਿ ਸਜਣ ਪ੍ਰਗਟੇ ਆਇ | ੧ | ੧੦. ਸ਼ਹੀਦ ਬਾਬਾ ਦੀਪ ਸਿੰਘ ਜੀ | ੧੭ |
| ੨. ਅਰਥ ਵ੍ਯਿਆਖਿਆ | ੨ | ੧੧. ਲਾਸਾਨੀ ਬ੍ਰਹਮ ਗਿਆਨੀ | ੨੦ |
| ੩. ਗੁਰੂ ਵਾਹਿਗੁਰੂ ਦੀ ਪ੍ਰਾਪਤੀ ਤੇ ਜੋਤਿ ਸਰੂਪੀ ਦਰਸ਼ਨ | ੩ | ੧੨. ਭਗਤ ਰਵਿਦਾਸ ਜੀ ਦਾ ਇਸ਼ਟ | ੨੩ |
| ੪. ਗੁਰੂ ਕਾ ਲੰਗਰ | ੪ | ੧੩. ਗੁਰਬਾਣੀ ਅਰਥ ਬੋਧ | ੨੮ |
| ੫. ਪ੍ਰਸ਼ਨ ਉੱਤਰ | ੫ | ੧੪. ਸ਼ਹਾਦਤ ਗਾਹ ਵਿਚ ਬੰਦਾ ਸਿੰਘ ਬਹਾਦਰ | ੩੧ |
| ੬. ਕਬਿਤ ਸਵੱਯੇ ਭਾਈ ਗੁਰਦਾਸ ਜੀ | ੮ | ੧੫. ਦਸਮ-ਦੁਆਰ | ੩੫ |
| ੭. ਸਹਿਜਧਾਰੀ ਸਿੱਖ | ੧੧ | ੧੬. ਸੋਈ ਪਿਆਰੇ ਮੇਲ | ੩੬ |
| ੮. ਅਜ਼ਾਦੀ ਦੀ ਲਹਿਰ ਤੇ ਭਾਈ ਰਣਧੀਰ ਸਿੰਘ ਜੀ | ੧੩ | ੧੭. ਬਾਪੂ ਜੀ ਤੇ ਬੱਚੇ | ੩੭ |
| ੯. ਕੀਰਤਨ ਰਸਦਾਇਕ ਕਿਵੇਂ ਹੋਵੇ? | ੧੫ | ੧੮. ਬੱਚਿਆਂ ਵਾਸਤੇ ਸਵਾਲ | |


## ਸੂਰਾ ਮਾਸਿਕ ਪੱਤਰ ਦਾ ਸਬ-ਆਫਿਸ

ਬਾਹਰੋਂ ਆਉਣ ਵਾਲੇ ਸੱਜਣਾਂ ਦੀ ਸਹੂਲਤ ਨੂੰ ਮੁੱਖ ਰੱਖਦਿਆਂ 'ਸੂਰਾ' ਮਾਸਿਕ ਪੱਤਰ ਦਾ ਸਬ-ਆਫਿਸ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਮਾਡਲ ਟਾਊਨ, ਲੁਧਿਆਣਾ ਵਿਖੇ ਖੋਲ੍ਹ ਦਿੱਤਾ ਗਿਆ ਹੈ ਜਿੱਥੇ ਸੂਰਾ ਪੱਤਰ ਸਬੰਧੀ ਕੋਈ ਵੀ ਪ੍ਰੇਮੀ ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ ਆ ਕੇ ਮਿਲ ਸਕਦਾ ਹੈ। ਕਿਸੇ ਤਰ੍ਹਾਂ ਦਾ ਵੀ ਚਿੱਠੀ ਪੱਤਰ ਮਨੀਆਰਡਰ ਆਦਿ ਸੂਰਾ ਦੇ ਮੁੱਖ ਦਫਤਰ ਦੇ ਪਤੇ, 12-ਆਈ, ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ ਤੇ ਹੀ ਕੀਤਾ ਜਾਵੇ।

**ਸੰਪਾਦਕ:— ਹਰਬੰਸ ਸਿੰਘ, ਮਾਡਲ ਟਾਊਨ ਲੁਧਿਆਣਾ ਫੋਨ : 0091-161-28865**

## 'ਸੂਰਾ' ਦੇ ਚੰਦੇ ਤੇ ਬਕਾਏ ਜਮ੍ਹਾ ਕਰਵਾ ਕੇ ਰਸੀਦ ਲਓ ਜੀ

੧. ਲੁਧਿਆਣਾ—੧. ਮੁੱਖ ਦਫਤਰ "ਸੂਰਾ"—ਕੋਠੀ ਨੰਬਰ ੧੨, ਬਲਾਕ ਆਈ, ਭਾਈ ਰਣਧੀਰ ਸਿੰਘ ਨਗਰ ।
੨. ਭਾਈ ਹਰਬੰਸ ਸਿੰਘ, ਬੰਬੇ ਮਾਈਕਰੋਨਿਕਸ ਦੁਕਾਨ ਨੰ: ੧੭ ਦੇ ਪਿਛੇ ਗੋਲ ਮਾਰਕੀਟ, ਮਾਡਲ ਟਾਊਨ, ਲੁਧਿਆਣਾ।

੨. ਜਲੰਧਰ—ਭਾਈ ਤ੍ਰਿਲੋਕ ਸਿੰਘ ਜੀ, ਮੈ: ਸੰਤ ਸਿੰਘ ਤ੍ਰਿਲੋਕ ਸਿੰਘ, ਚੌਕ ਪੰਜ ਪੀਰ ।

੩. ਹੁਸ਼ਿਆਰਪੁਰ—ਭਾਈ ਹਰਮਿੰਦਰ ਸਿੰਘ ਜੀ, ਭਾਈ ਸੋਬਾ ਸਿੰਘ ਹਰਮਿੰਦਰ ਸਿੰਘ, ਬੈਂਕ ਬਜ਼ਾਰ ।

੪. ਪਟਿਆਲਾ—ਭਾਈ ਆਸਾ ਸਿੰਘ ਐਂਡ ਸਨਜ਼, ਨੇੜੇ ਗੁ: ਦੂਖ ਨਿਵਾਰਨ ਸਾਹਿਬ ।

੫. ਚੰਡੀਗੜ੍ਹ ਤੇ ਮੋਹਾਲੀ—ਭਾਈ ਫ਼ੌਜਿੰਦਰ ਸਿੰਘ ਜੀ, ੫੩੨/੩-ਏ ਫ਼ੇਜ਼, ਐਸ.ਏ.ਐਸ. ਨਗਰ, ਮੋਹਾਲੀ ।

੬. ਦਿੱਲੀ—ਭਾਈ ਹਰਦਿਤ ਸਿੰਘ ਜੀ, ਏ-੩੫, ਫ਼ਤਹ ਨਗਰ ।

੭. ਸਾਰੇ ਸਮਾਗਮਾਂ ਸਮੇਂ—ਭਾਈ ਬਲਵੰਤ ਸਿੰਘ ਖ਼ਾਲਸਾ, ਗਲੀ ਨੰ: ੨, ਕਾਂਸ਼ੀ ਨਗਰੀ, ਫ਼ਿਰੋਜ਼ਪੁਰ ਸ਼ਹਿਰ ।

੮. ਬਠਿੰਡਾ—ਭਾਈ ਗੋਬਿੰਦ ਸਿੰਘ ਜੀ, ਮਕਾਨ ਨੰਬਰ ੭੮੧੯, ਨੇੜੇ ਡੰਗਰਾਂ ਦਾ ਹਸਪਤਾਲ ।

੯. ਮੋਗਾ—ਭਾਈ ਪਰਮਿੰਦਰ ਸਿੰਘ ਜੀ, ਪੁਰਾਣਾ ਗੁਲਾਬੀ ਬਾਗ, ਜੀ.ਟੀ. ਰੋਡ, ਫੋਨ : ੨੪੩੪੯, ੨੧੬੮੧ ।

੧੦. ਅੰਮ੍ਰਿਤਸਰ—ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾਂ (ਘੰਟਾ ਘਰ ਦੇ ਸਾਹਮਣੇ) ਫ਼ੋਨ : ੪੫੭੮੭ ਘਰ : ੨੩੧੫੨੦ ।

੧੧. ਯਮੁਨਾਨਗਰ—ਸ: ਪ੍ਰਮਜੀਤ ਸਿੰਘ, ਮਦਰਾਸ ਹੈਂਡਲੂਮ , ਤੱਤਖਾਲਸਾ ਭਵਨ, ਜਗਾਧਰੀ ਰੋਡ, ਪਿੰਨ ਕੋਡ-੧੩੫੦੦੧, ਫੋਨ : ੨੬੨੧੭

ਸੂਚਨਾ— ਹਰ ਐਤਵਾਰ 'ਸੂਰਾ' ਦੇ ਚੰਦੇ ਸਿਖ ਮਿਸ਼ਨਰੀ ਕਾਲਜ ਦੇ ਸਟਾਲ ਗੁ: ਮੰਜੀ ਸਾਹਿਬ ਆਲਮਗੀਰ, ਲੁਧਿਆਣਾ ਵਿਖੇ ।

## ਵਿਦੇਸ਼ਾ ਵਿਚ ਚੰਦੇ ਤੇ ਹੋਰ ਰਕਮਾਂ ਜਮਾਂ ਕਰਾਉਣ ਲਈ ਸੰਪਰਕ ਕਰੋ

1. ਇੰਗਲੈਂਡ - ਭਾਈ ਗੁਰਨਾਮ ਸਿੰਘ ਜੀ 10-Lambourne Gardens, Early Reading, Berks U.K. Tel. 0734-616902
2. ਅਮਰੀਕਾ - ਭਾਈ ਜੀਵਨ ਸਿੰਘ ਜੀ ਗੁਰਦੀਪ ਸਿੰਘ ਜੀ ਫੋਨ : ੧੮੦੦੭੨੨੬੨੧੨
3. ਕਨੇਡਾ - ਭਾਈ ਰਿਪੁਦਮਨ ਸਿੰਘ ਜੀ ਮਲਿਕ ਫੋਨ : ੧੮੦੦੬੬੩੦੩੩੪
4. ਆਸਟ੍ਰੇਲੀਆ - ਭਾਈ ਪਰਸ਼ੋਤਮ ਸਿੰਘ ਜੀ ਫੋਨ : ੦੬੧੬੯੬੩੪੮੪੧
5. ਨੀਊਜ਼ੀਲੈਂਡ - ਭਾਈ ਪਿਆਰਾ ਸਿੰਘ ਜੀ ਫੋਨ : ੦੬੪੯੨੭੬੪੩੨੨

ਡਿਜ਼ਾਈਨ ਕਰਾਫਟ, ਗੁਰੂ ਨਾਨਕ ਦੂਰ ਮਾਰਕੀਟ, ਗਿੱਲ ਰੋਡ, ਲੁਧਿਆਣਾ - ਫੋਨ : ੫੩੩੦੯੮ ਤੋਂ ਛਪਵਾ ਕੇ ਹਰਬੰਸ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ੧੨-ਆਈ, ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ ਤੋਂ ਪ੍ਰਕਾਸ਼ਤ ਕੀਤਾ ।



www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ
ਸੋ ਕਹੀਅਤ ਹੈ ਸੂਰਾ

ਮਾਸਿਕ ਪੱਤਰ

# ਸੂਰਾ

ਲੁਧਿਆਣਾ

ਸਾਲਾਨਾ ਚੰਦਾ

| | |
|---|---|
| ਦੇਸ | ੩੦-੦੦ |
| ਇੱਕ ਪਰਚਾ | ੩-੦੦ |

(ਪਰਦੇਸ ਸਾਰੇ) ਸਾਲਾਨਾ ਚੰਦਾ

| | |
|---|---|
| ਸਮੁੰਦਰੀ ਡਾਕ | ੧੦੦-੦੦ |
| ਹਵਾਈ ਡਾਕ | ੩੦੦-੦੦ |

Foreign Subscription

| | |
|---|---|
| Sea Mail | 100-00 |
| Air Mail | 300-00 |

ਅਮਾਨਤੀ ਲਾਈਫ ਮੈਂਬਰ

| | |
|---|---|
| ਦੇਸ | ੩੦੦-੦੦ |

ਪਰਦੇਸ

| | |
|---|---|
| ਸਮੁੰਦਰੀ ਡਾਕ | ੧,੦੦੦-੦੦ |
| ਹਵਾਈ ਡਾਕ | ੨,੫੦੦-੦੦ |

## ਅਖੰਡ ਕੀਰਤਨੀ ਜਥੇ ਵਲੋਂ ਨਿਰੋਲ ਗੁਰਮਤਿ ਮਾਸਿਕ ਪੱਤਰ

ਜਿਲਦ ੨੯ ਫਰਵਰੀ ੧੯੯੫ ਅੰਕ ੨

### ਗੁਰਪੁਰਬ ਤੇ ਇਤਿਹਾਸਿਕ ਦਿਹਾੜੇ

ਸ਼ਹੀਦੀ ਬਾਬਾ ਦੀਪ ਸਿੰਘ ਜੀ -' 10 ਫਰਵਰੀ
ਜਨਮ ਦਿਨ ਭਗਤ ਰਵਿਦਾਸ ਜੀ - 15 ਫਰਵਰੀ
ਸ਼ਹੀਦੀ ਸਾਕਾ ਸ੍ਰੀ ਗੰਗਸਰ ਜੈਤੋ - 21 ਫਰਵਰੀ
ਪ੍ਰਕਾਸ਼ ਸ੍ਰੀ ਹਰਿ ਰਾਏ ਸਾਹਿਬ - 13 ਫਰਵਰੀ
ਸ਼ਹੀਦੀ ਸਾਕਾ ਨਨਕਾਣਾ ਸਾਹਿਬ - 21 ਫਰਵਰੀ

# ਹਰਿ ਸਜਣ ਪ੍ਰਗਟੇ ਆਇ

ਫਲਗੁਣਿ ਅਨੰਦ ਉਪਾਰਜਨਾ, ਹਰਿ ਸਜਣ ਪ੍ਰਗਟੇ ਆਇ॥
ਸੰਤ ਸਹਾਈ ਰਾਮ ਕੇ, ਕਰਿ ਕਿਰਪਾ ਦੀਆ ਮਿਲਾਇ॥
ਸੇਜ ਸੁਹਾਵੀ, ਸਰਬ ਸੁਖ, ਹੁਣਿ ਦੁਖਾ ਨਾਹੀ ਜਾਇ॥
ਇਛ ਪੁਨੀ ਵਡਭਾਗਣੀ, ਵਰ ਪਾਇਆ ਹਰਿ ਰਾਇ॥
ਮਿਲਿ ਸਹੀਆ ਮੰਗਲੁ ਗਾਵਹੀ, ਗੀਤ ਗੋਵਿੰਦ ਅਲਾਇ॥
ਹਰਿ ਜੇਹਾ ਅਵਰੁ ਨ ਦਿਸਈ, ਕੋਈ ਦੂਜਾ ਲਵੈ ਨ ਲਾਇ॥
ਹਲਤੁ ਪਲਤੁ ਸਵਾਰਿਓਨੁ, ਨਿਹਚਲ ਦਿਤੀਅਨੁ ਜਾਇ॥
ਸੰਸਾਰ ਸਾਗਰ ਤੇ ਰਖਿਅਨੁ, ਬਹੁੜਿ ਨ ਜਨਮੈ ਧਾਇ॥
ਜਿਹਵਾ ਏਕ, ਅਨੇਕ ਗੁਣ, ਤਰੇ ਨਾਨਕ ਚਰਣੀ ਪਾਇ॥
ਫਲਗੁਣਿ ਨਿਤ ਸਲਾਹੀਐ, ਜਿਸ ਨੋ ਤਿਲੁ ਨ ਤਮਾਇ॥੧੩॥
(ਬਾਰਹ ਮਾਹਾ ਮਾਝ ਮਹਲਾ ੫)

**ਪਦ ਅਰਥ :** ਫਲਗੁਣਿ-ਫੱਗਣ ਮਹੀਨੇ ਵਿੱਚ। ਉਪਾਰਜਨਾ-ਉਪਜ, ਪੈਦਾ ਹੋਣਾ। ਜਾਏ-ਥਾਂ। ਵਰੁ-ਖਸਮ ਪ੍ਰਭੂ। ਮੰਗਲ-ਖੁਸ਼ੀ ਦੇ ਗੀਤ। ਗਾਵਹੀ-ਗਾਉਂਦੀਆਂ ਹਨ। ਅਲਾਇ-ਅਲਾਪ (ਉਚਾਰ) ਕੇ। ਲਵੈ-ਨੇੜੇ। ਹਲਤ ਪਲਤ-ਲੋਕ ਪ੍ਰਲੋਕ। ਸਵਾਰਿਓਨੁ-ਸਵਾਰ ਦਿੱਤਾ ਹੈ। ਨਿਹਚਲ-ਅਡੋਲ। ਜਾਇ-ਥਾਂ। ਬਹੁੜ-ਮੁੜ, ਦੁਬਾਰਾ। ਧਾਇ-ਧਾਈ, ਭਟਕਣਾ। ਜਿਹਵਾ-ਜੀਭਾ। ਚਰਣੀ ਪਾਏ-ਚਰਨੀਂ ਪੈਂਦੇ ਹਨ। ਤਰੇ-ਤਰ ਜਾਂਦੇ ਹਨ। ਤਿਲੁ-ਰਤੀ ਭਰ। ਤਮਾਇ-ਤਮਾ, ਲਾਲਚ।



www.AKJ.Org

# ਅਰਥ-ਵਿਆਖਿਆ

ਅਰਥ : ਫੱਗਣ ਮਹੀਨੇ ਦੀ ਸਿਆਲੀ ਰੁੱਤ ਵਿਚ ਉਨ੍ਹਾਂ ਜੀਵ-ਇਸਤਰੀਆਂ ਦੇ ਅੰਦਰ ਆਤਮਕ ਆਨੰਦ ਪੈਦਾ ਹੁੰਦਾ ਹੈ ਜਿਨ੍ਹਾਂ ਦੇ ਹਿਰਦੇ ਵਿੱਚ ਪ੍ਰਭੂ-ਪ੍ਰੀਤਮ ਪ੍ਰਤੱਖ ਆ ਵਸਦਾ ਹੈ। ਪਰਮਾਤਮਾ ਨਾਲ ਮੇਲ ਵਿਚ ਸਹਾਇਤਾ ਕਰਨ ਵਾਲੇ ਗੁਰਮੁਖ ਪਿਆਰੇ ਸੰਤ ਜਨ, ਕਿਰਪਾ ਕਰਕੇ ਉਨ੍ਹਾਂ ਨੂੰ ਪ੍ਰਭੂ ਨਾਲ ਜੋੜ ਦਿੰਦੇ ਹਨ। ਉਨ੍ਹਾਂ ਦੀ ਹਿਰਦੇ ਰੂਪ ਸੇਜ ਸੋਹਣੀ (ਸੁੰਦਰ) ਬਣ ਜਾਂਦੀ ਹੈ। ਉਨ੍ਹਾਂ ਨੂੰ ਸਾਰੇ ਸੁਖ ਮਿਲ ਜਾਂਦੇ ਹਨ। ਫਿਰ ਦੁੱਖਾਂ ਲਈ ਉਨ੍ਹਾਂ ਦੇ ਹਿਰਦੇ ਵਿੱਚ ਕਿਧਰੇ ਰਤਾ ਭਰ ਵੀ ਥਾਂ ਨਹੀਂ ਰਹਿ ਜਾਂਦੀ। ਉਨ੍ਹਾਂ ਵਡਭਾਗਣ ਜੀਵ-ਇਸਤਰੀਆਂ ਦੀ ਇੱਛਾ (ਮਨੋ-ਕਾਮਨਾ) ਪੂਰੀ ਹੋ ਜਾਂਦੀ ਹੈ। ਉਨ੍ਹਾਂ ਨੂੰ ਖਸਮ-ਪ੍ਰਭੂ ਮਿਲ ਪੈਂਦਾ ਹੈ। ਉਹ ਗੁਰਮੁਖ ਸਖੀ ਸਹੇਲੀਆਂ ਨਾਲ ਮਿਲ ਕੇ ਗੋਵਿੰਦ ਦੀ ਸਿਫਤ-ਸਾਲਾਹ ਦੇ ਗੀਤ ਗਾਉਂਦੀਆ ਹਨ। ਪਰਮਾਤਮਾ ਜੇਹਾ ਕੋਈ ਹੋਰ, ਉਸ ਦੀ ਬਰਾਬਰੀ ਕਰ ਸਕਣ ਵਾਲਾ, ਕੋਈ ਦੂਜਾ ਉਨ੍ਹਾਂ ਨੂੰ ਕਿਤੇ ਦਿਸਦਾ ਹੀ ਨਹੀਂ।

ਉਸ ਪ੍ਰਮਾਤਮਾ ਨੇ ਉਨ੍ਹਾਂ ਸਤਸੰਗੀ ਗੁਰਮੁਖ ਪਿਆਰਿਆਂ ਦਾ ਲੋਕ ਪਰਲੋਕ ਸਵਾਰ ਦਿੱਤਾ ਹੈ। ਉਨ੍ਹਾਂ ਨੂੰ ਆਪਣੇ ਚਰਨਾਂ ਵਿੱਚ ਅਡੋਲ ਥਾਂ ਦੇ ਦਿੱਤੀ ਹੈ। ਪ੍ਰਭੂ ਨੇ ਉਨ੍ਹਾਂ ਨੂੰ ਸੰਸਾਰ ਸਮੁੰਦਰ ਤੋਂ ਹੱਥ ਦੇ ਕੇ ਰੱਖ ਲਿਆ ਹੈ। ਮੁੜ ਉਹ ਜਨਮਾਂ ਦੇ ਗੇੜ ਵਿੱਚ ਨਹੀਂ ਭਟਕਦੇ।

ਗੁਰੂ ਅਰਜਨ ਦੇਵ ਜੀ ਨਾਨਕ ਮੋਹਰ ਛਾਪ ਥੱਲੇ ਕਹਿੰਦੇ ਹਨ ਕਿ ਹੇ ਪ੍ਰਭੂ! ਸਾਡੀ ਇੱਕ ਜੀਭ ਹੈ, ਤੇਰੇ ਅਨੇਕਾਂ ਹੀ ਗੁਣ ਹਨ। ਜਿਹੜੇ ਜੀਵ ਤੇਰੀ ਚਰਨੀਂ ਪੈਂਦੇ ਹਨ ਭਾਵ ਤੇਰਾ ਆਸਰਾ ਤੱਕਦੇ ਹਨ, ਉਹ ਸੰਸਾਰ ਸਮੁੰਦਰ ਤੋਂ ਤਰ ਜਾਂਦੇ ਹਨ।

ਫੱਗਣ ਮਹੀਨੇ ਵਿੱਚ ਹਮੇਸ਼ਾਂ ਉਸ ਪਰਮਾਤਮਾ ਦੀ ਸਿਫਤ ਸਾਲਾਹ ਕਰਨੀ ਚਾਹੀਦੀ ਹੈ ਜਿਸ ਨੂੰ ਆਪਣੀ ਵਡਿਆਈ ਕਰਵਾਉਣ ਦਾ ਰਤਾ ਭਰ ਵੀ ਲਾਲਚ ਨਹੀਂ।

ਵਿਆਖਿਆ : ਜਿਸ ਜੀਵ-ਇਸਤਰੀ ਦਾ ਸ਼ਹੁ (ਪਤੀ) ਉਸਦੇ ਹਿਰਦੇ ਰੂਪ ਘਰ ਵਿੱਚ ਪ੍ਰਗਟ ਹੋ ਜਾਂਦਾ ਹੈ ਉਸ ਦੀ ਖੁਸ਼ੀ ਦਾ ਕੋਈ ਅੰਤ ਨਹੀਂ ਪਾ ਸਕਦਾ। ਖੁਸ਼ੀ ਵਿੱਚ ਉਹ ਆਪ ਮੁਹਾਰੇ ਕਹਿ ਉਠਦੀ ਹੈ -

**ਗਾਉ ਗਾਉ ਰੀ ਦੁਲਹਨੀ ਮੰਗਲਚਾਰਾ॥**
**ਮੇਰੇ ਗ੍ਰਿਹ ਆਏ ਰਾਜਾ ਰਾਮ ਭਤਾਰਾ॥** (ਪੰਨਾ ੪੮੨)

ਭਾਵ ਹੇ ਨਵੀਓਂ ਵਹੁਟੀਓ! (ਪ੍ਰਭੂ ਪ੍ਰੀਤ ਵਿੱਚ ਰੰਗੇ ਹੋਏ ਗਿਆਨ-ਇੰਦ੍ਰਿਓ!) ਤੁਸੀਂ ਮੁੜ ਮੁੜ ਸੁਹਾਗ ਦੇ ਗੀਤ (ਮੰਗਲ) ਗਾਓ ਕਿਉਂਕਿ ਮੇਰੇ ਹਿਰਦੇ ਰੂਪ ਘਰ ਵਿੱਚ ਮੇਰਾ ਪਤੀ ਜਗਤ ਦਾ ਮਾਲਕ-ਪਰਮਾਤਮਾ ਆਇਆ ਹੈ।

**ਗਾਵਹੁ ਗਾਵਹੁ ਕਾਮਣੀ ਬਿਬੇਕ ਬੀਚਾਰੁ॥**
**ਹਮਰੈ ਘਰਿ ਆਇਆ ਜਗਜੀਵਨੁ ਭਤਾਰੁ॥** (ਪੰਨਾ ੩੫੧)

(ਹੇ ਇਸਤਰੀਓ! (ਗਿਆਨ ਇੰਦ੍ਰਿਓ!) ਚੰਗੇ ਮੰਦੇ ਦੀ ਵਿਚਾਰ ਪੈਦਾ ਕਰਨ ਵਾਲਾ ਗੀਤ (ਬਿਬੇਕ ਬੀਚਾਰੁ) ਮੁੜ ਮੁੜ ਗਾਓ! ਮੇਰੇ ਹਿਰਦੇ ਰੂਪ ਘਰ ਵਿੱਚ ਉਹ ਖਸਮ-ਪ੍ਰਭੂ ਆ ਵਸਿਆ ਹੈ ਜੋ ਸਾਰੇ ਜਗਤ ਦੀ ਜ਼ਿੰਦਗੀ ਦਾ ਆਸਰਾ ਹੈ।)

ਸਤਿਗੁਰੂ ਦੀ ਮਿਹਰ ਸਦਕਾ ਸ਼ਹੁ-ਪ੍ਰਭੂ ਨਾਲ ਜੀਵ ਇਸਤਰੀ ਦਾ ਮੇਲ ਹੋ ਗਿਆ, ਆਤਮਾ, ਪਰਮ-ਆਤਮਾ (ਪਰਮਾਤਮਾ) ਨਾਲ ਮਿਲ ਗਈ, ਨੂਰੋ ਨੂਰ (ਪ੍ਰਕਾਸ਼) ਹੋ ਗਿਆ, ਜਿਸ ਸਦਕਾ ਦੁਖ ਦੂਰ ਹੋ ਗਏ ਅਤੇ ਸੁਖਾਂ ਦਾ, ਘਰ (ਹਿਰਦੇ) ਵਿੱਚ ਪ੍ਰਵੇਸ਼ ਹੋ ਗਿਆ, ਅਨੰਦੋ ਅਨੰਦ ਦੀ ਮੌਜ ਬਣ ਗਈ। ਜੀਵ-ਇਸਤਰੀ ਕੂਕ ਉਠਦੀ ਹੈ -

**ਅਨਦੋ ਅਨਦੁ ਘਣਾ, ਮੈ ਸੋ ਪ੍ਰਭੁ ਡੀਠਾ ਰਾਮ॥**
**ਚਾਖਿਅੜਾ ਚਾਖਿਅੜਾ, ਮੈ ਹਰਿ ਰਸੁ ਮੀਠਾ ਰਾਮ॥**
**ਹਰਿ ਰਸੁ ਮੀਠਾ ਮਨ ਮਹਿ ਵੂਠਾ,**
**ਸਤਿਗੁਰੁ ਤੂਠਾ ਸਹਜੁ ਭਇਆ॥**
**ਗ੍ਰਿਹੁ ਵਸਿ ਆਇਆ, ਮੰਗਲੁ ਗਾਇਆ,**
**ਪੰਚ ਦੁਸਟ ਓਇ ਭਾਗਿ ਗਇਆ॥**
**ਸੀਤਲ ਆਘਾਣੇ, ਅੰਮ੍ਰਿਤ ਬਾਣੇ, ਸਾਜਨ ਸੰਤ ਬਸੀਠਾ॥**
**ਕਹੁ ਨਾਨਕ ਹਰਿ ਸਿਉ ਮਨੁ ਮਾਨਿਆ,**
**ਸੋ ਪ੍ਰਭੁ ਨੈਣੀ ਡੀਠਾ॥੧॥** (ਪੰਨਾ ੪੫੨)

(ਭਾਵ ਮੇਰੇ ਹਿਰਦੇ ਰੂਪ ਘਰ ਵਿੱਚ ਅਨੰਦ ਹੀ ਅਨੰਦ ਬਣ ਗਿਆ ਹੈ ਕਿਉਂਕਿ ਮੈਂ ਉਸ ਪ੍ਰਭੂ ਦਾ ਦਰਸ਼ਨ ਕਰ ਲਿਆ ਹੈ ਅਤੇ ਪਰਮਾਤਮਾ ਦੇ ਨਾਮ ਦਾ ਮਿੱਠਾ ਰਸ ਮੇਰੇ ਮਨ ਵਿੱਚ ਆ ਵਸਿਆ ਹੈ। ਸਤਿਗੁਰੂ ਮੇਰੇ ਉਤੇ ਦਿਆਲ ਹੋ ਗਿਆ ਹੈ ਜਿਸ ਕਾਰਨ ਆਤਮਕ ਅਡੋਲਤਾ (ਸਹਜੁ) ਪੈਦਾ ਹੋ ਗਈ ਹੈ। ਹੁਣ ਮੇਰਾ ਹਿਰਦਾ ਰੂਪ ਘਰ ਵੱਸ ਗਿਆ ਹੈ, ਮੇਰੇ ਗਿਆਨ ਇੰਦਰੇ ਖੁਸ਼ੀ ਦਾ ਗੀਤ (ਮੰਗਲੁ) ਗਾ ਰਹੇ ਹਨ ਅਤੇ ਪੰਜੇ ਦੁਸ਼ਮਣ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ) ਨੱਸ ਗਏ ਹਨ। ਜਦੋਂ ਦਾ ਮਿੱਤਰ ਗੁਰੂ ਵਿਚੋਲਾ (ਬਸੀਠਾ) ਬਣਿਆ ਹੈ, ਉਸ

(ਬਾਕੀ ਪੰਨਾ ੭ ਤੇ)



www.AKJ.Org

# ਗੁਰੂ-ਵਾਹਿਗੁਰੂ ਦੀ ਪ੍ਰਾਪਤੀ ਤੇ ਜੋਤਿ ਸਰੂਪੀ ਦਰਸ਼ਨ

(ਸਚਖੰਡ ਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ)

ਪਾਰਬ੍ਰਹਮ ਅਪਰੰਪਰ ਦੇਵਾ।। ਅਗਮ ਅਗੋਚਰ ਅਲਖ ਅਭੇਵਾ।। ਦੀਨ ਦਇਆਲ ਗੋਪਾਲ ਗੋਬਿੰਦਾ, ਹਰਿ ਧਿਆਵਹੁ ਗੁਰਮੁਖਿ ਗਾਤੀ ਜੀਉ।।੧।। ਗੁਰਮੁਖਿ ਮਧੁਸੂਦਨੁ ਨਿਸਤਾਰੇ।। ਗੁਰਮੁਖਿ ਸੰਗੀ ਕ੍ਰਿਸਨ ਮੁਰਾਰੇ।। ਦਇਆਲ ਦਮੋਦਰੁ ਗੁਰਮੁਖਿ ਪਾਈਐ, ਹੋਰਤੁ ਕਿਤੈ ਨ ਭਾਤੀ ਜੀਉ।।੨।। ਨਿਰਹਾਰੀ ਕੇਸਵ ਨਿਰਵੈਰਾ।। ਕੋਟਿ ਜਨਾ ਜਾ ਕੇ ਪੂਜਹਿ ਪੈਰਾ।। ਗੁਰਮੁਖਿ ਹਿਰਦੈ ਜਾ ਕੇ ਹਰਿ ਹਰਿ, ਸੋਈ ਭਗਤੁ ਇਕਾਤੀ ਜੀਉ।।੩।। ੧੩)

(ਮਾਝ ਮ: ੫, ਪੰਨਾ ੯੮)

ਵਾਹਿਗੁਰੂ ਪਾਰਬ੍ਰਹਮ ਐਸਾ ਵਿਅਕਤੀ ਹੈ ਜਿਸਦਾ ਪਾਰ ਨਹੀਂ ਪਾਇਆ ਜਾ ਸਕਦਾ। ਉਸਦੀ (ਹਸਤੀ ਦੀ) ਗੰਮਤਾ ਕਿਸੇ ਤੋਂ ਨਹੀਂ ਹੋ ਸਕਦੀ। ਉਹ ਸਭਸ ਦੀ ਪਹੁੰਚ ਤੋਂ ਪਰੇ ਹੈ। ਉਸਨੂੰ ਕੋਈ ਨਹੀਂ ਲਖ ਸਕਦਾ, ਉਸਦਾ ਭੇਦ ਕੋਈ ਨਹੀਂ ਪਾ ਸਕਦਾ। ਗੁਰਮਤਿ ਦੁਆਰਾ ਇਹ ਗੱਲ ਸਹੀ ਹੁੰਦੀ ਹੈ ਕਿ ਉਹ ਸਾਰਿਆਂ ਨੂੰ ਪਾਲਣਹਾਰਾ, ਦੀਨਾਂ ਦਾ ਦਿਆਲ ਗੋਬਿੰਦ ਮੁਕਤੀ-ਦਾਤਾ ਵਾਹਿਗੁਰੂ ਕੇਵਲ ਗੁਰਮਤਿ ਕਰਕੇ ਹੀ, ਗੁਰਮੁਖਾਂ ਪਾਸੋਂ ਹੀ ਧਿਆਇਆ ਜਾ ਸਕਦਾ ਹੈ। ਮਧੁਸੂਦਨ ਵਾਹਿਗੁਰੂ, ਗੁਰੂ ਦੁਆਰਾ ਹੀ ਸੰਸਾਰ ਨੂੰ ਤਾਰਨਹਾਰਾਂ ਬਣਦਾ ਹੈ। ਕ੍ਰਿਸ਼ਨ ਮੁਰਾਰੀ ਰੂਪ ਵਾਹਿਗੁਰੂ ਕੇਵਲ ਗੁਰੂ ਦੁਆਰਾ ਹੀ ਅੰਗ ਸੰਗਿ ਰਹਿੰਦਾ ਲਖੀਦਾ ਹੈ। ਦੀਨ ਦਇਆਲ ਦਮੋਦਰ ਵਾਹਿਗੁਰੂ ਦੀ ਪ੍ਰਾਪਤੀ ਕੇਵਲ ਗੁਰੂ ਦੁਆਰਾ ਹੀ ਹੋ ਸਕਦੀ ਹੈ, ਹੋਰ ਕਿਸੇ ਭਾਂਤ ਭੀ ਨਹੀਂ ਹੋ ਸਕਦੀ। ਨਿਰਾਹਾਰੀ ਕੇਸ਼ਵ ਵਾਹਿਗੁਰੂ ਸਰੂਪ ਨੂੰ ਕ੍ਰੋੜਾਂ ਹੀ ਜਗਿਆਸੂ ਜਨ ਪਏ ਪੂਜਦੇ ਹਨ, ਪ੍ਰੰਤੂ ਜਿਸ ਗੁਰਮੁਖਿ ਦੇ ਅੰਦਰ ਵਾਹਿਗੁਰੂ ਵਸਿਆ ਹੈ ਉਹੀ ਵਾਹਿਗੁਰੂ ਦਾ ਅਨਿੰਨ ਉਪਾਸ਼ਕ ਭਗਤ ਹੈ।

ਉਪਰ ਦੱਸੇ ਨਾਮ, 'ਮਧਸੂਦਨ', 'ਕਿਸ਼ਨ, ਮੁਰਾਰ', ਸਭ ਵਾਹਿਗੁਰੂ ਦੇ ਕ੍ਰਿਤਮ ਨਾਮ ਹਨ। ਪਰਾ ਪੂਰਬਲਾ ਸਤਿਨਾਮ ਵਾਹਿਗੁਰੂ ਦਾ ਕੇਵਲ 'ਵਾਹਿਗੁਰੂ' ਹੀ ਹੈ, ਸੋਈ ਗੁਰਮਤਿ ਅਨੁਸਾਰ ਅਰਾਧਿਆ ਜਾਣਾ ਪਰਮ ਗੁਰਮਤਿ ਅਨੁਕੂਲ ਹੈ। ਤਿਸੇ ਗੁਰਮਤਿ ਨਾਮ ਦੇ ਜਪਣ ਕਰਕੇ ਹੀ ਜਪਣਹਾਰੇ ਦੀ ਪਰਮ ਕਲਿਆਣ ਗਤੀ ਹੁੰਦੀ ਹੈ, ਹੋਰ ਕਿਸੇ ਕ੍ਰਿਤਮ ਨਾਮ ਦੇ ਜਪਿਆਂ ਨਹੀਂ ਹੁੰਦੀ। ਆਨਮਤਾਂ ਵਿਚ ਮੰਨੇ ਹੋਏ ਅਵਤਾਰ ਕੇਵਲ ਵਾਹਿਗੁਰੂ ਦੀ ਗੁਪਤ ਗੁਰਮੁਖਿ ਨਗੁੱਰਤਤਾ ਦੁਆਰਾ ਹੀ ਕਲਾਧਾਰੀ ਬਣੇ ਹਨ। ਭਾਵ ਏਹਨਾਂ ਵਿੱਚ ਕਲਾ ਵਰਤਾਉਣਹਾਰਾਂ ਗੁਪਤ ਗੁਰੂ ਵਾਹਿਗੁਰੂ ਹੀ ਹੋਇਆ ਹੈ। ਵਾਹਿਗੁਰੂ ਨੇ ਹੀ ਗੁਪਤ ਗੁਰੱਤਤਾ ਕਲਾ ਵਰਤਾ ਕੇ ਧਰੂਅ ਪ੍ਰਹਿਲਾਦ ਆਦਿਕ ਨੂੰ ਸੁਮੱਤੇ ਲਾਇਆ। ਇਹ ਇੱਕਤ ਦੁੱਕਤ ਨਿਸਤਾਰਨਹਾਰ ਵਾਹਿਗੁਰੂ ਦੀਆਂ ਗੁਪਤ ਗੁਰਮੁਖਿ ਕਲਾਧਾਰੀ ਉਦਾਹਰਣਾਂ ਟਾਵੀਆਂ ਟਾਵੀਆਂ ਹੀ ਖ਼ਾਸ-ਖ਼ਾਸ ਹਾਲਤਾਂ ਵਿਖੇ ਖ਼ਾਸ ਖ਼ਾਸ ਨਿਸਤਾਰਨ ਜੋਗ ਵਿਅਕਤੀਆਂ ਨੂੰ ਪਰਗਟ ਹੋਈਆਂ। ਸਮੁੱਚੇ ਤੌਰ ਤੇ ਗੁਰੱਤਤਾ ਦੀ ਕਲਾ ਵਰਤਾਉਣਹਾਰਾ ਵਾਹਿਗੁਰੂ ਜਗਤ-ਗੁਰੂ ਨਾਨਕ ਦੇਵ ਅਤੇ ਉਹਨਾਂ ਦੇ ਦਸੇ ਗੁਰੂ ਜਾਮਿਆਂ ਦੁਆਰਾ ਹੀ ਅਜ ਤਾਈਂ ਸਾਰੇ ਸੰਸਾਰ ਤੇ ਵਿੱਦਤ ਹੋਇਆ ਹੈ। ਪ੍ਰੰਤੂ ਹਰ ਹਾਲਤ ਵਿੱਚ ਨਿਸਤਾਰਨਹਾਰ ਕਲਿਆਣਕਾਰਕ ਨਾਮ 'ਵਾਹਿਗੁਰੂ' ਨਾਮ ਹੀ ਪਰੰਪਰਾ ਤੋਂ "ਆਦਿ ਸਚੁ ਜੁਗਾਦਿ ਸਚੁ।। ਹੈ ਭੀ ਸਚੁ ਨਾਨਕ ਹੋਸੀ ਭੀ ਸਚੁ" ਰੂਪੀ ਨਿਸਤਾਰਨਹਾਰ ਰਿਹਾ ਹੈ ਤੇ ਨਿਸਤਾਰਦਾ ਰਹੇਗਾ। ਏਥੇ ਤਾਈਂ ਕਿ ਗਰਭ ਜੋਨ ਵਿਚ ਜੀਵ ਨੂੰ ਜੀਵਾਲਨਹਾਰਾ ਹੋ ਕੇ ਵਾਹਿਗੁਰੂ ਅਕਾਲ ਪੁਰਖ ਹੀ ਗੁਰੱਤਤਾ ਦੀ ਕਲਾ ਵਰਤਾਉਂਦਾ ਰਿਹਾ ਹੈ। ਉਥੇ ਗਰਭ ਅੰਦਰ ਵਾਹਿਗੁਰੂ ਨਾਮ ਦਾ ਦੀਖ਼ਸ਼ ਅਤੇ ਲਖਾਵਣਹਾਰਾ ਕੇਵਲ ਵਾਹਿਗੁਰੂ ਹੀ ਗੁਰੂ ਸਰੂਪਤਾ ਅਖ਼ਤਿਆਰ ਕਰਦਾ ਰਿਹਾ ਹੈ। ਗਰਭ ਜੋਨ ਤੋਂ ਬਾਹਰ ਆਏ ਜੀਵਾਂ ਨੂੰ, ਸਰਬੱਤ੍ਰ ਹੀ ਮਨੁੱਖ ਸ਼ਰੇਣੀ ਪ੍ਰਤਿਪਾਲਣਹਾਰਾ ਪ੍ਰਮਾਰਥ ਬਿਵਸਥਾ ਵਿਚ ਜੀਵਾਲਨਹਾਰਾ ਕਉਤਕ ਭੀ ਟਾਵੀਂ ਟਾਵੀਂ ਹਾਲਤ ਵਿਚ ਵਾਹਿਗੁਰੂ ਖ਼ੁਦ ਨਿਜ ਆਵੱਸ਼ਕਤਾ ਦੁਆਰਾ ਵਰਤਾਉਂਦਾ ਹੈ। ਸਰਬੱਤ੍ਰ ਮਨੁਖ ਸ਼੍ਰੇਣੀ ਨੂੰ ਸੱਚੇ ਸੁਮਾਰਗੀ ਗੁਰਮਤਿ ਮਾਰਗ ਉਤੇ ਚਲਾਉਣਹਾਰਾ ਕੇਵਲ ਗੁਰੂ ਨਾਨਕ ਹੀ ਆਪਣੇ ਦਸੇ ਗੁਰੂ ਜਾਮੇ ਸਰੂਪਾਂ ਵਿੱਚ ਹੋਇਆ ਹੈ। ਜੁਗਾਂ ਜੁਗਾਂਤਰਾਂ ਅੰਦਰ ਸੱਚੇ ਗੁਰੂ ਬਿਨਾਂ ਗਤੀ ਕਿਸੇ ਦੀ ਭੀ ਨਹੀਂ ਹੋਈ। ਕੇਵਲ ਗੁਰੂ ਦੀ ਸ਼ਰਨ ਆਇਆਂ ਹੀ ਸਾਰੇ ਜੁਗਾਂ ਦਾ ਨਿਸਤਾਰਾ ਹੋਇਆ ਹੈ ਅਤੇ ਹੁੰਦਾ ਰਹੇਗਾ। ਸ੍ਰੀ ਗੁਰੂ ਦਸਮੇਸ਼ ਜੀ ਨੇ ਇਸ ਕਰਕੇ ਹੀ ਇਹ ਸ਼੍ਰੀ ਮੁਖਵਾਕ ਉਚਾਰਨ ਕੀਤਾ ਹੈ -



www.AKJ.Org

ਆਦਿ ਅੰਤਿ ਏਕੈ ਅਵਤਾਰਾ॥
ਸੋਈ ਗੁਰੂ ਸਮਝਿਯਹੁ ਹਮਾਰਾ ॥੯॥

(ਕਬਿਯੋ ਬਾਚ ਬੇਨਤੀ ॥ਚੌਪਈ॥)

ਗੁਰੂ ਵਾਹਿਗੁਰੂ ਦਾ ਇੱਕ ਸਰੂਪ ਹੋਣ ਕਰਕੇ ਨਿਸਤਾਰਕ ਕਲਾ ਕੇਵਲ ਗੁਰੂ ਦੀ ਮਹੱਤਤਾ ਵਿੱਚ ਹੀ ਵਿਦਮਾਨ ਹੈ। ਆਨਮਤੀ ਜਗ ਆਮ ਤੌਰ ਤੇ ਸਦੀਵ-ਕਾਲ ਹੀ ਗੁਰੂ ਦੀ ਇਸ ਓਤਿ-ਪੋਤਿ ਕਲਾ ਤੋਂ ਘੁੱਥਾ ਅਤੇ ਸੱਖਣਾ ਹੀ ਰਿਹਾ ਹੈ। ਜਿਨ੍ਹਾਂ ਜੀਵਾਂ ਦੇ ਪੋਤੇ ਪੁੰਨ ਪੂਰਬ ਲਿਖਤ ਦੁਆਰਾ ਪ੍ਰਗਟ ਹੋਏ ਹਨ, ਤਿਨ੍ਹਾਂ ਨੂੰ ਹੀ ਇਸ ਮਹੱਤਤਾ ਦੀ ਅਮਰ ਕਲਾ ਵਰੋਸਾਈ ਹੈ। ਜਦ ਤਾਈਂ ਆਮ ਸੰਸਾਰੀ ਲੋਗ ਗੁਰੂ ਦੀ ਸ਼ਰਨ ਨਹੀਂ ਆਉਂਦੇ, ਉਦੋਂ ਤਾਈਂ ਉਹਨਾਂ ਦਾ ਨਿਸਤਾਰਾ ਹਰਗਿਜ਼ ਹਰਗਿਜ਼ ਨਹੀਂ ਹੁੰਦਾ।

ਗੁਰੂ-ਜੋਤਿ-ਜਾਮਿਆਂ ਵਾਲੇ ਪਰਤੱਖ ਦੀਦਾਰ ਦਰਸ਼ਨਾਂ ਦੀ ਉਦਾਰਤਾ (ਨਦਰਤਾ) ਵੀ ਕੇਵਲ ਗੁਰਮੁਖਿ ਗੁਰੂ ਦੇ ਦੀਖਿਅਤ ਗੁਰਸਿਖਾਂ ਉਪਰ ਹੀ ਹੁੰਦੀ ਹੈ। ਜਿਨ੍ਹਾਂ ਗੁਰਮੁਖਿ ਜਨਾਂ ਨੂੰ ਜਿਸ ਜਿਸ-ਗੁਰਮੁਖ-ਜੋਤਿ-ਜਾਮੇ ਦੀ ਦਰਸ਼ਨ ਅਕਾਂਖਿਆ ਪੂਰਨ ਪ੍ਰਬਲਤਾ ਸਹਿਤ ਉਤਪੰਨ ਹੁੰਦੀ ਹੈ, ਸੋ ਤਿਸੇ ਗੁਰੂ-ਜੋਤਿ-ਜਾਮੇ ਦੇ ਪਰਤੱਖ ਦਰਸ਼ਨ ਉਸਨੂੰ ਅਵੱਸ਼ ਹੋ ਕੇ ਰਹਿੰਦੇ ਹਨ। ਮਤ ਜਾਣੋ ਕਿ ਗੁਰੂ ਨਾਨਕ ਆਦਿ ਦਸੇ ਗੁਰੂ-ਜੋਤਿ-ਜਾਮੇ ਦੇਹਧਾਰੀ ਜੋਤੀਆਂ ਦੇ ਅਲੋਪ ਹੋਣ ਕਰਕੇ ਦਰਸ਼ਨ ਦੇਣੋ ਰਹਿਤ ਹੋ ਗਏ। ਸਤਿਗੁਰੂ ਦੀ ਜੋਤਿ-ਕਲਾ ਸਦਾ ਹੀ ਵਰਤਦੀ ਰਹਿੰਦੀ ਹੈ -

ਸਤਿਗੁਰੁ ਮੇਰਾ ਸਦਾ ਸਦਾ ਨਾ ਆਵੈ ਨਾ ਜਾਇ॥
ਓਹੁ ਅਬਿਨਾਸੀ ਪੁਰਖੁ ਹੈ ਸਭ ਮਹਿ ਰਹਿਆ ਸਮਾਇ॥

(ਸੂਹੀ ਮ: ੪ ਅਸ਼ਟ:, ਪੰਨਾ ੭੫੯)

ਗੁਰਵਾਕ ਦੇ ਭਾਵ ਅਨੁਸਾਰ ਗੁਰੂ ਨਾਨਕ ਆਦਿ ਦਸੇ ਗੁਰੂ-ਜੋਤਿ-ਜਾਮਿਆਂ ਦੇ ਸਰੂਪ ਕਮਾਈ ਵਾਲੇ ਗੁਰਮੁਖਿ ਜਨਾਂ ਦੀ ਦਿਬ ਦ੍ਰਿਸ਼ਟੀ ਵਿਚ ਸਦਾ ਹੀ ਮੌਜੂਦ ਰਹਿੰਦੇ ਹਨ, ਜਿਨ੍ਹਾਂ ਦੀ ਪ੍ਰਬਲ ਇਛਿਆ ਦੇ ਪ੍ਰੇਰੇ ਹੋਏ ਉਹ ਗੁਰੂ-ਜੋਤਿ-ਜਾਮੇ ਪਰਗਟ ਪਹਾਰੇ ਭੀ ਆਸਕਾਰ ਹੋਇ ਆਵੰਦੇ ਹਨ, ਕਿਉਂਕਿ ਦੇਹ ਕਰਕੇ ਹੀ ਗੁਰੂ-ਜੋਤਿ-ਜਾਮੇ ਦੀ ਹਸਤੀ ਨਹੀਂ, ਬਲਕਿ ਦਿਬ ਸਰੂਪਤਾ ਦੀ ਵਿਲੱਖਣ ਦੇਹ ਤਾਂ ਨਿਰਾਲੀ ਹੀ ਝਲਕਾਂ ਮਾਰਦੀ ਰਹਿੰਦੀ ਹੈ। ਦੱਸੋ ਹੀ ਗੁਰੂ ਜਾਮਿਆਂ ਦੀ ਵਿਲੱਖਣ ਨਿਰਾਲਤਾ ਪ੍ਰਤੱਖੋਂ ਪਰਤੱਖ ਸਪੱਸ਼ਟ ਨਜ਼ਾਰੇ ਝਲਕਾਰੇ ਦਿੱਬ ਦੀਦਾਰੇ-ਦਿਖਾਉਂਦੀ ਰਹਿੰਦੀ ਹੈ। ਵਾਹਿਗੁਰੂ ਅਤੇ ਗੁਰੂ ਦਾ ਗੁਰੱਤਤ ਸਰੂਪ ਸਾਂਝਾ ਭੀ ਹੈ ਅਤੇ ਵਿਲੱਖਣ ਭੀ ਹੈ; ਭਿੰਨ ਭਿੰਨ ਆਭਾ ਮਾਰਦਾ ਹੈ, ਪ੍ਰੰਤੂ ਵਖਰੀ ਅਭਿੰਨਤਾ ਵਿੱਚ ਭੀ ਘੁਲ ਮਿਲ ਘਿੱਚ ਦਿਸ ਆਉਂਦਾ ਹੈ। ਕੇਵਲ ਦਿਬ ਦ੍ਰਿਸ਼ਟੀ ਵਾਲੇ ਗੁਰਮੁਖਿ ਜਨਾਂ ਨੂੰ ਹੀ ਦਿਸ ਆਉਂਦਾ ਹੈ। ਇਸ ਵਿਚ ਰੰਚਕ ਸੰਦੇਹ ਨਹੀਂ ਕਿ ਇਹ ਦਿੱਬ ਦਰਸ਼ਨ ਕਿਸੇ ਹਾਲਤ ਵਿਚ ਭੀ ਸਰਗੁਣ ਸਰੂਪ ਦਰਸ਼ਨ ਨਹੀਂ ਕਹਾ ਸਕਦੇ। ਇਹ ਦਰਸ਼ਨ ਤਾਂ ਸਦਾ ਹੀ ਨਿਰਗੁਣ ਜੋਤਿ ਦਿੱਬਤਾ ਵਾਲੇ ਹਨ ਅਤੇ ਕਦੇ ਨਾ ਨਾਸ਼ ਹੋਣ ਵਾਲੇ ਅਬਿਨਾਸ਼ੀ ਹੀ ਰਹਿੰਦੇ ਹਨ। ਇਹ ਦਿੱਬ ਦਰਸ਼ਨਾਂ ਦਾ ਅਬਿਨਾਸ਼ੀ ਸਰੂਪ ਵਾਸਤਵ ਵਿਚ ਸਾਰੇ ਹੀ ਮਾਨੁਖ ਘਟਾ ਵਿਚ ਸਮਾਇਆ ਰਹਿੰਦਾ ਹੈ, ਪਰ ਇਸ ਸਰੂਪ ਨੂੰ ਵਿਰਲੇ ਹੀ ਵਰੋਸਾਏ ਹੋਏ ਗੁਰਮੁਖਿ ਜਨ ਪਰਤੱਖ ਲਖਦੇ ਹਨ।

('ਗੁਰਮਤਿ ਗੌਰਵਤਾ' ਵਿੱਚੋਂ)

## ਗੁਰੂ ਕਾ ਲੰਗਰ

ਨਾਮ ਬਾਣੀ ਦੇ ਸੁਰਾਂ ਨਾਲ ਸਿੰਜਿਆ ਹੋਇਆ ਪ੍ਰਸ਼ਾਦਾ ਰਸੀਲਾ ਹੋ ਜਾਂਦਾ ਹੈ। ਅੱਗੋਂ ਸ੍ਵਾਸ ਸ੍ਵਾਸ ਨਾਮ ਜਪਦੇ ਹੋਏ, ਗੁਰੂ ਚਰਨਾਂ ਤੋਂ ਵਾਰੀ ਬਲਿਹਾਰੀ ਜਾਣ ਵਾਲੇ, ਜਦੋਂ ਪ੍ਰਸ਼ਾਦੇ ਦੀਆਂ ਬੁਰਕੀਆਂ ਚਬਾਉਂਦਿਆਂ ਅਤੇ ਗਲਿਓਂ ਅੰਦਰ ਲੰਘਾਉਂਦਿਆਂ ਅੰਤਰ ਆਤਮੇ "ਵਾਹਿਗੁਰੂ....ਵਾਹਿਗੁਰੂ" ਉਚਾਰਦੇ ਹਨ ਤਾਂ ਨਾਮ-ਰਸ ਦੀਆਂ ਧਾਰਾਂ ਵਗਦੀਆਂ ਹਨ, ਲਹੂ ਵਿੱਚ ਨਾਮ ਰਸ ਘੁਲ ਜਾਂਦਾ ਹੈ। ਨਾਮ-ਬਾਣੀ ਦੀ ਲੋਅ ਵਿੱਚ ਰੰਗਿਆਂ ਹੱਥੋਂ ਪ੍ਰਸ਼ਾਦਾ ਛਕਣ ਵਾਲੇ ਜਿਉੜਿਆਂ ਵਿੱਚੋਂ ਵੀ ਨਾਮ ਦੀ ਲੋਅ ਦੀਆਂ ਕਨਸੋਆਂ ਆਉਣ ਲੱਗ ਪੈਂਦੀਆਂ ਹਨ।

ਪਰ ਜਿੱਥੇ ਇੱਧਰ ਓਧਰ ਦੀਆਂ ਗੱਲਾਂ ਕਰ ਕੇ ਨਾਮ ਬਾਣੀ ਤੋਂ ਸੱਖਣੇ ਰਹਿ ਕੇ ਲੰਗਰ ਤਿਆਰ ਕੀਤਾ ਜਾਂਦਾ ਹੈ ਉਸ ਨੂੰ ਗੁਰੂ ਕਾ ਲੰਗਰ ਨਹੀਂ ਸਿਰਫ ਢਿੱਡ ਭਰਨ ਲਈ ਭੋਜਨ ਹੀ ਕਿਹਾ ਜਾਣਾ ਚਾਹੀਦਾ ਹੈ। ਲੰਗਰ ਦੀ ਸੇਵਾ ਕਰਦਿਆਂ ਬੁਰੇ ਵਿਚਾਰਾਂ, ਵਿਕਾਰਾਂ ਅਤੇ ਕਲਹ-ਕਲੇਸ਼ ਦੀਆਂ ਗੱਲਾਂ ਨਾਲ ਲੰਗਰ ਜੂਠਾ ਹੋ ਜਾਂਦਾ ਹੈ। ਇਸ ਜੂਠ ਦਾ ਪ੍ਰਹੇਜ਼ ਕਰਨਾ ਬਹੁਤ ਜ਼ਰੂਰੀ ਹੈ।

(ਅਲੌਕਿਕ ਝਲਕਾਂ ਵਿੱਚੋਂ)



www.AKJ.Org

# ਪ੍ਰਸ਼ਨ ਉੱਤਰ

(ਪ੍ਰਿੰਸੀਪਲ ਮਿਹਰ ਸਿੰਘ ਜੀ)

ਪ੍ਰਸ਼ਨ ੧ : ਜੇਹੜਾ ਕਹੇ, ਕਿ ਮੈਂ ਵਾਹਿਗੁਰੂ ਦੀ ਹੋਂਦ ਨੂੰ ਨਹੀਂ ਮੰਨਦਾ, ਉਸ ਵਾਸਤੇ ਸਾਡੇ ਕੋਲ ਕੀ ਜਵਾਬ ਹੈ?

ਉਤਰ : ਮਨੁੱਖ ਵਿਚ ਕੁਦਰਤੀ ਤੌਰ ਤੇ ਤਿੰਨ ਵੱਡੀਆਂ ਪ੍ਰਬਲ ਖਾਹਸ਼ਾਂ ਹੁੰਦੀਆ ਹਨ ਉਹ ਇਹ ਹਨ –

(੧) ਉਹ ਚਾਹੁੰਦਾ ਹੈ ਕਿ ਮੈਂ ਸਦਾ ਲਈ ਜ਼ਿੰਦਾ ਰਹਾਂ, ਕਦੀ ਵੀ ਨ ਮਰਾਂ ਅਰਥਾਤ "ਅਮਰ" ਰਹਾਂ ਅਤੇ ਇਹੀ ਇਕ ਸਭ ਤੋਂ ਜ਼ਬਰਦਸਤ ਖਾਹਸ਼ ਉਸ ਅੰਦਰ ਹੁੰਦੀ ਹੈ ਅਤੇ ਇਹ ਉਸਦੇ ਦਿਮਾਗ਼ ਵਿਚੋਂ ਨਹੀਂ ਨਿਕਲਦੀ। ਭਾਵੇਂ ਉਹ ਜਾਣਦਾ ਹੈ ਕਿ ਉਸਨੇ ਕੁਦਰਤੀ ਅਸੂਲ ਦੇ ਮੁਤਾਬਕ ਮਰਨਾ ਜ਼ਰੂਰ ਹੈ। ਇਹ "ਸਤਿ" ਹੈ। ਮਨੁਖ ਦੀ ਇਹ ਖਾਹਿਸ਼ ਉਸ ਵਾਹਿਗੁਰੂ ਦੇ ਵੱਡੇ ਗੁਣ ਨੂੰ ਪ੍ਰਗਟ ਕਰਦੀ ਹੈ ਜਿਸ ਦਾ ਨਾਮ "ਸਤਿ" ਹੈ। ਵਾਹਿਗੁਰੂ ਦਾ ਇਹ ਵੱਡਾ ਗੁਣ ਹੈ ਅਤੇ ਇਸੇ ਗੁਣ ਦਾ ਇਕ ਹਿੱਸਾ ਮੰਨੁਖ ਵਿਚ ਮੌਜੂਦ ਹੋਣ ਦਾ ਸਬੂਤ ਇਹੀ ਹੈ ਕਿ ਉਹ ਐਸਾ ਸੋਚਦਾ ਹੈ। ਚੂੰਕਿ ਮਨੁੱਖ ਵਾਹਿਗੁਰੂ ਦੀ ਅੰਸ਼, ਔਲਾਦ ਹੈ, ਇਸ ਵਾਸਤੇ ਇਸ ਦੀ ਸੋਚ ਬਾਪ ਜੈਸੀ ਹੈ।

(੨) ਮਨੁੱਖ ਸੋਚਦਾ ਹੈ ਕਿ ਮੈਂ ਗਿਆਨ-ਵਾਨ ਬਣਾਂ। ਇਕ ਸਾਧਾਰਨ ਆਦਮੀ ਇਹ ਵੀ ਜਾਣਦਾ ਹੈ ਕਿ ਮੈਂ ਅਨਪੜ੍ਹ ਹੋਣ ਦੀ ਹਾਲਤ ਵਿਚ ਬਹੁਤ ਲੋਕਾਂ ਨਾਲੋਂ ਦਿਮਾਗੀ ਰੂਪ ਵਿਚ ਕਮਜ਼ੋਰ ਹਾਂ ਅਤੇ ਮੈਂ ਸਮਝ ਵੀ ਇਤਨੀ ਨਹੀਂ ਰੱਖਦਾ ਕਿ ਸਾਰਿਆਂ ਦੇ ਸਾਹਮਣੇ ਆਪਣਾ ਪਰਭਾਉ ਜਮਾ ਸਕਾਂ। ਮਨੁੱਖ ਦੀ ਐਸਾ ਸੋਚਣ ਦੀ ਆਦਤ ਨੂੰ ਅਸੀਂ "ਚਿਤ" ਕਹਿੰਦੇ ਹਾਂ। ਸੋ ਇਹ ਵੀ ਪ੍ਰਮਾਤਮਾ ਦਾ ਇਕ ਵੱਡਾ ਗੁਣ ਹੈ ਜਿਹੜਾ ਮਨੁੱਖ ਵਿਚ ਮੌਜੂਦ ਹੈ।

(੩) ਫਿਰ ਮਨੁੱਖ ਸੁੱਖ ਚਾਹੁੰਦਾ ਹੈ ਅਤੇ ਹੱਦ ਤੋਂ ਜ਼ਿਆਦਾ ਦਰਜੇ ਦਾ ਸੁੱਖ ਮੰਗਦਾ ਹੈ ਜਿਵੇਂ ਧਨ ਦਾ ਸੁੱਖ, ਔਲਾਦ ਦਾ ਸੁੱਖ, ਇਜ਼ਤ ਦਾ ਸੁੱਖ ਤੇ ਹੋਰ ਕਈ ਪ੍ਰਕਾਰ ਦਾ ਸੁੱਖ ਮੰਗਦਾ ਮੰਗਦਾ ਨਹੀਂ ਥਕਦਾ। ਇਹ "ਆਨੰਦ" ਚਾਹੁੰਦਾ ਹੈ ਜੇਹੜੀ ਕਿ ਸੁੱਖ ਦੀ ਉੱਚੀ ਤੋਂ ਉੱਚੀ ਸਟੇਜ ਹੈ। ਮਨੁੱਖ ਦੇ ਇਸ ਗੁਣ ਨੂੰ ਜੇਹੜਾ ਕਿ ਇਸਦੀ ਸੋਚ ਨੂੰ ਇਸ ਪਾਸੇ ਲੈ ਜਾਂਦਾ ਹੈ, ਅਸੀਂ "ਆਨੰਦ" ਕਹਿੰਦੇ ਹਾਂ।

ਵਾਹਿਗੁਰੂ ਦੇ ਤਿੰਨ ਵੱਡੇ ਗੁਣ ਇਹ ਹਨ ਕਿ ਉਹ "ਸਤਿ, ਚਿਤ, ਆਨੰਦ ਸਰੂਪ" ਹੈ। ਇਸ ਵਾਸਤੇ ਜੇ ਮਨੁੱਖ ਵਾਹਿਗੁਰੂ ਦੀ ਔਲਾਦ ਨਹੀਂ ਹੈ ਤਾਂ ਫਿਰ ਮਨੁੱਖ ਕਿਉਂ ਐਸਾ ਸੋਚਦਾ ਹੈ? ਸਪਸ਼ਟ ਹੈ ਕਿ ਪਰਮ ਪਿਤਾ ਦੇ ਤਿੰਨ ਵੱਡੇ ਗੁਣਾਂ ਦੀ ਮਨੁੱਖ ਅੰਦਰ ਮੌਜੂਦਗੀ ਹੋਣਾ ਹੀ ਵਾਹਿਗੁਰੂ ਦੀ ਹੋਂਦ ਦਾ ਵੱਡਾ ਸਬੂਤ ਹੈ।

ਪ੍ਰਸ਼ਨ ੨ : ਬੱਚਾ, ਮਾਂ ਦੇ ਪੇਟ ਵਿੱਚ ਸਿ..ਰਨ ਕਿਵੇਂ ਕਰਦਾ ਹੈ?

ਉਤਰ : ਮਾਂ ਦੇ ਪੇਟ ਅੰਦਰ ਬੱਚੇ ਦਾ ਸਿਮਰਨ "ਸੁਰਤ" ਨਾਲ ਹੁੰਦਾ ਹੈ। ਉਸ ਵੇਲੇ ਬੱਚੇ ਦੀ "ਬੁੱਧੀ" ਉੱਪਰਮੁਖੀ ਹੁੰਦੀ ਹੈ ਅਤੇ ਦੁਨੀਆਂ ਦੇ ਵਾਤਾਵਰਨ ਅਰਥਾਤ "ਮਾਇਆ" ਤੋਂ ਬੇਅਸਰ ਹੁੰਦੀ ਹੈ ਸੋ ਇਸ ਹਾਲਤ ਵਿਚ ਬੱਚੇ ਦੀ ਸੁਰਤ ਪ੍ਰਧਾਨ ਹੋਣ ਕਰਕੇ ਉਹ ਹਰ ਵੇਲੇ ਦਾਤਾਰ ਸਿਰਜਨਹਾਰ ਦਾ ਹੀ ਸਿਮਰਨ ਕਰਦਾ ਹੈ ਅਤੇ ਉਸ ਦੀ ਭਾਸ਼ਾ ਕੋਈ ਨਹੀਂ ਹੁੰਦੀ। ਬੱਚਾ ਦੁਨੀਆਂ ਵਿਚ ਆ ਕੇ ਫਿਰ ਕਿਸੇ ਨ ਕਿਸੇ ਭਾਸ਼ਾ ਦੇ ਸਹਾਰੇ ਉਸ ਸਿਰਜਨਹਾਰ ਦਾ ਸਿਮਰਨ ਸ਼ੁਰੂ ਕਰਕੇ ਮਾਤਾ ਦੇ ਗਰਭ ਵਾਲੇ ਸਿਮਰਨ ਨੂੰ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਦਾ ਹੈ। ਜੇ ਮਨੁੱਖ ਦੇ ਭਾਗ ਚੰਗੇ ਹੋਣ ਤਾਂ ਉਸਦਾ (mental body) ਮਾਨਸਿਕ ਸਰੀਰ ਉਸ ਦੇ (Physical ਤੇ spirtual bodies) ਸਰੀਰਕ ਤੇ ਆਤਮਿਕ ਸਰੀਰਾਂ ਨੂੰ ਜੋੜ ਦੇਵੇ। ਇਹੀ ਉਸਦੇ ਪੂਰਬਲੇ ਕਰਮਾਂ ਦੇ ਅੰਕੁਰ ਫੁੱਟਣ ਦਾ ਸਬੂਤ ਹੈ ਜਿਸ ਨਾਲ ਕਿ ਫਿਰ ਉਹ ਉਸ ਦਾਤੇ ਦੀ ਦਰਗਾਹ ਵਿਚ ਕਬੂਲੀਅਤ ਹਾਸਲ ਕਰ ਸਕਦਾ ਹੈ। ਐਸੇ ਮਨੁਖ ਧੰਨਤਾ ਯੋਗ ਹਨ।

ਪ੍ਰਸ਼ਨ ੩ : ਉਪਦੇਸ਼ ਕਰਨ ਯਾ ਮੰਤਰ ਦੇਣ ਦਾ ਅਧਿਕਾਰ ਕਿਸ ਨੂੰ ਹੈ?

ਉਤਰ : ਐਸਾ ਅਧਿਕਾਰ ਕੇਵਲ ਸਿਧ ਪੁਰਸ਼ ਨੂੰ ਹੀ ਹੈ ਜਿਸਨੇ ਆਪਣੇ ਆਪ ਨੂੰ ਆਪਣੇ "ਧੇਯ" ਦੇ ਨਾਲ ਇਕ-ਜੋਤ ਬਣਾ ਲਿਆ ਹੋਵੇ, ਹੋਰ ਕਿਸੇ ਦੂਸਰੇ ਨੂੰ ਹੱਕ ਨਹੀਂ ਹੈ। ਦੂਸਰਾ ਕੇਵਲ ਮਾਨਸਿਕ ਰੂਪ ਵਿੱਚ (discuss) ਵਿਚਾਰ ਵਟਾਂਦਰਾ ਹੀ ਕਰ ਸਕਦਾ ਹੈ। ਇਸ ਵਾਸਤੇ ਜੋ ਗੁਰਸਿਖ ਯਾ ਕੁਝ ਕੁ ਉੱਚੀ ਆਤਮਕ ਦਸ਼ਾ ਵਾਲੇ ਹੋਰ ਸੱਜਣ ਇਹ ਕੋਸ਼ਿਸ਼ ਕਰਦੇ ਹਨ ਕਿ ਗੁਰੂ ਸਾਹਿਬਾਨ ਦੇ ਹੁਕਮਾਂ ਦਾ (substance) ਸਾਰਾਂਸ਼ ਦੱਸਕੇ ਉਸ ਵਿਚ ਆਪਣੀ ਚਤੁਰਾਈ ਦੀ ਕੜਛੀ ਫੇਰਨ, ਇਹ ਗੱਲ ਗਲਤ ਹੈ। ਉਹ ਅਸਲ ਵਿਚ ਇਸ ਕਿਸਮ



www.AKJ.Org

ਦੇ ਅਹੰਕਾਰ ਵਿਚ ਫਸੇ ਹੋਏ ਹੁੰਦੇ ਹਨ ਤੇ ਫਸੇ ਰਹਿੰਦੇ ਹਨ ਜੇਹੜਾ ਕਿ ਜ਼ਹਿਰ ਦੀ ਖੰਡ ਵਿਚ ਲਪੇਟੀ ਹੋਈ ਗੋਲੀ ਦੀ ਤਰ੍ਹਾਂ ਹੁੰਦਾ ਹੈ, ਜਿਸਨੂੰ ਉਹ ਮਿੱਠਾ ਸਮਝ ਕੇ ਚੂਸਦੇ ਜਾਂਦੇ ਹਨ ਪ੍ਰੰਤੂ ਜ਼ਹਿਰ ਦੇ ਘਾਤਕ ਅਸਰ ਨਾਲ ਅੰਤ ਵਿਚ ਉਹ ਖਤਮ ਹੋ ਜਾਂਦੇ ਹਨ। ਸੋ ਗੁਰਸਿਖੋ! ਧੋਖੇਬਾਜ਼ਾਂ ਤੇ ਪਾਖੰਡੀਆਂ ਤੋਂ ਬਚੋ। ਜੁਗੋ ਜੁਗ ਅਟੱਲ ਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਪੂਰਾ ਵਿਸ਼ਵਾਸ ਰੱਖੋ। ਜੋ ਕੁਝ ਆਪ ਨੂੰ ਪ੍ਰਾਪਤ ਹੋਵੇਗਾ ਇਥੋਂ ਹੀ ਹੋਵੇਗਾ ਤੇ ਜ਼ਰੂਰ ਹੋਵੇਗਾ।

ਗੁਰੂ-ਮਰਯਾਦਾ ਅਨੁਸਾਰ ਗੁਰ-ਮੰਤਰ ਦੇਣ ਦਾ ਹੱਕ ਇਸ ਸਮੇਂ ਕੇਵਲ ਪੰਜਾਂ-ਪਿਆਰਿਆਂ ਨੂੰ ਹੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਹੈ ਹੋਰ ਕਿਸੇ ਸੰਤ, ਮਹਾਤਮਾ ਯਾ ਭਗਤ ਨੂੰ ਨਹੀਂ। ਐਸਾ ਕਰਨਾ ਗੁਰਮਤਿ ਦੇ ਵਿਰੁੱਧ ਹੈ।

ਪ੍ਰਸ਼ਨ ੪ : "ਗੁਰ ਗੋਵਿੰਦ, ਗੋਵਿੰਦ ਗੁਰੂ ਹੈ, ਨਾਨਕ ਭੇਦੁ ਨ ਭਾਈ" ਦੇ ਅਰਥ ਕੀ ਹਨ?

ਉੱਤਰ : (੧) ਗੁਰ (ਵਾਹਿਗੁਰੂ)



(੨) ਗੋਬਿੰਦ (੩) ਗੁਰੂ

(ਬ੍ਰਹਮ ਗਿਆਨੀ) (ਮੰਤਰ ਦੇਣ ਵਾਲਾ ਗੁਰੂ)

ਉਪਰਲੀ ਤਿਕੋਨ ਨੂੰ ਧਿਆਨ ਨਾਲ ਦੇਖਣ ਤੇ ਐਸਾ ਵਿਚਾਰਿਆ ਗਿਆ ਹੈ ਕਿ ਗੁਰ ਭਾਵ ਵਾਹਿਗੁਰੂ ਤੋਂ ਹੈ।

ਗੋਬਿੰਦ ਪਦ ਦਾ ਅਰਥ ਇਉਂ ਹੈ 'ਗੋ'=ਗਿਆਨ, ਵਿੰਦ=ਉਹ ਅਸਥਾਨ ਜਿਥੇ 'ਸ਼ਿਵ, ਤੇ 'ਸ਼ਕਤੀ' ਮਿਲਦੇ ਹਨ ਜੇਹੜਾ ਕਿ ਬਿੰਦੀ, ਬਿੰਦ ਯਾ Zero point ਹੈ। ਇਸ ਵਾਸਤੇ "ਗੋਬਿੰਦ" ਦਾ ਭਾਵ ਸ਼ਿਵ ਤੇ ਸ਼ਕਤੀ ਦੇ ਮਿਲਨ ਅਸਥਾਨ ਦੇ ਗਿਆਨ ਤੋਂ ਹੈ, ਅਰਥਾਤ "ਬ੍ਰਹਮ ਗਿਆਨ" ਤੋਂ ਹੈ। ਸੋ ਗੁਰ, ਗੋਵਿੰਦ ਤੇ ਗੁਰੂ ਦੀ ਇਕ triangle ਤਿਕੋਨ ਹੈ ਜਿਸ ਵਿਚ ਤਿੰਨਾਂ ਦਾ ਕੋਈ ਭਿੰਨ ਭੇਦ ਨਹੀਂ। ਜੈਸਾ ਕਿ ਗੁਰਬਾਣੀ ਕਹਿੰਦੀ ਹੈ ਕਿ ਤਿੰਨੇ ਇਕ ਬਰਾਬਰ ਤੇ ਇਕ ਸਮਾਨ ਹਨ "ਨਾਨਕ ਬ੍ਰਹਮ ਗਿਆਨੀ ਆਪ ਪ੍ਰਮੇਸਰ॥" (ਸੁਖਮਨੀ ਸਾਹਿਬ) ਤਿੰਨਾਂ ਦੀ ਅਭੇਦਤਾ ਦਾ ਪਰਤੱਖ ਪਰਮਾਣ ਹੈ।

ਪ੍ਰਸ਼ਨ ੫ : ਗੁਰਸਿੱਖ ਨੂੰ ਗਿਰਾਵਟ ਵੀ ਆਉਂਦੀ ਹੈ। ਇਸ ਵਿਚ ਕੀ ਭੇਦ ਹੈ ਜੋ ਆਮ ਸਿੱਖ ਨਹੀਂ ਸਮਝ ਸਕਦੇ?

ਉਤਰ : ਵਿਚਾਰ ਨੇ ਦਸਿਆ ਹੈ ਕਿ ਗੁਰਸਿੱਖ ਨੂੰ ਗਿਰਾਵਟ ਆਉਣਾ ਇਕ ਖਾਸ ਭੇਦ ਰਖਦਾ ਹੈ ਜਿਸਨੂੰ ਭਲੇ ਹੀ ਅਸੀਂ ਆਪਣੀ ਤੁਛ ਬੁੱਧੀ ਅਨੁਸਾਰ ਖਰਾਬ ਸਮਝੀਏ। ਪਰ ਇਹ ਸਭ ਕੁਝ ਠੀਕ ਹੈ ਜੋ ਦਾਤਾ ਕਰਦਾ ਹੈ ਕਿਉਂ ਜੋ :

ਸਾਡੀ (personality) ਵਿਯਕਤਿਤਵ ਦੋ ਪ੍ਰਕਾਰ ਦੀ ਹੈ, ਇਕ ਦ੍ਰਿਸ਼ਟ ਤੇ ਦੂਜੀ ਅਦ੍ਰਿਸ਼ਟ। ਅਦ੍ਰਿਸ਼ਟ ਉਹ ਹੈ ਜੋ ਸਾਡੇ ਪੂਰਬਲੇ ਕਰਮਾਂ ਨਾਲ ਬਣੀ ਹੈ ਤੇ ਦ੍ਰਿਸ਼ਟ ਉਹ ਹੈ ਜੋ ਸਾਡੇ ਹੁਣ ਦੇ ਦ੍ਰਿਸ਼ਟੀ ਗੋਚਰ ਕਰਮਾਂ ਵਾਲੀ ਹੈ। ਜਦੋਂ ਅਸੀਂ ਸਿਮਰਨ ਯਾ ਬਾਣੀ ਆਦਿ ਵਿਚ ਲਗ ਜਾਂਦੇ ਹਾਂ ਸਾਡੇ ਕਰਮਾਂ ਦਾ ਅੰਕੁਰ ਫੁਟਿਆ ਹੋਇਆ ਹੁੰਦਾ ਹੈ। ਫੁੱਟਣ ਤੋਂ ਮਗਰੋ ਉਸਦੇ ਵੱਡੇ ਹੋਣ ਦਾ ਇਹੀ ਸਬੂਤ ਹੈ ਕਿ ਸਾਡਾ ਸੁਭਾਅ ਬਦਲਦਾ ਜਾਂਦਾ ਹੈ। ਉਸ ਬੂਟੇ ਦਾ ਫਲ ਅਸੀਂ ਉਦੋਂ ਲੈਂਦੇ ਹਾਂ ਜਦੋਂ ਸਾਡੀ ਬਿਰਤੀ ਬਹੁਤ ਹੀ ਸਾਫ਼ ਹੋ ਜਾਂਦੀ ਹੈ। ਪਰ ਹੁਣ ਇਹ ਸਵਾਲ ਪੈਂਦਾ ਹੁੰਦਾ ਹੈ ਕਿ ਇਹ ਕੁਝ ਕਰਦਿਆਂ ਹੋਇਆਂ ਸਾਨੂੰ ਗਿਰਾਵਟ ਕਿਉਂ? ਉਸਦਾ ਕਾਰਨ ਤਾਂ ਦਾਤਾ ਹੀ ਜਾਣੇ ਕਿ ਸਾਡੇ ਲਈ ਕਿਸ ਕਿਸਮ ਦਾ ਇਲਾਜ, ਸਾਡੀ ਸ਼ੁਧਤਾ ਲਈ ਉਸਨੇ ਸੋਚ ਰਖਿਆ ਹੈ ਜੇਹੜਾ ਕਿ ਹਕੀਮ ਦੀ ਕੌੜੀ ਦਵਾਈ ਵਾਂਗੂ ਜ਼ਰੂਰ ਸਾਡੇ ਲਾਭ ਲਈ ਹੀ ਹੁੰਦਾ ਹੈ। ਪਰ ਦੂਜਾ ਕਾਰਨ ਇਹ ਹੈ ਕਿ ਚੂੰਕਿ ਸਾਡੀ (personality) ਦ੍ਰਿਸ਼ਟ ਤੇ ਅਦ੍ਰਿਸ਼ਟ ਵਿਚ ਅਸਾਂ ਕੁਝ ਕੀਤੇ ਹੋਏ ਕਰਮਾਂ ਦੀ (ਜਿਨ੍ਹਾਂ ਦਾ ਸਾਨੂੰ ਚੇਤਾ ਨਹੀਂ ਹੁੰਦਾ) ਸਜ਼ਾ ਵੀ ਭੁਗਤਣੀ ਹੁੰਦੀ ਹੈ ਤੇ ਇਹ ਸਜ਼ਾ ਦੁਹਾਂ ਨੂੰ ਮਿਲਾਕੇ, ਉਨਾਂ ਦੇ ਫਲ ਸਰੂਪ ਸਾਨੂੰ ਮਿਲਣੀ ਹੁੰਦੀ ਹੈ। ਇਸ ਵਾਸਤੇ ਅਸੀਂ ਹੈਰਾਨ ਹੋ ਜਾਂਦੇ ਹਾਂ ਕਿ ਇਤਨੇ ਚੰਗੇ ਕਰਮ ਕਰਦਿਆਂ ਹੋਇਆਂ ਵੀ ਇਹ ਹਾਲਤ! ਤੇ ਕਿਸੇ ਵੇਲੇ ਇਸ ਹੱਦ ਤਕ ਵੀ ਸੋਚਦੇ ਹਾਂ ਕਿ ਸਾਡੇ ਉਤੇ ਰੱਬ ਨੇ ਜ਼ੁਲਮ ਕੀਤਾ ਹੈ ਪਰ ਸਾਨੂੰ ਐਸੀ ਹਾਲਤ ਵਿਚ ਇਹ ਮਹਾਂਵਾਕ ਨਹੀਂ ਭੁਲਣਾ ਚਾਹੀਦਾ-

ਦਦੈ ਦੋਸੁ ਨ ਦੇਊ ਕਿਸੈ,
ਦੋਸੁ ਕਰੰਮਾ ਆਪਣਿਆ।
ਜੋ ਮੈ ਕੀਆ ਸੋ ਮੈ ਪਾਇਆ,
ਦੋਸੁ ਨ ਦੀਜੈ ਅਵਰ ਜਨਾ॥ (ਪੰਨਾ ੪੩੩)

ਸੋ ਇਹ ਠੀਕ ਹੀ ਹੁੰਦਾ ਹੈ ਜੋ ਐਸੀ ਗਿਰਾਵਟ ਦਾ ਮੂੰਹ ਸਾਨੂੰ ਦੇਖਣਾ ਪੈਂਦਾ ਹੈ। ਸਾਨੂੰ "ਹੁਕਮਿ ਰਜਾਈ ਚਲਣਾ, ਨਾਨਕ



www.AKJ.Org

ਲਿਖਿਆ ਨਾਲਿ" ਚੇਤੇ ਰਖਣਾ ਚਾਹੀਦਾ ਹੈ। ਇਹੀ ਗੁਰਸਿਖ ਵਜੋਂ ਸ਼ੁਕਰਾਨੇ ਦਾ ਸਬੂਤ ਹੈ ਤੇ ਆਪਣੇ ਨਿਸ਼ਾਨੇ ਵੱਲ ਪਹੁੰਚਣ ਦਾ ਚਿੰਨ੍ਹ ਹੈ। ਹੁਕਮ ਰਜਾਈ ਚੱਲਣ ਵਿਚ ਕਬੂਲੀਅਤ ਹੈ ਤੇ ਦਾਤੇ ਦੀ ਖੁਸ਼ੀ ਹੈ। "ਹੁਕਮ ਰਜਾਈ ਜੋ ਚਲੈ ਸੋ ਪਵੈ ਖਜਾਨੈ" (ਪੰਨਾ ੪੨੧)

ਪ੍ਰਸ਼ਨ ੬ : ਜੋਗੀ ਤੇ ਗ੍ਰਹਸਥੀ ਦੀ ਗਿਰਾਵਟ ਦਾ ਫਰਕ ਕੀ ਹੈ?

ਉਤਰ : ਜੋਗੀ ਜਦੋਂ ਡਿਗੇਗਾ ਉਹ ਸੰਭਲ ਨਹੀਂ ਸਕੇਗਾ ਕਿਉਂ ਜੋ ਉਸਦਾ ਹਠ-ਯੋਗ ਉਤੇ ਆਸਰਾ ਹੁੰਦਾ ਹੈ। ਗ੍ਰਹਸਥੀ ਜਦੋਂ ਡਿਗੇਗਾ ਉਹ ਤਜਰਬਾ ਕਰੇਗਾ ਪਰ ਜੇ ਉਸਦੀ ਟੇਕ ਕਾਇਮ ਹੈ, ਉਹ ਆਪਣੇ ਧੁਰੇ ਤੋਂ ਨਹੀਂ ਉਖੜਿਆ ਤਾਂ ਫਿਰ ਉਹ ਸੰਭਲ ਜਾਏਗਾ ਫੇਰ ਉਹ ਜੁੜ ਜਾਏਗਾ ਤੇ ਇਸ ਵਾਰ ਤਜਰਬੇ ਤੋਂ ਮਗਰੋਂ ਪੱਕੀ ਤਰਾਂ ਜੁੜੇਗਾ। ਜੋਗੀ ਉਖੜਿਆ ਹੋਇਆ ਜੁੜ ਨਹੀਂ ਸਕਦਾ। ਉਹ ਵਿਸ਼ੇ ਵਿਕਾਰਾਂ ਦਾ ਝਲਕਾ ਵੇਖਕੇ, ਹੈਰਾਨ ਹੋਕੇ ਸ਼ਹਿਦ ਦੀ ਮੱਖੀ ਵਾਂਗੂੰ ਖੁਭ ਜਾਏਗਾ; ਸਭ ਕੁਝ ਉਜਾੜ ਬੈਠੇਗਾ। ਗੁਰੂ ਸਾਹਿਬਾਨ ਨੇ ਗੁਰਸਿਖ ਨੂੰ ਕਿਉਂ ਸਹਜ ਰਸਤਾ "ਗਾਡੀ ਰਾਹ" ਅਪਨਾਉਣ ਦਾ ਹੁਕਮ ਦਿਤਾ ਹੈ? ਇਸ ਲਈ ਕਿ ਇਕ ਤਾਂ ਗੁਰਸਿਖ ਲਈ ਡਿਗਣ ਦੀ ਸੰਭਾਵਨਾਂ (possibility) ਘਟ ਰਹੇ, ਦੂਜੇ ਉਹ ਹੌਲੀ ਹੌਲੀ ਚੜ੍ਹਦਾ ਚੜ੍ਹਦਾ ਕਿਸੇ ਸਮੇਂ ਨੂੰ ਆਪਣੇ ਟਿਕਾਣੇ ਤੇ ਪਹੁੰਚ ਸਕੇ।

ਸੁਖਦੇਵ ਜੀ ਵਰਗੇ ਬ੍ਰਹਮ ਗਿਆਨੀ ਹੋਏ ਹਨ। ਉਨ੍ਹਾਂ ਤੋਂ ਮਗਰੋਂ ਕਈ ਹੱਠ ਯੋਗੀ ਵੀ ਹੋਏ ਪਰ ਦੇਖਿਆ ਗਿਆ ਹੈ ਕਿ ਜੋਗੀ ਜਦੋਂ ਡਿਗੇ, ਖਤਮ ਹੋ ਗਏ। ਇਹ ਕਿਉਂ? ਇਕ ਗ੍ਰਹਸਥੀ ਦੇ ਮੁਕਾਬਲੇ ਤੇ ਉਨ੍ਹਾਂ ਦਾ ਦੁਨੀਆਂ ਦੀਆਂ ਵਸਤੂਆਂ ਦੇ ਭੋਗ ਦਾ ਤਜਰਬਾ ਠੀਕ ਨਹੀਂ ਹੁੰਦਾ। ਸੋ ਜਦੋਂ ਵੀ ਉਨ੍ਹਾਂ ਉਤੇ ਮਾਇਆ ਦਾ ਹਮਲਾ ਕਾਮ ਰੂਪ ਯਾ ਕ੍ਰੋਧ ਰੂਪ ਵਿਚ ਹੋਇਆ ਉਨ੍ਹਾਂ ਨੇ ਆਪਣੇ ਆਪ ਨੂੰ ਖਤਮ ਕਰ ਲਿਆ। ਦੂਜਿਆਂ ਨੂੰ ਸਰਾਪ ਦੇ ਦਿਤਾ, ਆਪ ਵੀ ਇਸ ਵਿਚ ਭਸਮ ਹੋ ਗਏ, ਦੂਜਿਆਂ ਨੂੰ ਵੀ ਭਸਮ ਕਰ ਦਿਤਾ। ਆਪ ਭਰਿਸ਼ਟਾਚਾਰ ਜੋਗੀ ਬਣ ਕੇ ਫਿਰ ਆਪ ਆਪਣੀ (Purification) ਸ਼ੁਧਤਾ ਲਈ ਜਨਮ ਮਰਨ ਦੇ ਗੇੜ ਵਿਚ ਪੈ ਗਏ।

※※※

(ਪੰਨਾ ੨ ਦੀ ਬਾਕੀ)

ਦੀ ਅੰਮ੍ਰਿਤ ਬਾਣੀ ਸਦਕਾ ਮੇਰੇ ਗਿਆਨ ਇੰਦ੍ਰੇ ਠੰਢੇ ਠਾਰ ਹੋ ਗਏ ਹਨ। ਮੇਰਾ ਮਨ ਹੁਣ ਪਰਮਾਤਮਾ ਨਾਲ ਪਤੀਜ ਗਿਆ ਹੈ। ਮੈਂ ਉਸ ਨੂੰ ਆਪਣੀਆਂ ਅੱਖਾਂ ਨਾਲ ਦੇਖ ਲਿਆ ਹੈ।

ਜਿਨ੍ਹਾਂ ਵੱਡੇ ਭਾਗਾਂ ਵਾਲੀਆਂ ਜੀਵ ਇਸਤਰੀਆਂ ਦੇ ਹਿਰਦੇ ਰੂਪ ਘਰ ਵਿੱਚ ਪ੍ਰਭੂ-ਪਤੀ ਆ ਵਸਦਾ ਹੈ ਉਨ੍ਹਾਂ ਦਾ ਲੋਕ ਪ੍ਰਲੋਕ ਸਵਾਰਿਆ ਜਾਂਦਾ ਹੈ। ਇਸ ਦੁਨੀਆਂ ਵਿੱਚ ਵੀ ਉਹ ਅਨੰਦ ਮਾਣਦੇ ਹਨ ਅਤੇ ਪ੍ਰਲੋਕ (ਅਗਲੀ ਦੁਨੀਆਂ) ਵਿੱਚ ਵੀ ਉਹ ਸੁਖੀ ਰਹਿੰਦੇ ਹਨ, ਰੱਬ ਦੀ ਦਰਗਾਹ ਵਿੱਚ ਉਨ੍ਹਾਂ ਨੂੰ ਕੋਈ ਓਏ ਓਏ ਨਹੀਂ ਕਹਿੰਦਾ, ਏਥੇ ਵੀ ਹਰ ਕੋਈ ਉਨ੍ਹਾਂ ਨੂੰ ਇੱਜ਼ਤ ਮਾਣ ਨਾਲ ਬੁਲਾਉਂਦਾ ਹੈ ਅਤੇ ਉੱਥੇ (ਪ੍ਰਲੋਕ) ਵੀ ਸਾਰੇ ਉਸ ਦੀ ਇੱਜ਼ਤ ਕਰਦੇ ਹਨ। ਅਕਾਲ ਪੁਰਖ ਉਨ੍ਹਾਂ ਨੂੰ ਹੱਥ ਦੇ ਕੇ ਰੱਖਦਾ ਹੈ, ਉਨ੍ਹਾਂ ਦਾ ਵਾਲ ਵੀ ਵਿੰਗਾ ਨਹੀਂ ਹੁੰਦਾ ਅਤੇ ਦੁਬਾਰਾ ਉਹ ਜੂਨਾਂ ਵਿੱਚ ਨਹੀਂ ਪੈਂਦੇ।

ਅਕਾਲ ਪੁਰਖ ਵਰਗਾ ਦਿਆਲੂ ਕ੍ਰਿਪਾਲੂ ਹੋਰ ਕੋਈ ਨਹੀਂ, ਉਸ ਦੇ ਗੁਣ ਬੇਅੰਤ ਹਨ। ਸਾਡੀ ਇੱਕ ਜੀਭ ਉਸ ਦੇ ਬੇਅੰਤ ਗੁਣਾਂ ਦਾ ਕਥਨ ਨਹੀਂ ਕਰ ਸਕਦੀ, ਉਸ ਦੀ ਸ਼ਰਨ ਪਇਆਂ ਹੀ ਪਾਰ ਉਤਾਰਾ ਹੁੰਦਾ ਹੈ, ਨਾਸਤਕ ਬਣਿਆਂ ਗੰਦਗੀ ਦਾ ਕੀੜਾ ਗੰਦਗੀ ਵਿੱਚ ਹੀ ਜਾ ਮਿਲਦਾ ਹੈ। ਪ੍ਰਭੂ ਦੀ ਸਿਫਤ ਸਾਲਾਹ ਕੀਤਿਆਂ ਹੀ ਉਸ ਨਾਲ ਬਣ ਆਉਂਦੀ ਹੈ ਭਾਵੇਂ ਪ੍ਰਭੂ ਨੂੰ ਆਪਣੀਆਂ ਸਿਫਤਾਂ ਕਰਵਾਉਣ ਦਾ ਕੋਈ ਲਾਲਚ ਨਹੀਂ। ਗੁਰੂ ਸਾਹਿਬ ਦਾ ਵੀ ਆਪਣੇ ਸਿੱਖਾਂ ਵਾਸਤੇ ਪ੍ਰਭੂ ਦੀ ਕੀਰਤੀ (ਜੱਸ) ਕਰਨ, ਭਾਵ ਸਿਫਤ ਸਾਲਾਹ ਕਰਨ ਦਾ ਹੀ ਉਪਦੇਸ਼ ਹੈ।

**ਕਰਮ ਧਰਮ ਪਾਖੰਡ ਜੋ ਦੀਸਹਿ,**
**ਤਿਨ ਜਮੁ ਜਾਗਾਤੀ ਲੂਟੈ।**
**ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ,**
**ਨਿਮਖ ਸਿਮਰਤ ਜਿਤੁ ਛੂਟੈ।**

(ਸੂਹੀ ਮ: ੫, ਪੰਨਾ ੭੪੭)

(ਹੇ ਭਾਈ! ਤੀਰਥ-ਇਸ਼ਨਾਨ ਆਦਿਕ ਮਿਥੇ ਹੋਏ ਧਾਰਮਿਕ ਕੰਮ ਵਿਖਾਵੇ ਦੇ ਕੰਮ ਹਨ, ਜਿੰਨੇ ਵੀ ਬੰਦੇ ਇਹ ਕੰਮ ਕਰਦੇ ਦਿੱਸਦੇ ਹਨ ਉਨ੍ਹਾਂ ਨੂੰ ਮਸੂਲੀਆ ਜਮ (ਜਮ ਜਾਗਾਤੀ) ਲੁੱਟ ਲੈਂਦਾ ਹੈ। ਇਸ ਲਈ ਵਾਸ਼ਨਾ ਰਹਿਤ ਹੋ ਕੇ ਕਰਤਾ-ਪੁਰਖ (ਕਰਤਾਰ) ਦੀ ਸਿਫਤ ਸਾਲਾਹ ਕਰਿਆ ਕਰੋ ਕਿਉਂਕਿ ਇਸ ਦੀ ਬਰਕਤ ਨਾਲ ਛਿਨ-ਭਰ (ਨਿਮਖ) ਨਾਮ ਸਿਮਰਿਆਂ ਹੀ ਵਿਕਾਰਾਂ ਤੋਂ ਛੁਟਕਾਰਾ ਪਾ ਲਈਦਾ ਹੈ।)

## ਕਬਿਤ ਸਵੱਯੇ ਭਾਈ ਗੁਰਦਾਸ ਜੀ (੩੪)

ਪੂਰਨ ਬ੍ਰਹਮ ਗੁਰ, ਪੂਰਨ ਕ੍ਰਿਪਾ ਜਉ ਕਰੈ,
ਹਰੈ ਹਉਮੈ ਰੋਗੁ, ਰਿਦੈ ਨਿਮ੍ਰਤਾ ਨਿਵਾਸ ਹੈ॥
ਸਬਦ ਸੁਰਤਿ ਲਿਵਲੀਨ ਸਾਧ ਸੰਗਿ ਮਿਲਿ,
ਭਾਵਨੀ ਭਗਤਿ ਭਾਇ ਦੁਬਿਧਾ ਬਿਨਾਸ ਹੈ॥
ਪ੍ਰੇਮ ਰਸ ਅੰਮ੍ਰਿਤ ਨਿਧਾਨ ਪਾਨ ਪੂਰਨ ਹੁਇ,
ਬਿਸਮ ਬਿਸ੍ਵਾਸ ਬਿਖੈ ਅਨਭੈ ਅਭਿਆਸ ਹੈ॥
ਸਹਜ ਸੁਭਾਇ ਚਾਇ, ਚਿੰਤਾ ਮੈ ਅਤੀਤ ਚੀਤ,
ਸਤਿਗੁਰ ਸਤਿ ਗੁਰਮਤਿ ਗੁਰ ਦਾਸ ਹੈ॥੧੮੯॥

**ਪਦ-ਅਰਥ :** ਪੂਰਨ ਬ੍ਰਹਮ ਗੁਰ-ਪੂਰਨ ਬ੍ਰਹਮ ਵਾਹਿਗੁਰੂ ਦਾ ਸਰੂਪ ਸਤਿਗੁਰੂ। ਜਉ-ਜਦੋਂ। ਹਰੈ-ਦੂਰ ਕਰਦਾ ਹੈ। ਭਾਵਨੀ ਭਗਤਿ ਭਾਇ-ਪ੍ਰੇਮ ਭਗਤੀ ਦੀ ਭਾਵਨਾ ਨਾਲ। ਦੁਬਿਧਾ-ਦਵੈਤਾਪਣ, ਦੁਚਿਤਾਪਣ। ਬਿਨਾਸ-ਨਾਸ, ਖਤਮ ਹੁੰਦੀ। ਅੰਮ੍ਰਿਤ ਨਿਧਾਨ-ਨਾਮ ਅੰਮ੍ਰਿਤ ਦਾ ਖ਼ਜਾਨਾ, ਭੰਡਾਰ। ਪਾਨ- ਪੀਣਾ, ਪੀਣ ਦੀ ਕਿਰਿਆ। ਪੂਰਨ ਹੋਇ-ਰੱਜ ਜਾਈਦਾ ਹੈ। ਬਿਸਮ ਬਿਸ੍ਵਾਸ-ਅਸਚਰਜ ਸਿਦਕ। ਬਿਖੈ-ਵਿਚ। ਅਨਭੈ-ਨਿਰਭਉ ਵਾਹਿਗੁਰੂ। ਅਭਿਆਸ-ਮਸ਼ਕ, ਲਗਾਤਾਰ ਕੀਤਾ ਜਤਨ। ਚਾਇ-ਚਾਅ ਉਤਸ਼ਾਹ ਵਿਚ। ਅਤੀਤ-ਤਿਆਗੀ। ਸਤਿ-ਸੱਚ ਸਰੂਪ। ਗੁਰਮਤਿ-ਗੁਰ-ਦੀਖਿਆ। ਗੁਰਦਾਸ-ਸਤਿਗੁਰੂ ਦਾ ਸੇਵਕ।

**ਅਰਥ :** ਪੂਰਨ ਬ੍ਰਹਮ ਵਾਹਿਗੁਰੂ ਦਾ ਸਰੂਪ ਸਤਿਗੁਰੂ, ਜਦੋਂ ਪੂਰਨ ਕਿਰਪਾ ਕਰਦਾ ਹੈ ਤਾਂ ਹਉਮੈ ਦਾ ਰੋਗ ਕੱਟ ਦਿੰਦਾ ਹੈ ਅਤੇ ਹਿਰਦੇ ਵਿਚ ਨਿਮਰਤਾ ਦਾ ਵਾਸਾ ਹੋ ਜਾਂਦਾ ਹੈ।

(ਸਤਿਗੁਰੂ ਦੀ ਕਿਰਪਾ ਦੁਆਰਾ) ਸਾਧ ਸੰਗਤ ਵਿਚ ਮਿਲ ਕੇ, ਸੁਰਤ ਵਿਚ ਗੁਰ ਸ਼ਬਦ ਦੀ ਲਿਵ ਲੱਗ ਜਾਂਦੀ ਹੈ ਅਤੇ ਇਸ ਪ੍ਰੇਮਾ ਭਗਤੀ ਦੀ ਭਾਵਨਾ ਕਰਕੇ ਦੂਜਾਪਣ ਮਿਟ ਜਾਂਦਾ ਹੈ।

(ਸਤਿਗੁਰੂ ਦੀ ਕਿਰਪਾ ਦੁਆਰਾ) ਪ੍ਰੇਮ ਪ੍ਰਾਇਣ ਨਾਮ-ਅੰਮ੍ਰਿਤ ਰਸ ਦੇ ਭੰਡਾਰ ਨੂੰ ਪੀ ਕੇ ਤ੍ਰਿਪਤ ਹੋਈਦਾ ਹੈ ਅਤੇ ਅਸਚਰਜ ਸ਼ਰਧਾ ਭਰਪੂਰ ਹੋ ਕੇ ਨਿਰਭਉ ਵਾਹਿਗੁਰੂ ਦਾ ਨਾਮ ਅਭਿਆਸ ਬਣ ਆਉਂਦਾ ਹੈ।

(ਸਤਿਗੁਰੂ ਦੀ ਕਿਰਪਾ ਦੁਆਰਾ) ਚਿਤ ਚਿੰਤਾ ਨੂੰ ਤਿਆਗ ਕੇ, ਸਹਿਜ ਸੁਭਾ ਹੀ ਚਾਅ-ਉਮਾਹ ਵਿਚ ਹੁੰਦਾ ਹੈ ਅਤੇ ਸੱਚ ਸਰੂਪ ਸਤਿਗੁਰੂ ਦੀ ਗੁਰ ਦੀਖਿਆ ਲੈ ਕੇ ਗੁਰੂ ਦਾ ਸੇਵਕ ਬਣੀਦਾ ਹੈ।੧੮੯।

ਗੁਰਮੁਖਿ ਸ਼ਬਦ ਸੁਰਤਿ ਲਿਵ ਸਾਧ ਸੰਗਿ,
ਤ੍ਰਿਗੁਨ ਅਤੀਤ ਚੀਤ ਆਸਾ ਮੈ ਨਿਰਾਸ ਹੈ॥
ਨਾਮ ਨਿਹਕਾਮ ਧਾਮ ਸਹਜ ਸੁਭਾਇ ਰਿਦੈ,
ਬਰਤੈ ਬਰਤਮਾਨ ਗਿਆਨ ਕੋ ਪ੍ਰਗਾਸ ਹੈ॥
ਸੂਖਮ ਸਥੂਲ ਏਕ, ਏਕ ਅਉ ਅਨੇਕ ਮੇਕ,
ਬ੍ਰਹਮ ਬਿਬੇਕ ਟੇਕ ਬ੍ਰਹਮ ਬਿਸ੍ਵਾਸ ਹੈ॥
ਚਰਨ ਸਰਨਿ ਲਿਵ, ਆਪਾ ਖੋਇ ਹੋਇ ਰੇਨ,
ਸਤਿਗੁਰ ਸਤਿ ਗੁਰਮਤਿ ਗੁਰ ਦਾਸ ਹੈ॥੧੯੦॥

**ਪਦ-ਅਰਥ :** ਗੁਰਮੁਖਿ-ਸਤਿਗੁਰੂ ਦਾ ਆਗਿਆਕਾਰੀ ਗੁਰਸਿਖ, ਹੁਕਮੀ ਬੰਦਾ। ਤ੍ਰਿਗੁਨ ਅਤੀਤ-ਤ੍ਰਿਗੁਣੀ ਮਾਇਆ ਦੇ ਪ੍ਰਭਾਵ ਤੋਂ ਅਟੰਕ। ਆਸ ਮੈ ਨਿਰਾਸ-ਸੰਸਾਰੀ ਆਸਾਂ ਉਮੀਦਾਂ ਤੋਂ ਨਿਰਲੇਪ। ਨਾਮ ਨਿਹਕਾਮ ਧਾਮ-ਨਾਮ ਜੋ ਕਿ ਨਿਸ਼ਕਾਮਤਾ ਦਾ ਘਰ ਹੈ। ਰਿਦੈ-ਹਿਰਦੇ ਵਿਚ। ਬਰਤੈ ਬਰਤਮਾਨ-ਵਰਤਮਾਨ (ਸੰਸਾਰ) ਵਿਚ ਵਰਤਦਾ ਹੈ। ਸੂਖਮ ਸਥੂਲ-ਸੂਖਮ ਤੇ ਅਸਥੂਲ ਪਦਾਰਥਾਂ ਵਿਚ। ਅਉ-ਅਤੇ। ਮੇਕ-ਮਿਲਿਆ ਹੋਇਆ। ਬ੍ਰਹਮ ਬਿਬੇਕ-ਬ੍ਰਹਮ ਦੀ ਵਿਚਾਰ। ਟੇਕ-ਓਟ, ਸਹਾਰਾ। ਬਿਸ੍ਵਾਸ-ਭਰੋਸਾ, ਸਿਦਕ। ਆਪਾ ਖੋਇ-ਆਪਾ ਭਾਵ ਗੁਆ ਕੇ। ਰੇਨ-ਧੂੜੀ। ਸਤਿਗੁਰੂ ਸਤਿ-ਸੱਚ ਸਰੂਪ ਸਤਿਗੁਰੂ। ਗੁਰਮਤਿ-ਗੁਰੂ ਦੀ ਸਿਖਿਆ। ਗੁਰ ਦਾਸ-ਸਤਿਗੁਰੂ ਦਾ ਸੇਵਕ।

**ਅਰਥ :** ਸਤਿਗੁਰੂ ਦਾ ਆਗਿਆਕਾਰੀ ਗੁਰਸਿੱਖ, ਸਾਧ ਸੰਗਤ ਵਿਚ ਸੁਰਤ ਵਿਚ ਗੁਰ-ਸ਼ਬਦ ਦੀ ਲਿਵ ਜੋੜਦਾ ਹੈ, ਚਿਤ ਨੂੰ ਤ੍ਰਿਗੁਣੀ ਮਾਇਆ ਦੇ ਪ੍ਰਭਾਵ ਤੋਂ ਬਚਾਅ ਕੇ ਰੱਖਦਾ ਹੈ ਅਤੇ ਸੰਸਾਰਕ ਸੰਕਲਪਾਂ ਵਿਕਲਪਾਂ ਤੋਂ ਨਿਰਲੇਪ ਰਹਿੰਦਾ ਹੈ।

ਸੰਸਾਰ ਵਿਚ ਵਰਤਦੇ ਹੋਇਆਂ, ਉਸ ਦੇ ਹਿਰਦੇ ਵਿਚ ਸਹਿਜ ਸੁਭਾਇ ਹੀ ਨਾਮੁ ਜੋ, ਕਿ ਨਿਸ਼ਕਾਮਤਾ ਦਾ ਘਰ ਹੈ, ਆ ਵਸਦਾ ਹੈ। ਇਉਂ (ਉਸ ਦੇ ਅੰਦਰ) ਆਤਮ-ਗਿਆਨ ਦੀ ਜੋਤੀ ਦਾ ਪ੍ਰਕਾਸ਼ ਹੋ ਆਉਂਦਾ ਹੈ।

ਉਹ ਇਕ ਬ੍ਰਹਮ (ਵਾਹਿਗੁਰੂ) ਜੋ ਸੂਖਮ ਅਤੇ ਸਥੂਲ ਪਦਾਰਥਾਂ ਵਿਚ ਇਕ ਅਤੇ ਅਨੇਕ ਰੂਪਾਂ ਵਿਚ ਮਿਲਿਆ ਹੋਇਆ ਹੈ, ਉਸ ਬ੍ਰਹਮ ਦੀ ਵੀਚਾਰ ਹੀ ਉਸ ਦੀ ਟੇਕ ਹੈ ਅਤੇ ਉਸ ਬ੍ਰਹਮ ਵਾਹਿਗੁਰੂ ਵਿਚ ਹੀ ਉਸ ਦਾ ਸਿਦਕ-ਭਰੋਸਾ ਹੈ।

ਸਤਿਗੁਰੂ ਦੇ ਚਰਨਾਂ ਦੀ ਸ਼ਰਨ ਵਿਚ ਲਿਵ ਲਾਉਣ ਨਾਲ, ਆਪਾ ਮਿਟਾ ਕੇ, ਨਿਮਰਤਾ ਵਿਚ ਸਭ ਦੇ ਚਰਨਾਂ ਦੀ ਧੂੜ ਹੋਇਆਂ ਸੱਚ ਸਰੂਪ ਸਤਿਗੁਰੂ ਦੀ ਬਖ਼ਸ਼ੀ ਗੁਰ-ਮਤਿ ਗ੍ਰਹਿਣ ਕਰ ਕੇ, ਗੁਰੂ ਦਾ ਸੱਚਾ ਸੇਵਕ ਹੋਈ ਦਾ ਹੈ॥੧੯੦॥

ਹਉਮੈ ਅਭਿਮਾਨ ਕੇ ਅਗਿਆਨਤਾ ਅਵਗਿਆ ਗੁਰ,
ਨਿੰਦਾ ਗੁਰ ਦਾਸਨ ਕੇ, ਨਾਮ ਗੁਰੁਦਾਸ ਹੈ॥
ਮਹੁਰਾ ਕਹਾਵੈ ਮੀਠਾ, ਗਈ ਸੋ ਕਹਾਵੈ ਆਈ,


www.AKJ.Org

ਰੂਠੀ ਕਉ ਕਹਿਤ ਤੂਠੀ, ਹੋਤ ਉਪਹਾਸ ਹੈ॥
ਬਾਂਝ ਕਹਾਵੈ ਸਪੂਤੀ, ਦੁਹਾਗਨਿ ਸੁਹਾਗਨਿ,
ਕੁਰੀਤਿ ਸੁਰੀਤਿ ਕਾਟਿਓ ਨਕਟਾ ਕੋ ਨਾਸ ਹੈ॥
ਬਾਵਰੋ ਕਹਾਵੈ ਭੋਰੋ, ਆਂਧਰੈ ਕਹੈ ਸੁਜਾਖੋ,
ਚੰਦਨ ਸਮੀਪ ਜੈਸੇ ਬਾਂਸੁ ਨ ਸੁਬਾਸ ਹੈ॥੧੯੧॥

ਪਦ ਅਰਥ : ਹਉਮੈ-ਹੰਮਤਾ, ਮੈਂ-ਮੇਰੀ। ਅਭਿਮਾਨ-ਹੰਕਾਰ। ਅਗਿਆਨਤਾ-ਮੂਰਖਪੁਣਾ। ਅਵਗਿਆ-ਨਿਰਾਦਰੀ। ਗੁਰ ਦਾਸਨ-ਗੁਰੂ ਦੇ ਸੇਵਕ। ਮਹੁਰਾ-ਜ਼ਹਿਰ। ਮੀਠਾ-ਮਿੱਠਾ ਤੇਲੀਆ। ਗਈ-(ਅੱਖ) ਗਈ (ਦੁਖਦੀ)। ਆਈ-ਆਈ ਹੋਈ (ਅੱਖ)। ਰੂਠੀ-(ਚੀਚਕ ਨਿਕਲੇ), ਮਾਤਾ ਕ੍ਰੋਪ ਹੋਈ। ਤੂਠੀ-ਤਰੁਠੀ, ਪ੍ਰਸੰਨ ਹੋਈ। ਉਪਹਾਸ-ਠੱਠਾ, ਮਖ਼ੌਲ, ਹਾਸੀ। ਬਾਂਝ-ਸੰਢ, ਜੋ ਇਸਤ੍ਰੀ ਸੰਤਾਨ ਜਣਨ ਦੇ ਸਮਰੱਥ ਨਾ ਹੋਵੇ। ਕੁਰੀਤਿ-ਖੋਟੀ ਰੀਤ। ਸੁਰੀਤਿ-ਚੰਗੀ ਰੀਤ। ਨਾਟਿਓ ਨਕਟਾ-ਨੱਕ-ਕਟਾ। ਨਾਸ-ਨਾਸਾਂ ਵਾਲਾ, ਨੱਕ ਵਾਲਾ। ਬਾਵਰੋ-ਪਾਗਲ। ਜੋਰੋ-ਭੋਲਾ। ਆਂਧਰੈ-ਅੰਨ੍ਹੇ ਨੂੰ। ਸੁਜਾਖੋ-ਸੁਜਾਖਾ, ਅੱਖਾਂ ਵਾਲਾ। ਸਮੀਪ-ਨੇੜੇ। ਬਾਸ-ਵਾਸ਼ਨਾ।

ਨੋਟ : ਭਾਈ ਗੁਰਦਾਸ ਜੀ ਅਤਿ ਨਿਮਰਤਾ ਵਿਚ ਸਤਿਗੁਰੂ ਦੇ ਨਿਮਾਣੇ ਸੇਵਕ ਹੋ ਕੇ ਆਪਣੇ ਆਪ ਨੂੰ ਅੌਗੁਣੀ ਜਣਾ ਰਹੇ ਹਨ।

ਅਰਥ : ਹੰਗਤਾਂ ਤੇ ਅਹੰਕਾਰ ਵਿਚ ਅਗਿਆਨਤਾ-ਵਸ ਹੋ ਕੇ ਸਤਿਗੁਰੂ ਦੀ ਨਿਰਾਦਰੀ, ਅਤੇ ਸਤਿਗੁਰੂ ਦੇ ਦਾਸਾਂ ਦੀ ਨਿੰਦਾ ਕਰਨ ਵਾਲਾ ਹਾਂ, ਪਰ ਆਪਣਾ ਨਾਮ ਗੁਰਦਾਸ (ਗੁਰੂ ਕਾ ਸੇਵਕ) ਰਖਵਾਇਆ ਹੋਇਆ ਹੈ। (ਇਹ ਉਸੇ ਤਰ੍ਹਾਂ ਦੀ ਉਲਟੀ ਗੱਲ ਹੈ, ਜਿਵੇਂ) –

(ਜਿਵੇਂ ਦੁਨੀਆ ਵਿਚ) ਜ਼ਹਿਰ 'ਮਿੱਠਾ ਤੇਲੀਆ' ਅਖਵਾਂਦਾ ਹੈ, ਗਈ (ਦੁਖਦੀ) ਅੱਖ 'ਆਈ ਹੋਈ ਅੱਖ' ਕਹਾਉਂਦੀ ਹੈ। (ਚੀਚਕ ਨਿਕਲੇ) ਕਰੋਪ ਹੋਈ ਮਾਤਾ ਨੂੰ 'ਮਾਤਾ ਤਰੁਠੀ' ਕਿਹਾ ਜਾਂਦਾ ਹੈ-ਇਹ ਮਖ਼ੌਲ ਹੈ।

(ਜਿਵੇਂ ਹਾਸੀ ਵਜੋਂ) ਬਾਂਝ ਇਸਤ੍ਰੀ 'ਸਪੂਤੀ' ਕਹੀ ਜਾਂਦੀ ਹੈ ਅਤੇ ਛੁਟੜ ਇਸਤ੍ਰੀ 'ਸੁਹਾਗਣ'। ਇਸੇ ਤਰ੍ਹਾਂ ਕਿਸੇ ਭੈੜੀ ਰੀਤੀ ਨੂੰ 'ਚੰਗੀ ਮਰਯਾਦਾ' ਅਤੇ ਨੱਕ-ਕਟੇ ਨੂੰ 'ਨੱਕ ਵਾਲਾ' ਕਿਹਾ ਜਾਏ।

(ਜਿਵੇਂ ਮਖ਼ੌਲ ਵਜੋਂ) ਪਾਗਲ ਮਨੁੱਖ 'ਭੋਲਾ' ਸਦਵਾਏ ਅਤੇ ਅੰਨ੍ਹਾ 'ਸੁਜਾਖਾ' ਅਖਵਾਏ। (ਭਾਈ ਗੁਰਦਾਸ ਜੀ ਨਿਮਰਤਾ ਵਿਚ ਆਪਣੇ ਆਪ ਨੂੰ ਅਜਿਹਾ ਨਿਰਗੁਣੀ ਦਸ ਕੇ ਅੰਤ ਕਹਿੰਦੇ ਹਨ ਕਿ) ਜਿਵੇਂ ਚੰਦਨ ਦੇ ਨੇੜੇ ਵਸਦੇ ਬਾਂਸ ਵਿਚ, ਚੰਦਨ ਦੀ ਸੁਗੰਧੀ ਨਹੀਂ ਪ੍ਰਵੇਸ਼ ਕਰਦੀ (ਇਸੇ ਤਰ੍ਹਾਂ ਮੈਂ ਹੰਕਾਰੀ ਤੇ ਅਗਿਆਨੀ ਸਤਿਗੁਰੂ ਦੇ ਨਿਕਟ ਵਸਦਾ ਹੋਇਆ ਵੀ ਉਨ੍ਹਾਂ ਦੇ ਉਤਮ ਗੁਣਾਂ ਤੋਂ ਸਖਣਾ ਹਾਂ) ॥੧੯੧॥

ਗੁਰ ਸਿਖ ਏਕ ਮੇਕ ਰੋਮ ਨ ਪੁਜਸਿ,
ਕੋਟਿ ਹੋਮ ਜਗਿ ਭੋਗ ਨਈਬੇਦ ਪੂਜਾਚਾਰ ਹੈ॥
ਜੋਗ ਧਿਆਨ ਗਿਆਨ ਅਧਿਆਤਮ ਰਿਧਿ ਸਿਧਿ ਨਿਧੋ,
ਜਪ ਤਪ ਸੰਜਮਾਦਿ ਅਨਿਕ ਪ੍ਰਕਾਰ ਹੈ॥
ਸਿੰਮ੍ਰਿਤਿ ਪੁਰਾਨ ਬੇਦ ਸਾਸਤ੍ਰ ਅਉ ਸਾਅੰਗੀਤ,
ਸੁਰਸਰਿ ਦੇਵ-ਸਥਲ ਮਾਇਆ ਬਿਸਥਾਰ ਹੈ॥
ਕੋਟਿਨ ਕੋਟਾਨਿ ਸਿਖ ਸੰਗਤਿ ਅਸੰਖ ਜਾ ਕੈ,
ਸ੍ਰੀ ਗੁਰ ਚਰਨ ਨੇਤਿ ਨੇਤਿ ਨਮਸਕਾਰ ਹੈ॥੧੯੨॥

**ਪਦ ਅਰਥ :** ਏਕ ਮੇਕ-ਇਕ ਮਿਕ ਹੋਏ। ਪੁਜਸਿ-ਪੁਜ ਸਕਦੇ। ਕੋਟਿ-ਕਰੋੜਾਂ। ਹੋਮ-ਹਵਨ। ਭੋਗ-ਦੇਵਤਿਆਂ ਨੂੰ ਖਾਣ ਵਾਲੇ ਪਦਾਰਥਾਂ ਦੇ ਭੋਗ ਲੁਆਣੇ। ਨਈਬੇਦ-ਦੇਵਤਿਆਂ ਨੂੰ ਪੂਜਾ ਭੇਟ ਕਰਨੀ। ਪੂਜਾਚਾਰ-ਪੂਜਾ ਆਚਾਰ, ਪੂਜਾ ਦੇ ਕਰਮ। ਜੋਗ ਧਿਆਨ-ਜੋਗ ਦੇ ਧਿਆਨ। ਅਧਿਆਤਮ ਗਿਆਨ-ਸਾਧਨਾ, ਨੇਤੀ ਧੋਤੀ। ਰਿਧਿ ਸਿਧਿ-ਰਿਧੀਆਂ ਸਿਧੀਆਂ ਨਿਧੀਆਂ। ਸੰਜਮਾਦਿ-ਸੰਜਮ ਆਦਿਕ, ਹੱਠ ਕਰਮ। ਅਨਿਕ ਪ੍ਰਕਾਰ-ਕਈ ਤਰ੍ਹਾਂ ਦੇ। ਅਉ-ਅਤੇ। ਸਾਅੰਗੀਤ-ਸੰਗੀਤ। ਸੁਰਸਰਿ-ਦੇਵਤਿਆਂ ਦੀ ਨਦੀ, ਗੰਗਾ। ਦੇਵ-ਸਥਲ-ਦੇਵ ਸਥਾਨ, ਮੰਦਰ। ਮਾਇਆ ਬਿਸਥਾਰ-ਮਾਇਆ ਦਾ ਪਸਾਰਾ। ਕੋਟਿਨ ਕੋਟਾਨਿ-ਕਰੋੜਾਂ ਹੀ ਕਰੋੜਾਂ। ਨੇਤਿ-ਨਾ ਇਤਿ, ਨਹੀਂ ਹੈ ਇਸ ਜਿਹਾ, ਬੇਅੰਤ।

**ਅਰਥ :** ਸਤਿਗੁਰੂ ਨਾਲ ਇਕ-ਮਿਕ ਹੋਏ ਗੁਰਸਿਖ ਦੇ ਇਕ ਰੋਮ ਨੂੰ ਵੀ, ਕਰੋੜਾਂ ਹੋਮ ਜਗ, ਬ੍ਰਹਮ ਭੋਜ, ਦੇਵਤਿਆਂ ਨੂੰ ਭੋਗ ਅਤੇ ਹੋਰ ਪੂਜਾ ਦੇ ਕਰਮ-ਕਾਂਡ ਨਹੀਂ ਪੁਜ ਸਕਦੇ।

(ਇਸ ਤਰ੍ਹਾਂ ਗੁਰਸਿਖ ਦੇ ਇਕ ਰੋਮ ਦੀ ਬਰਾਬਰੀ ਨਹੀਂ ਕਰ ਸਕਦੇ) ਕਈ ਤਰ੍ਹਾਂ ਦੇ ਜੋਗ ਦੇ ਧਿਆਨ, ਸਰੀਰ ਸੋਧਣ ਦੇ ਨੇਤੀ ਧੋਤੀ ਕਰਮ, ਰਿਧੀਆਂ, ਸਿਧੀਆਂ, ਨਿਧੀਆਂ, ਜਪ, ਤਪ ਅਤੇ ਹੋਰ ਹੱਠ-ਕਰਮ ਆਦਿ।

ਸਿਮ੍ਰਤੀਆਂ, ਪੁਰਾਣ, ਵੇਦ, ਸ਼ਾਸਤ੍ਰ ਅਤੇ ਸੰਗੀਤ, ਗੰਗਾ, ਦੇਵਤਿਆਂ ਦੇ ਸਥਾਨ ਅਤੇ ਸ੍ਰਿਸ਼ਟੀ ਵਿਚ ਮਾਇਆ ਦਾ ਪਸਾਰਾ (ਇਹ ਸਾਰਾ ਕੁਝ ਸਤਿਗੁਰੂ ਨਾਲ ਇਕ-ਮਿਕ ਹੋਏ ਗੁਰਸਿੱਖ ਦੇ ਇਕ ਰੋਮ ਨੂੰ ਨਹੀਂ ਪੁਜ ਸਕਦੇ)।

ਸ੍ਰੀ ਗੁਰੂ ਜੀ ਦੇ ਇਹੋ ਜਿਹੇ ਗੁਰਸਿੱਖਾਂ ਦੀਆਂ ਕਰੋੜਾਂ ਤੇ ਅਸੰਖਾਂ ਹੀ ਸਿੱਖ-ਸੰਗਤਾਂ ਹਨ, ਐਸੇ ਸਤਿਗੁਰੂ ਜੀ ਦਾ ਕੋਈ ਅੰਤ ਸ਼ੁਮਾਰ ਨਹੀਂ, ਉਹ ਬੇਅੰਤ ਬੇਅੰਤ ਹੈ, ਉਸ ਦੇ ਚਰਨਾਂ ਤੇ ਬਾਰੰਬਾਰ ਨਮਸਕਾਰ ਹੈ॥੧੯੨॥

ਚਰਨ ਕਮਲ ਰਜ ਗੁਰਸਿਖ ਮਾਥੈ ਲਾਗੀ,
ਬਾਛਤ ਸਕਲ ਗੁਰਸਿਖ ਪਗ ਰੇਨ ਹੈ॥
ਕੋਟਿਨ ਕੋਟਾਨਿ ਕੋਟਿ ਕਮਲਾ ਕਾਲਪਤਰੁ,
ਪਾਰਸ ਅੰਮ੍ਰਿਤ ਚਿੰਤਾਮਨਿ ਕਾਮਧੇਨ ਹੈ॥
ਸੁਰਿ ਨਰ ਨਾਥ ਮੁਨਿ ਤ੍ਰਿਭਵਨ ਅਉ ਤ੍ਰਿਕਾਲ,
ਲੋਗ ਬੇਦ ਗਿਆਨ ਉਨਮਾਨ ਜੇਨ ਕੇਨ ਹੈ॥
ਕੋਟਿਨ ਕੋਟਾਨਿ ਸਿਖ, ਸੰਗਤਿ ਅਸੰਖ ਜਾ ਕੈ,
ਨਮੋ ਨਮੋ ਗੁਰਮੁਖਿ ਸੁਖ ਫਲ ਦੇਨ ਹੈ ॥੧੯੩॥

**ਪਦ ਅਰਥ** : ਚਰਨ ਕਮਲ ਰਜ-(ਸਤਿਗੁਰੂ ਦੇ ਚਰਨ-ਕਮਲਾਂ ਦੀ ਧੂੜੀ)। ਬਾਛਤ-ਮੰਗਦਾ ਹੈ, ਲੋਚਦਾ ਹੈ। ਸਕਲ-ਸਾਰੀ (ਸ੍ਰਿਸ਼ਟੀ)। ਪਗ ਰੇਨ-ਪੈਰਾਂ ਦੀ ਧੂੜ। ਕੋਟਿਨ ਕੋਟਾਨਿ-ਕਰੋੜਾਂ ਹੀ ਕਰੋੜਾਂ। ਕਮਲਾ-ਧਨ ਦੀ ਦੇਵੀ ਲਛਮੀ। ਕਲਪਤਰੁ-ਇੰਦਰ ਦੇਵਤੇ ਦੇ ਬਾਗ ਦਾ ਮਨ-ਇਛਤ ਫਲ ਦੇਣ ਵਾਲਾ ਕਲਪ-ਬ੍ਰਿਛ। ਪਾਰਸ-ਸਭ ਧਾਤਾਂ ਨੂੰ ਛੂਹ ਕੇ ਸੋਨਾ ਬਣਾ ਦੇਣ ਵਾਲਾ ਪੱਥਰ। ਚਿੰਤਾਮਨਿ-ਮਨ-ਮੰਗੇ ਪਦਾਰਥ ਦੇਣ ਵਾਲੀ ਚਿੰਤਾਮਣੀ। ਕਾਮਧੇਨ-ਸਾਰੀਆਂ ਇਛਾਂ ਪੂਰਨ ਵਾਲੀ ਗਊ। ਸੁਰਿ ਨਰ-ਦੇਵਤੇ ਤੇ ਮਨੁੱਖ। ਨਾਥ-ਨਾਥ ਪੰਥ ਦੇ ਅਨੁਆਈ ਜੋਗੀ। ਮੁਨਿ- ਰਿਸ਼ੀ ਮੁਨੀ। ਤ੍ਰਿਭਵਨ-ਤਿੰਨ ਲੋਕ-ਧਰਤੀ, ਅਕਾਸ਼, ਪਤਾਲ। ਤ੍ਰਿਕਾਲ-ਤਿੰਨ ਕਾਲ, ਭੂਤ, ਵਰਤਮਾਨ, ਭਵਿਖਤ। ਲੋਗ ਬੇਦ-ਲੌਕਿਕ ਤੇ ਵੈਦਿਕ ਗਿਆਨ। ਉਨਮਾਨ-ਅਨੁਮਾਨ, ਵਿਚਾਰ। ਜੇਨ ਕੇਨ-ਜਿਹੜਾ ਕਿਹੜਾ, ਜਿਸ ਤਰ੍ਹਾਂ ਦੇ ਭੀ, ਸਾਰੇ ਹੀ। ਨਮੋ-ਨਮਸਕਾਰ। ਦੇਨ-ਦੇਨਹਾਰ, ਦਾਤਾਰ।

**ਅਰਥ** : ਜਿਸ ਗੁਰਸਿੱਖ ਦੇ ਮੱਥੇ ਤੇ ਸਤਿਗੁਰੂ ਦੇ ਚਰਨ-ਕਮਲਾਂ ਦੀ ਧੂੜੀ ਲੱਗ ਗਈ ਹੈ, (ਭਾਵ, ਜਿਸਨੂੰ ਸਤਿਗੁਰੂ ਤੋਂ ਨਾਮ-ਸਿਮਰਨ ਦੀ ਦਾਤਿ ਪ੍ਰਾਪਤ ਹੋ ਗਈ ਹੈ), ਉਸ ਗੁਰਸਿੱਖ ਦੇ ਚਰਨਾਂ ਦੀ ਧੂੜੀ ਨੂੰ ਸਾਰੀ ਸ੍ਰਿਸ਼ਟੀ ਲੋਚਦੀ ਹੈ।

ਕਰੋੜਾਂ ਹੀ ਕਰੋੜਾਂ ਲਛਮੀਆਂ, ਕਲਪ ਬ੍ਰਿਛ, ਪਾਰਸ, ਅੰਮ੍ਰਿਤ, ਚਿੰਤਾਮਣੀਆਂ ਅਤੇ ਕਾਮਧੇਨਾਂ (ਐਸੇ ਗੁਰਸਿੱਖ ਦੀ ਧੂੜੀ ਨੂੰ ਤਰਸਦੀਆਂ ਹਨ)।

(ਕਰੋੜਾਂ ਹੀ) ਦੇਵਤੇ, ਮਨੁੱਖ, ਨਾਥ, ਰਿਸ਼ੀ ਮੁਨੀ, ਤਿੰਨੇ ਲੋਕ, ਤਿੰਨੇ ਕਾਲ, ਲੌਕਿਕ ਅਤੇ ਵੈਦਿਕ ਗਿਆਨ, ਇਹੋ ਜਿਹੇ ਜਿੰਨੇ ਵੀ ਅਨੁਮਾਨ ਹਨ (ਸਾਰੇ ਹੀ ਅਜਿਹੇ ਗੁਰਸਿੱਖ ਦੀ ਧੂੜੀ ਦੇ ਮੰਗਤੇ ਹਨ)।

ਗੁਰਮੁਖ ਸਤਿਗੁਰੂ ਜੀ ਦੇ ਅਜਿਹੇ ਗੁਰਸਿੱਖਾਂ ਦੀਆਂ ਕਰੋੜਾਂ ਤੇ ਅਸੰਖਾਂ ਹੀ ਸਿੱਖ-ਸੰਗਤਾਂ ਹਨ, ਨਾਮ-ਅੰਮ੍ਰਿਤ ਦੇ ਸੁਖ-ਫਲ ਦੇ ਦਾਤੇ ਐਸੇ ਸਤਿਗੁਰੂ ਜੀ ਨੂੰ ਬਾਰੰਬਾਰ ਨਮਸਕਾਰ ਹੈ ॥੧੯੩॥

ਗੁਰਸਿਖ ਸੰਗਤਿ ਮਿਲਾਪ ਕੋ ਪ੍ਰਤਾਪੁ ਅਤਿ,
ਭਾਵਨੀ ਭਗਤਿ ਭਾਇ ਚਾਇ ਕੈ ਚਈਲੇ ਹੈ॥
ਦ੍ਰਿਸ਼ਟਿ ਦਰਸ ਲਿਵ, ਅਤਿ ਅਸਚਰਜ ਮੈ,
ਬਚਨ ਤੰਬੋਲ ਸੰਗ ਰੰਗ ਹੁਇ ਰੰਗੀਲੇ ਹੈ॥
ਸਬਦ ਸੁਰਤਿ ਲਿਵ ਲੀਨ, ਜਲ ਮੀਨ ਗਤਿ,
ਪ੍ਰੇਮ-ਰਸ-ਅੰਮ੍ਰਿਤ ਕੈ ਰਸਿਕ ਰਸੀਲੇ ਹੈ॥
ਸੋਭਾ ਨਿਧਿ ਸੋਭ ਕੋਟਿ ਓਟ ਲੋਭ ਕੈ ਲੁਭਿਤ,
ਕੋਟਿ ਛਬਿ ਛਾਹ ਛਿਪੈ, ਛਬਿ ਕੈ ਛਬੀਲੇ ਹੈ ॥੧੯੪॥

**ਪਦ ਅਰਥ** : ਪ੍ਰਤਾਪੁ-ਤੇਜ। ਅਤਿ-ਬਹੁਤ। ਭਾਵਨੀ ਭਗਤਿ ਭਾਇ-ਪ੍ਰੇਮਾ ਭਗਤੀ ਦੀ ਭਾਵਨਾ। ਚਾਇ-ਉਤਸ਼ਾਹ, ਉਮਾਹ। ਚਈਲੇ-ਉਤਸ਼ਾਹ ਵਾਲੇ। ਦ੍ਰਿਸ਼ਟਿ-ਦ੍ਰਿਸ਼ਟੀ। ਦਰਸ ਅਤਿ ਅਸਚਰਜ ਮੈ-(ਸਤਿਗੁਰੂ ਦੇ) ਅਤਿ, ਅਸਚਰਜ ਰੂਪ ਦਰਸ਼ਨ। ਬਚਨ-ਬਾਣੀ॥ ਤੰਬੋਲ-ਪਾਨ। ਰੰਗੀਲੇ-ਰੰਗ ਵਾਲੇ। ਮੀਨ-ਮੱਛੀ। ਗਤਿ-ਵਾਂਗ। ਰਸਿਕ-ਰਸੀਏ। ਰਸੀਲੇ-ਰਸ-ਭਿੰਨੇ। ਸੋਭਾ ਨਿਧਿ-ਸੋਭਾ ਦੇ ਭੰਡਾਰ, ਖ਼ਜ਼ਾਨੇ। ਸੋਭ ਕੋਟਿ-ਕਰੋੜਾਂ ਸੋਭਾ। ਓਟ-ਆਸਰਾ, ਸ਼ਰਨ। ਲੋਭ ਕੈ ਲੁਭਿਤ-ਲੋਭ ਕਰਕੇ ਲੁਭਾਇਮਾਨ ਹੁੰਦੀਆਂ, ਤਰਸਦੀਆਂ। ਕੋਟਿ ਛਬਿ-ਕਰੋੜਾਂ ਛਬੀਆਂ, ਸੁੰਦਰਤਾ। ਛਾਹ ਛਿਪੈ-ਪਰਛਾਵੇਂ ਵਿਚ ਛਪਦੀਆਂ। ਛਬੀਲੇ-ਛਬ ਵਾਲੇ, ਬਾਂਕੇ।

**ਅਰਥ** : (ਸਤਿਗੁਰੂ ਨਾਲ ਇਕ-ਮਿਕ ਹੋਏ ਅਤੇ ਸਤਿਗੁਰੂ ਦੀ ਚਰਨ-ਧੂੜ ਪਰਸਣ ਵਾਲੇ) ਗੁਰਸਿੱਖਾਂ ਦੀ ਸੰਗਤ ਦੇ ਮਿਲਾਪ ਦਾ ਬੇਅੰਤ ਤੇਜ ਪ੍ਰਤਾਪ ਹੈ। ਐਸੇ ਗੁਰਸਿੱਖ ਪ੍ਰੇਮਾ ਭਗਤੀ ਦੀ ਭਾਵਨਾ ਦੇ ਚਾਅ ਉਮਾਹ ਵਿਚ (ਭਾਵ, ਹੋਰ ਹੋਰ ਨਾਮ-ਸਿਮਰਨ ਦੀ ਕਮਾਈ ਕਰਨ ਦੇ) ਉਤਸ਼ਾਹ ਵਿਚ ਉਤਸ਼ਾਹਤ ਹੋਏ ਰਹਿੰਦੇ ਹਨ।

(ਸਤਿਗੁਰੂ ਦੇ) ਅਤਿ ਅਸਚਰਜ ਰੂਪ ਦਰਸਨਾਂ ਵਿਚ (ਉਨ੍ਹਾਂ ਗੁਰਸਿੱਖਾਂ ਦੀ) ਦ੍ਰਿਸ਼ਟੀ ਦੀ ਲਿਵ ਲਗੀ ਰਹਿੰਦੀ ਹੈ ਅਤੇ ਸਤਿਗੁਰੂ ਦੀ ਅੰਮ੍ਰਿਤ-ਬਾਣੀ ਰੂਪੀ ਪਾਨ ਚੱਬ ਚੱਬ ਕੇ, ਨਾਮ-ਰੰਗ ਵਿਚ ਰੰਗੀਜੇ ਰਹਿੰਦੇ ਹਨ।

ਜਲ ਦੀ ਮੱਛੀ ਵਾਂਗ ਸਤਿਗੁਰੂ ਦੇ ਬਖ਼ਸ਼ੇ ਸ਼ਬਦ ਦਾ ਸੁਰਤ ਨਾਲ ਪਰਚਾ ਪੈਣ ਨਾਲ ਉਨ੍ਹਾਂ ਦੀ ਲਿਵ (ਨਾਮ ਵਿਚ) ਲੀਨ ਰਹਿੰਦੀ ਹੈ ਅਤੇ ਉਹ ਨਾਮ-ਅੰਮ੍ਰਿਤ ਦੇ ਪ੍ਰੇਮ-ਰਸ ਦੇ ਰਸੀਏ ਬਣ ਕੇ ਰਸ-ਭਿੰਨੇ ਹੋਇ ਰਹਿੰਦੇ ਹਨ।

ਉਹ ਸੋਭਾ ਦੇ ਭੰਡਾਰ ਹੁੰਦੇ ਹਨ, (ਭਾਵ ਉਨ੍ਹਾਂ ਦੀ ਬੇਅੰਤ ਸੋਭਾ ਹੈ) ਕਰੋੜਾਂ ਸੋਭਾ ਉਨ੍ਹਾਂ ਨੂੰ ਤਰਸਦੀਆਂ, ਉਨ੍ਹਾਂ ਦੀ ਸ਼ਰਨ ਚਾਹੁੰਦੀਆਂ ਹਨ। ਸੁੰਦਰਤਾ ਕਰਕੇ ਉਹ ਇਤਨੇ ਛਬੀਲੇ ਹੁੰਦੇ ਹਨ ਕਿ (ਦੁਨੀਆਂ ਦੀਆਂ) ਕਰੋੜਾਂ ਛਬੀਆਂ (ਉਨ੍ਹਾਂ ਦੇ) ਪਰਛਾਵੇਂ ਵਿਚ ਲੁਕ ਜਾਂਦੀਆਂ ਹਨ (ਭਾਵ, ਤੁਛ ਹਨ) ॥੧੯੪॥

# ਸਹਿਜਧਾਰੀ ਸਿੱਖ

(ਭਾਈ ਜੋਗਿੰਦਰ ਸਿੰਘ ਜੀ ਤਲਵਾੜਾ)

ਅਕਤੂਬਰ 1994 ਦੇ ਮਾਸਕ ਪੱਤਰ 'ਸਪੋਕਸਮੈਨ' ਦੇ ਪੰਨਾ 37-42 ਉਤੇ ਪ੍ਰਕਾਸ਼ਤ ਕੀਤੀ ਪ੍ਰਸ਼ਨੋਤਰੀ ਦੇ ਸੰਬੰਧ ਵਿਚ ਮੇਰੇ ਕੁਝ ਸ਼ੰਕੇ ਅਤੇ ਤੌਖਲੇ ਹਨ। ਇਹ ਪ੍ਰਗਟ ਕਰਨ ਤੋਂ ਪਹਿਲਾਂ ਇਤਿਹਾਸ ਅਤੇ ਪਰੰਪਰਾ ਤੇ ਅਧਾਰਤ ਕੁਝ ਤੱਥ ਨਿਰੂਪਨ ਕੀਤੇ ਜਾਣੇ ਜ਼ਰੂਰੀ ਹਨ, ਜਿਨ੍ਹਾਂ ਦੀ ਰੌਸ਼ਨੀ ਵਿਚ ਸ਼ੰਕੇ/ਤੌਖਲੇ ਉਭਰੇ ਹਨ।

**ਸਹਿਜਧਾਰੀ ਪ੍ਰਥਾ ਦਾ ਪਿਛੋਕੜ :**

ਸਹਿਜਧਾਰੀ ਪ੍ਰਥਾ ਦਾ ਪਿਛੋਕੜ ਇਹ ਹੈ ਕਿ ਸੰਮਤ 1756 ਦੀ ਵੈਸਾਖੀ ਵਾਲੇ ਦਿਨ ਜਾਂ ਇਸ ਤੋਂ ਤੁਰੰਤ ਮਗਰੋਂ ਸਿਖ ਧਰਮ ਦੇ ਉਸ ਵੇਲੇ ਦੇ ਅਨੁਆਈਆਂ ਦੀ ਬਹੁ-ਗਿਣਤੀ ਤਤ-ਫਟ ਖੰਡੇ ਦੀ ਪਾਹੁਲ ਛਕ ਕੇ ਖਾਲਸਾ ਸਜ ਗਈ, ਪਰ ਕਈ ਵਿਅਕਤੀ ਆਪਣੇ ਮਨ ਵਿਚ ਖਾਲਸਾ ਸਜਣ ਦਾ ਤੁਰੰਤ ਫੈਸਲਾ ਨਾ ਕਰ ਸਕੇ। ਉਹਨਾਂ ਨੇ ਖਾਲਸਾ ਸਜਣ ਦਾ ਸੰਕਲਪ ਤਾਂ ਦ੍ਰਿੜ੍ਹ ਕਰਕੇ ਧਾਰਨ ਕਰ ਲਿਆ, ਪਰ ਇਹ ਸੰਕਲਪ ਸਹਿਜੇ ਸਹਿਜੇ ਸਾਕਾਰ ਹੋਇਆ। ਵਿਚਕਾਰਲੇ ਸਮੇਂ ਵਿਚ ਉਹ ਸਹਿਜਧਾਰੀ ਅਖਵਾਏ।

**ਸਹਿਜ ਧਾਰੀ ਪ੍ਰਥਾ-ਵਰਤਮਾਨ ਕਾਲ :**

ਤੱਤ-ਗੁਰਮਤਿ ਦੇ ਧਾਰਨੀ ਗੁਰਸਿੱਖ ਪਰਿਵਾਰਾਂ ਵਿਚ ਇਹ ਰੀਤ ਚਲੀ ਆ ਰਹੀ ਹੈ ਕਿ ਬੱਚੇ ਦੇ ਜਨਮ ਤੋਂ ਤੁਰੰਤ ਮਗਰੋਂ ਉਸਨੂੰ ਅੰਮ੍ਰਿਤ ਸਿੰਚਾਰ ਸਮਾਗਮ ਵਿਚ ਲਿਜਾ ਕੇ ਅੰਮ੍ਰਿਤ-ਬੂੰਦਾਂ ਛਕਾ ਲੈਂਦੇ ਹਨ। ਬੱਚੇ ਦੇ ਸੁਰਤ ਸੰਭਾਲਣ ਅਤੇ ਅੱਖਰ ਸਿਖਣ ਸਾਰ ਉਸ ਨੂੰ ਫਿਰ ਅੰਮ੍ਰਿਤ ਸਿੰਚਾਰ ਸਮਾਗਮ ਵਿਚ ਪੇਸ਼ ਕਰ ਕੇ ਪੂਰਨ ਮਰਯਾਦਾ ਸਹਿਤ ਅੰਮ੍ਰਿਤ ਪਾਨ ਕਰਾ ਦਿੰਦੇ ਹਨ।

ਸਾਧਾਰਨ ਗੁਰਸਿੱਖ ਪਰਿਵਾਰਾਂ ਵਿਚ ਮਾਪਿਆਂ ਵਲੋਂ ਆਪਣੀ ਔਲਾਦ ਨੂੰ ਅੰਮ੍ਰਿਤ ਪਾਨ ਕਰਾਉਣ ਲਈ ਕੋਈ ਵਿਸ਼ੇਸ਼ ਧਿਆਨ ਨਹੀਂ ਦਿੱਤਾ ਜਾਂਦਾ। ਵੈਸੇ ਉਹਨਾਂ ਦੀ ਦਿਲੀ ਖ਼ਾਹਸ਼ ਹੁੰਦੀ ਹੈ ਕਿ ਉਹਨਾਂ ਦੇ ਬੱਚੇ ਅੰਮ੍ਰਿਤਧਾਰੀ ਹੋ ਕੇ ਸੁਚੱਜਾ ਜੀਵਨ ਬਤੀਤ ਕਰਨ, ਪਰ ਉਹ ਬੱਚਿਆਂ ਉਤੇ ਅੰਮ੍ਰਿਤ ਪਾਨ ਕਰਨ ਲਈ ਕੋਈ ਦਬਾਅ ਨਹੀਂ ਪਾਉਂਦੇ। ਉਹ ਇਸ ਵਿਚਾਰਧਾਰਾ ਦੇ ਧਾਰਨੀ ਹੁੰਦੇ ਹਨ ਕਿ ਉਹਨਾਂ ਦੇ ਬੱਚੇ ਸਹਿਜੇ ਸਹਿਜੇ ਆਪਣੇ ਆਪ ਅੰਮ੍ਰਿਤ ਪਾਨ ਕਰ ਲੈਣਗੇ। ਅਜਿਹੇ ਪਰਿਵਾਰਾਂ ਦੇ ਬੱਚਿਆਂ ਨੂੰ ਸਹਿਜਧਾਰੀ ਦੀ ਸੰਗਿਆ ਦਿੱਤੀ ਜਾ ਸਕਦੀ ਹੈ।

ਦੂਜੇ ਧਰਮਾਂ (ਹਿੰਦੂ, ਮੁਸਲਿਮ, ਈਸਾਈ ਆਦਿ) ਦੇ ਧਾਰਨੀ ਵਿਅਕਤੀ, ਜਿਹੜੇ ਸਿੱਖ ਇਤਿਹਾਸ ਤੋਂ ਜਾਂ ਗੁਰਬਾਣੀ ਦੀ ਵੀਚਾਰਧਾਰਾ ਤੋਂ ਪ੍ਰਭਾਵਤ ਹੋ ਕੇ ਗੁਰਬਾਣੀ ਨਾਲ ਪਿਆਰ ਕਰਦੇ ਹਨ, ਉਹਨਾਂ ਦੇ ਚਰਨਾਂ ਤੋਂ ਕੁਰਬਾਨ! ਅਜਿਹੇ ਸੁਭਾਗੇ ਵਿਅਕਤੀਆਂ ਨੂੰ ਗੁਰਬਾਣੀ ਦੇ ਸ਼ਰਧਾਲੂ ਕਿਹਾ ਜਾ ਸਕਦਾ ਹੈ। ਕੇਸਾਂ ਦੇ ਧਾਰਨੀ ਹੋਣ ਤੋਂ ਬਗ਼ੈਰ ਕੋਈ 'ਸਿੱਖ' ਦੀ ਸ਼੍ਰੇਣੀ ਵਿੱਚ ਕਿਵੇਂ ਸ਼ੁਮਾਰ ਕੀਤਾ ਜਾ ਸਕਦਾ ਹੈ?

ਕਈ ਵੀਰ ਇਸ ਵਿਚਾਰਧਾਰਾ ਤੋਂ ਖਿੱਝਦੇ ਹਨ ਅਤੇ ਇਸ ਨੂੰ ਕੱਟੜ ਅਥਵਾ ਪਿਛਾਂਹ-ਖਿੱਚੂ ਵਿਚਾਰਧਾਰਾ ਆਖਦੇ ਹਨ, ਪਰ ਇਹ ਇਕ ਤਲਖ਼ ਸੱਚ ਹੈ ਕਿ ਉਹਨਾਂ ਦੀ ਅਖੌਤੀ ਉਦਾਰ ਵਿਚਾਰਧਾਰਾ ਨੇ ਕੌਮ ਦਾ ਬੇਤਹਾਸ਼ਾ ਨੁਕਸਾਨ ਕੀਤਾ ਹੈ। ਕੀ ਇਹ ਸਚਾਈ ਨਹੀਂ ਕਿ ਜਿਹੜਾ ਵਿਅਕਤੀ ਕਿਸੇ ਕਾਰਨ ਅੱਜ ਸਿਰ ਮੂੰਹ ਮੁਨਾਅ ਲੈਂਦਾ ਹੈ, ਉਹ ਕੁਝ ਚਿਰ ਪਾ ਕੇ ਜਾਂ ਕਿਸੇ ਦੂਜੀ ਥਾਵੇਂ ਜਾ ਕੇ ਸਹਿਜਧਾਰੀ ਵਜੋਂ ਆਪਣੀ ਪਤਤ ਬਣਾ ਲੈਂਦਾ ਹੈ। ਜਿਨ੍ਹਾਂ ਵੀਰਾਂ ਨੂੰ ਵਿਦੇਸ਼ ਜਾਣ ਦਾ ਅਉਸਰ ਪ੍ਰਾਪਤ ਹੋਇਆ ਹੈ, ਉਹ ਭਲੀ ਪ੍ਰਕਾਰ ਜਾਣਦੇ ਹਨ ਕਿ ਕੁਝ ਵਿਅਕਤੀ, ਜਿਨ੍ਹਾਂ ਨੇ ਵਿਦੇਸ਼ ਜਾ ਕੇ ਕੁਝ ਚਿਰ ਪਹਿਲਾਂ ਸਿਰ ਮੂੰਹ ਮੁਨਾਅ ਦਿੱਤੇ ਸਨ, ਉਹ ਅੱਜ ਸਹਿਜਧਾਰੀ ਸਿੱਖ ਹੋਣ ਦਾ ਦਾਅਵਾ ਬੰਨ੍ਹਦੇ ਹਨ। ਉਹਨਾਂ ਨੇ ਕਈ ਗੁਰਦਵਾਰਿਆਂ ਦਾ ਪ੍ਰਬੰਧ ਸੰਭਾਲਿਆ ਹੋਇਆ ਹੈ। ਉਹ ਖੁਲ੍ਹ-ਮ-ਖੁਲ੍ਹਾ ਐਲਾਨ ਕਰਦੇ ਹਨ ਕਿ ਉਹ ਮਨ ਕਰਕੇ ਸਿੱਖ ਹਨ ਅਤੇ ਸ਼ਰਧਾ ਭਾਵਨਾ ਦੇ ਪੱਖੋਂ ਕਿਸੇ ਤਰ੍ਹਾਂ ਕੇਸਾਧਾਰੀਆਂ ਤੋਂ ਘੱਟ ਨਹੀਂ ਅਤੇ ਉਹਨਾਂ ਨੂੰ ਦੋ ਨੰਬਰ ਦੇ ਸਿੱਖ ਸਮਝਣਾ ਉਹਨਾਂ ਨਾਲ ਬੇਇਨਸਾਫ਼ੀ ਹੀ ਨਹੀਂ, ਉਹਨਾਂ ਦਾ ਤ੍ਰਿਸਕਾਰ ਹੈ। ਵਿਦੇਸ਼ਾਂ ਵਿਚ ਅਜਿਹੇ ਮੋਨੇ ਸਿੱਖਾਂ ਅਤੇ ਕੇਸਾਧਾਰੀ ਸਿੱਖਾਂ ਵਿਚਕਾਰ ਗੁਰਦਵਾਰਿਆਂ ਦੇ ਪ੍ਰਬੰਧ ਸੰਬੰਧੀ ਕਈ ਥਾਵੇਂ ਪਰਸਪਰ ਖਹਿ-ਮ-ਖਹਿ ਚਲਦੀ ਦਸੀਂਦੀ ਹੈ।

ਸੋ, ਉਪਰੋਕਤ ਤੱਥਾਂ ਦੀ ਰੌਸ਼ਨੀ ਵਿਚ ਮਨ ਅੰਦਰ ਕੁਝ ਸ਼ੰਕੇ ਉਭਰਦੇ ਹਨ :

(1) ਕੋਈ ਵਿਅਕਤੀ ਜੀਵਨ ਵਿਚ ਕੁਝ ਸਮਾਂ ਸਹਿਜਧਾਰੀ ਦੇ ਰੂਪ ਵਿਚ ਵਿਚਰੇ, ਇਹ ਗੱਲ ਸਮਝ ਪੈਂਦੀ



www.AKJ.Org

ਹੈ, ਪਰ ਕੋਈ ਸਾਰੀ ਉਮਰ ਹੀ ਸਹਿਜਧਾਰੀ ਰਵ੍ਹੇ, ਬਲਕਿ ਉਸ ਦੀ ਅਲ-ਔਲਾਦ, ਪੁਸ਼ਤ-ਦਰ-ਪੁਸ਼ਤ ਸਹਜਧਾਰੀ ਚਲਦੀ ਜਾਏ, ਇਹ ਗੱਲ ਸਮਝ ਤੋਂ ਪਰ੍ਹੇ ਹੈ।

(2) ਜੇ ਕੋਈ ਵਿਅਕਤੀ ਸਹਿਜਧਾਰੀ ਬਣੇ ਅਥਵਾ ਸਹਿਜੇ ਸਹਿਜੇ ਖਾਲਸਾ ਸਜਨ ਦੀ ਪ੍ਰਤਿਗਿਆ ਆਪਣੇ ਮਨ ਨਾਲ ਕਰੇ, ਪਰ ਜੀਵਨ ਭਰ ਪ੍ਰਤਿਗਿਆ ਨੂੰ ਨਾ ਨਿਭਾਵੇ, ਸਗੋਂ ਅਜਿਹੀ ਹੀ ਸਥਿਤੀ ਉਸਦੀ ਪੁਸ਼ਤ-ਦਰ-ਪੁਸ਼ਤ ਚੱਲੀ ਜਾਵੇ ਤਾਂ ਕੀ ਇਹ ਸਹਿਜਧਾਰੀ ਪ੍ਰਥਾ ਦੀ ਅਯੋਗ ਵਰਤੋਂ ਨਹੀਂ?

(3) ਇਕ ਸਿੱਖ ਦੀ ਕੀ ਪਛਾਣ ਹੈ? ਕੀ ਇਹ ਯਥਾਰਥ ਨਹੀਂ ਕਿ ਸਿੱਖੀ ਨਾ **ਇਕੱਲੇ** ਤਨ ਦੀ ਹੈ ਨਾ ਇਕੱਲੇ ਮਨ ਦੀ, ਸਗੋਂ ਸਿੱਖੀ ਤਨ **ਤੇ ਮਨ** ਦੋਹਾਂ ਦੀ ਦਰਕਾਰ ਹੈ?

(4) 'ਸਿੱਖੀ **ਕੇਸਾਂ ਸਵਾਸਾਂ** ਸੰਗ ਨਿਭੇ' ਦੇ ਕੀ ਅਰਥ ਹਨ? ਮੇਰੀ ਜਾਚੇ **ਇਸ ਦਾ** ਭਾਵ **ਇਹ** ਹੈ ਕਿ ਇਕ ਸਿੱਖ ਲਈ ਜੀਵਨ ਵਿਚ ਕੇ**ਸਾਂ ਦੀ ਮਹੱਤਤਾ** ਸਵਾਸਾਂ ਜਿੰਨੀ ਹੈ।

(5) ਜਿਨ੍ਹਾਂ ਸੁਭਾਗੇ ਵਿਅਕਤੀਆਂ ਨੂੰ ਸਿੱਖੀ ਮਨ ਕਰਕੇ ਪਿਆਰੀ ਲਗਦੀ ਹੈ, ਉਹਨਾਂ ਨੂੰ ਤਨ ਕਰਕੇ ਸਿੱਖੀ ਧਾਰਨ ਵਿਚ ਕੀ ਔਖ ਜਾਂ ਅੜਚਣ ਹੈ?

ਕੇਵਲ ਕੇਸ?

(6) ਜੇ ਕੋਈ ਵਰ੍ਹਿਆਂ-ਬੱਧੀ, ਬਲਕਿ ਜੀਵਨ-ਭਰ ਕੇਸ ਦਾੜ੍ਹੀ ਨਿਰੰਤਰ ਮੁਨਾਉਣ ਵਾਲਾ (ਸਿਰ ਗੁੰਮ) ਸਹਿਜਧਾਰੀ ਹੋ ਸਕਦਾ ਹੈ ਤਾਂ ਕਦੀ ਕਦੀ ਦਾੜ੍ਹੀ ਕੁਤਰਨ ਵਾਲੇ ਵਿਅਕਤੀ ਦਾ ਸਹਿਜਧਾਰੀ ਹੋਣ ਦਾ ਦਾਅਵਾ ਕਿਉਂ ਕਾਬਲੇ-ਕਬੂਲ ਨਹੀਂ?

(7) ਜੇ ਕਿਸੇ ਵਿਅਕਤੀ ਦਾ ਨਿਸ਼ਾਨਾ ਸਹਿਜੇ ਸਹਿਜੇ ਖਾਲਸਾ ਸਜਣਾ ਹੋਵੇ ਤਾਂ ਲਗਾਤਾਰ ਕੇਸ ਦਾੜ੍ਹੀ ਮੁਨਾਉਂਦੇ ਜਾਣ ਦਾ ਕੀ ਅਰਥ?

(ਨੋਟ : ਭਾਈ ਕਾਨ੍ਹ ਸਿੰਘ ਜੀ ਨਾਭਾ ਨੇ ਮਹਾਨ ਕੋਸ਼ ਵਿਚ (ਪੰਨਾ ੬੯੨ ਨਵਾਂ ਸੰਸਕਰਣ) ਸਹਿਜਧਾਰੀ ਦਾ ਜੋ ਚਿਤਰ ਦਿੱਤਾ ਹੋਇਆ ਹੈ, ਉਹ ਜਟਾ ਜੂਟ ਹੈ।)

(8) ਜਨਮਸਾਖੀ ਵਿਚ ਅੰਕਤ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਕਾਜ਼ੀ ਰੁਕਨਦੀਨ ਨਾਲ ਵਾਰਤਾਲਾਪ ਵਿਚ ਹੇਠ ਲਿਖੇ ਬਚਨ ਆਉਂਦੇ ਹਨ:

**ਸਾਬਤ ਸੂਰਤ ਰਬ ਦੀ ਭੰਨੇ ਬੇਈਮਾਨ ॥**

ਕਾਬਲ ਦੀ ਸੰਗਤ ਦੇ ਨਾਂ ਲਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮਨਾਮੇ ਵਿਚ ਹਜ਼ੂਰ ਦੇ ਬਚਨ ਹਨ : '**ਕੇਸ ਗੁਰੂ ਕੀ ਮੁਹਰ ਹਨ**'। ਸੋ, ਗੁਰੂ ਦੀ ਮੁਹਰ ਦਾ ਤ੍ਰਿਸਕਾਰ ਕਰ ਕੇ ਅਤੇ ਸਾਬਤ ਸੂਰਤ ਵਿਗਾੜ ਕੇ ਕੋਈ 'ਬੇਈਮਾਨੀ' ਦਾ ਭਾਗੀ ਕਿਉਂ ਬਣੇ?

(9) ਕੀ ਇਹ ਹੱਡੀਂ ਹੰਢਾਇਆ ਸੱਚ ਨਹੀਂ ਕਿ ਜੋ ਦਰਵਾਜ਼ਾ ਕੇਸ ਦਾੜ੍ਹੀ ਮੁਨਾਉਣ ਵਾਲਿਆਂ ਨੂੰ ਸਹਿਜਧਾਰੀ ਦਾ ਲੇਬਲ ਲਾ ਕੇ ਸਿੱਖੀ-ਮੰਡਲ ਵਿਚ ਦਾਖ਼ਲ ਕਰਨ ਲਈ ਕਿਸੇ ਸਿਆਸੀ ਜਾਂ ਕਿਸੇ ਹੋਰ (ਗਿਣਤੀ ਵਧਾਉਣ ਦੇ) ਮਨੋਰਥ ਲਈ ਖੋਲਿਆ ਗਿਆ ਸੀ, ਉਸ ਰਾਹੀਂ ਦਾਖ਼ਲ ਹੋਣ ਵਾਲਿਆਂ ਦੀ ਗਿਣਤੀ ਤੋਂ ਕਿਤੇ ਵੱਧ ਸਿੱਖ ਵਿਅਕਤੀ ਮੂੰਹ ਸਿਰ ਮੁੰਨਾਅ ਕੇ ਸਿੱਖੀ-ਮੰਡਲ ਤੋਂ ਬਾਹਰ ਜਾ ਚੁੱਕੇ ਹਨ ਅਤੇ ਨਿਰੰਤਰ ਬਾਹਰ ਜਾ ਰਹੇ ਹਨ? ਕੀ ਇਸਦਾ ਲੇਖਾ ਜੋਖਾ ਕਰ ਲੈਣਾ ਮਾੜੀ ਗੱਲ ਹੈ?

(10) ਭਾਈ ਸਹਿਬ ਭਾਈ ਗੁਰਦਾਸ ਜੀ ਦਾ ਕਥਨ ਹੈ: **"ਗੁਰ ਸਿਖ ਲੈ ਗੁਰਸਿੱਖ ਸਦਾਇਆ"** (ਗੁਰੂ ਦੀ ਸਿਖਿਆ ਧਾਰਨ ਕਰ ਕੇ ਹੀ ਕੋਈ ਗੁਰਸਿਖ ਅਖਵਾ ਸਕਦਾ ਹੈ), ਭਾਵ, ਹਰ ਗੁਰਸਿਖ ਲਈ ਗੁਰ-ਦੀਖਿਅਤ ਹੋਣਾ ਮੁਢਲੀ ਸ਼ਰਤ ਹੈ। ਗੁਰ-ਦੀਖਿਅਤ ਹੋਣ ਦਾ ਮਾਧਿਅਮ ਸਿੱਖ ਧਰਮ ਵਿਚ 'ਅੰਮ੍ਰਿਤ-ਪਾਨ' ਹੈ। ਸਹਿਜਧਾਰੀ ਸਿੱਖ ਹੋਣ ਦੇ ਦਾਅਵੇਦਾਰ ਅਤੇ ਨੰਬਰ ਇਕ ਸਿੱਖ ਹੋਣ ਦਾ ਐਲਾਨ ਕਰਨ ਵਾਲੇ ਵੀਰ ਕਦੋਂ, ਕਿਥੋਂ ਅਤੇ ਕਿਵੇਂ ਗੁਰ-ਦੀਖਿਅਤ ਹੋਏ ਹੋਏ ਹਨ?

ਮੈਂ ਆਰੰਭ ਵਿਚ ਵੀ ਸੰਕੇਤ ਕੀਤਾ ਹੈ ਅਤੇ ਅੰਤ ਵਿਚ ਫਿਰ ਅਧੀਨਗੀ ਸਹਿਤ ਸਪੱਸ਼ਟ ਕਰਦਾ ਹਾਂ ਕਿ ਮੈਂ ਗੁਰਬਾਣੀ ਨਾਲ ਹਿਤ ਕਰਨ ਵਾਲੇ ਪ੍ਰੇਮੀ ਸੱਜਣਾਂ ਦਾ ਦਿਲੋਂ ਸਤਿਕਾਰ ਕਰਦਾ ਹਾਂ ਅਤੇ ਉਹਨਾਂ ਦੇ ਚਰਨਾਂ ਦੀ ਧੂੜ ਦਾ ਭਿਖਾਰੀ ਹਾਂ; ਉਪਰੋਕਤ ਸ਼ੰਕੇ ਸਿਧਾਂਤਕ ਨੁਕਤੇ ਹਨ ਜੋ ਕਿਸੇ ਲਗ-ਲਪੇਟ ਤੋਂ ਬਿਨਾਂ ਵਰਨਣ ਕੀਤੇ ਜਾਣੇ ਬਣਦੇ ਹਨ। ਇਸ ਲਈ ਮੈਂ ਬਾਰ ਬਾਰ ਖਿਮਾਂ ਦੀ ਜਾਚਨਾ ਕਰਦਾ ਹਾਂ।

## ਭੁੱਲ ਦੀ ਸੋਧ

ਜਨਵਰੀ ੯੫ "ਸੂਰਾ" ਦੇ ਮੁੱਖ ਪੰਨੇ ਤੇ ਲਿਖੇ ਸ਼ਬਦ "ਮੰਜ਼ੂਰ" ਨੂੰ ਗੰਜ਼ੂਰ ਅਤੇ "ਗੁਰੁ" ਨੂੰ ਗੁਰੂ ਪੜ੍ਹਿਆ ਜਾਏ ਜੀ।


www.AKJ.Org

# ਆਜ਼ਾਦੀ ਦੀ ਲਹਿਰ ਤੇ ਭਾਈ ਰਣਧੀਰ ਸਿੰਘ

(ਭਾਈ ਹਰਿਭਜਨ ਸਿੰਘ ਚਮਿੰਡਾ)

ਮਾਲਵੇ ਵਿਚ ਭਾਈ ਰਣਧੀਰ ਸਿੰਘ ਦੇ ਜਥਿਆਂ ਤੇ ਮਾਝੇ ਵਿਚ ਬਾਬਾ ਜਵੰਦ ਸਿੰਘ ਦੇ ਘੋੜ-ਸਵਾਰ ਜਥਿਆਂ ਨੇ ਮੰਤ ਨੂੰ ਗਲ ਲਾਇਆ। ਇਨ੍ਹਾਂ ਜਥਿਆਂ ਵਿਚ ਇੰਨਾਂ ਜੋਸ਼ ਸੀ ਕਿ ਲੋਹਟ ਬੱਦੀ, ਗੁਜਰਵਾਲ, ਢੰਡਾਰੀ, ਨਾਰੰਗਵਾਲ ਤੇ ਖੰਨਾ ਆਦਿ ਥਾਵਾਂ ਤੇ ਖੁਫ਼ੀਆ ਮੀਟਿੰਗਾਂ ਹੋਈਆਂ, ਜਿਨ੍ਹਾਂ ਵਿਚ ਭਾਈ ਸਾਹਿਬ (ਰਣਧੀਰ ਸਿੰਘ), ਭਾਈ ਅਤਰ ਸਿੰਘ, ਭਾਈ ਦਲੀਪ ਸਿੰਘ, ਭਾਈ ਸੁਰਜਨ ਸਿੰਘ, ਬਾਬਾ ਰਾਮ ਸਿੰਘ ਤੇ ਦਾਸ ਹਰ ਥਾਂ ਹਾਜ਼ਰ ਹੁੰਦੇ ਰਹੇ। ਲੰਡੇ ਮੰਡੀ ਲਾਹੌਰ ਦੇ ਭਾਰੀ ਦੀਵਾਨ ਅਤੇ 1914 ਵਿਚ ਮੰਡੀ ਆਦਿ ਦੇ ਦੀਵਾਨਾਂ ਵਿਚ ਭਾਈ ਸਾਹਿਬ ਦਾ ਜੱਥਾ ਗੱਜ ਵੱਜ ਕੇ ਸ਼ਾਮਲ ਹੁੰਦਾ ਰਿਹਾ। ਲੁਧਿਆਣਾ ਦੇ ਸਭ ਮਾਸਟਰ, ਵਕੀਲ ਤੇ ਸਰਕਰਦਾ ਸੱਜਣ ਲੰਡੇ ਮੰਡੀ ਭਾਈ ਸਾਹਿਬ ਦੀ ਵਸਾਮਤ ਨਾਲ ਹੀ ਉਥੇ ਗਏ ਤੇ ਮਹਿੰਦਰ ਸਿੰਘ ਮਨਸੂਰਾਂ ਭਾਈ ਸਾਹਿਬ ਸਦਕਾ ਹੀ ਲੰਡੇ ਮੰਡੀ ਦੀਵਾਨ ਦੇ ਪ੍ਰਧਾਨ ਬਣੇ ਸਨ।

ਗਦਰ ਮਚਾਉਣ ਦੀ ਤਾਰੀਖ 21 ਫਰਵਰੀ 1915 ਰਾਤ ਦੇ ਬਾਰ੍ਹਾਂ ਵਜੇ ਨੀਯਤ ਹੋ ਚੁੱਕੀ ਸੀ, ਜਦੋਂ ਕਿ ਹਰ ਜ਼ਿਲ੍ਹੇ ਵਿਚ ਤੇ ਹਰ ਛਾਉਣੀ ਵਿਚ ਸੰਬੰਧਤ ਸੱਜਣਾਂ ਆਪੋ ਵਿਚ ਮਿਲ ਕੇ ਤੇ ਹਥਿਆਰ ਪ੍ਰਾਪਤ ਕਰ ਕੇ ਰਾਤ ਦੇ ਬਾਰ੍ਹਾਂ ਵਜੇ ਗਦਰ ਸ਼ੁਰੂ ਕਰ ਦੇਣਾ ਸੀ। ਕਿਰਪਾਲ ਸਿੰਘ ਦੇ ਭੇਦ ਖੋਲ੍ਹ ਦੇਣ ਤੇ ਲੀਡਰਾਂ ਨੇ ਇਹ ਤਾਰੀਖ ਬਦਲ ਕੇ 19 ਫਰਵਰੀ 1915 ਕਰ ਦਿੱਤੀ। ਜਿਸ ਦੀ ਇਤਲਾਹ ਗੁਪਤ ਤੌਰ ਤੇ ਹੀ ਥਾਉਂ ਥਾਈਂ ਪਹੁੰਚਾਣੀ ਸੀ। ਕਰਤਾਰ ਸਿੰਘ ਸਰਾਭਾ ਤੇ ਭਾਈ ਸਾਹਿਬ ਦੇ ਜੱਥੇ ਦੀ ਡਿਊਟੀ ਫਿਰੋਜ਼ਪੁਰ ਜਾ ਕੇ ਉਥੋਂ ਫੌਜੀਆਂ ਤੋਂ ਹਥਿਆਰ ਲੈ ਕੇ ਕਿਲ੍ਹੇ ਤੇ ਧਾਵਾ ਬੋਲਣ ਦੀ ਸੀ। ਇਸ ਲਈ ਕਰਤਾਰ ਸਿੰਘ ਜਿਸ ਨੇ ਖੁਦ ਤਰੀਕ ਬਦਲੀ ਸੀ ਇਤਲਾਹ ਦੇਣ ਲਈ ਭਾਈ ਸਾਹਿਬ ਨੂੰ ਗਿੱਲ ਪਿੰਡ ਵਿੱਚ ਉਸ ਰਾਹ ਤੇ ਮਿਲਿਆ ਜਿਹੜਾ ਕਿ ਪਿੰਡ ਦੇ ਵਿਚਦੀ ਢੰਡਾਰੀ ਨੂੰ ਜਾਂਦਾ ਹੈ। ਕਰਤਾਰ ਸਿੰਘ ਨੂੰ ਪਤਾ ਸੀ ਕਿ ਜੱਥੇ ਨੇ ਏਥੋਂ ਦੀ ਲੰਘਣਾ ਹੈ। ਸੋ ਉਹ ਅਗਾਉਂ ਹੀ ਉਥੇ ਆ ਖਲੋਤਾ ਸੀ ਤੇ ਜੱਥੇ ਦੇ ਉਥੇ ਪੁੱਜਣ ਤੇ ਉਹ ਭਾਈ ਸਾਹਿਬ ਨੂੰ ਮਿਲਿਆ ਤੇ ਬੇਨਤੀ ਕੀਤੀ ਕਿ ਕਿਰਪਾਲ ਸਿੰਘ ਦੀ ਗ਼ਦਾਰੀ ਕਾਰਨ ਆਪ 21 ਨੂੰ ਨਹੀਂ, ਸਗੋਂ 19 ਫਰਵਰੀ ਨੂੰ ਫ਼ਿਰੋਜ਼ਪੁਰ ਜਾ ਕੇ ਫੌਜੀਆਂ ਨਾਲ ਮਿਲ ਕੇ ਗਦਰ ਕਰਨਾ ਹੈ। ਇਸ ਸਮੇਂ ਕਈ ਪ੍ਰਸ਼ਨ ਭਾਈ ਸਾਹਿਬ ਨੇ ਕਰਤਾਰ ਸਿੰਘ ਤੇ ਕੀਤੇ ਤੇ ਉਸ ਨੇ ਭੀ ਕਈ ਹਦਾਇਤਾਂ ਦਿਤੀਆਂ। ਜਿਵੇਂ ਕਿ ਭਾਈ ਸਾਹਿਬ ਨੇ ਪੁੱਛਿਆ ਕਿ ਤੁਹਾਡੇ ਪਾਸ ਕਿਤਨੀਆਂ ਕਾਰਾਂ ਹਨ ਤਾਂ ਉਸ ਨੇ ਉੱਤਰ ਦਿੱਤਾ ਕਿ ਜਿਤਨੀਆਂ ਵੀ ਕਾਰਾਂ ਮੋਟਰਾਂ ਸ਼ਹਿਰਾਂ ਵਿਚ ਖੜੀਆਂ ਹਨ, ਸਭ ਗ਼ਦਰ ਸਮੇਂ ਸਾਡੀਆਂ ਹੋਣਗੀਆਂ। ਸਭ ਫੌਜਾਂ ਸਾਡੇ ਨਾਲ ਹਨ। ਤੁਸੀਂ ਕੋਈ ਹਥਿਆਰ ਆਪਣੇ ਨਾਲ ਨਾ ਲਿਆਉਣਾ, ਉਹ ਸਗੋਂ ਉਥੋਂ ਮਿਲਣਗੇ। ਪਰ ਭਾਈ ਸਾਹਿਬ ਨੇ ਕਿਹਾ ਕਿ ਸਫਾ ਜੰਗ, ਚਕਰ ਤੇ ਕਿਰਪਾਨ ਜਿਹੜੀ ਅਸੀਂ ਸਜਾਂਦੇ ਹਾਂ, ਜ਼ਰੂਰ ਏਵੇਂ ਹੀ ਰੱਖਾਂਗੇ। ਬਾਕੀ ਤੁਸੀਂ ਜੋ ਦਿਓਗੇ ਲੈ ਲਵਾਂਗੇ। ਕਰਤਾਰ ਸਿੰਘ ਨੇ ਹੋਰ ਕਿਹਾ ਕਿ ਚਾਨਣੀ ਰਾਤ ਵਿਚ ਕਾਲੀ ਪੱਗ ਦਾ ਨਿਸ਼ਾਨ ਸੌਖਾ ਲਭ ਸਕਦਾ ਹੈ ਤੇ ਕਾਲੀਆਂ ਪੱਗਾਂ ਲਾਹ ਆਉਣੀਆਂ। ਪਰ ਭਾਈ ਸਾਹਿਬ ਨੇ ਕਿਹਾ ਕਿ ਸਾਡੇ ਸ਼ਸਤ੍ਰ-ਅਸਤ੍ਰ ਤੇ ਪੱਗਾਂ ਇਸੇ ਤਰ੍ਹਾਂ ਹੀ ਰਹਿਣਗੇ, ਉਹ ਉਤਾਰੇ ਨਹੀਂ ਜਾ ਸਕਦੇ। ਏਨੇ ਵਚਨ ਅਲਾਪ ਕਰ ਕੇ ਕਰਤਾਰ ਸਿੰਘ ਵਿਦਾ ਹੋਇਆ ਤੇ ਵਿਛੜਨ ਸਮੇਂ ਭਾਈ ਸਾਹਿਬ ਨੇ ਉਸ ਨੂੰ ਥਾਪੀ ਦਿਤੀ ਤੇ ਜੱਥਾ ਛੋਟੀ ਢੰਡਾਰੀ ਨੂੰ ਤੁਰ ਗਿਆ। ਇਹ ਵਾਕਿਆ 14 ਫਰਵਰੀ 1915 ਦਾ ਹੈ। ਢੰਡਾਰੀ ਜਾ ਕੇ ਅਖੰਡ ਪਾਠ ਕਰ ਕੇ 17 ਫਰਵਰੀ ਨੂੰ ਭੋਗ ਪੈ ਗਿਆ। ਇਸ ਤੋਂ ਬਾਅਦ ਬੰਦ ਕਮਰੇ ਵਿਚ ਮੀਟਿੰਗ ਹੋਈ। ਜਿਸ ਵਿਚ ਭਾਈ ਸਾਹਿਬ ਨੇ 19 ਤਰੀਕ ਨੂੰ ਫ਼ਿਰੋਜ਼ਪੁਰ ਜਾ ਕੇ ਫੌਜੀਆ ਤੇ ਦੇਸ਼-ਭਗਤਾਂ ਨਾਲ ਮਿਲ ਕੇ ਗ਼ਦਰ ਕਰਨ ਦਾ ਸਵਾਲ ਸੰਗਤ ਅੱਗੇ ਰੱਖਿਆ। ਭਾਈ ਸੁਰਜਨ ਸਿੰਘ ਨੇ ਵਿਰੋਧਤਾ ਕੀਤੀ ਕਿ ਖਾਲਸੇ ਨੂੰ ਰਾਜ ਕਾਜ ਨਾਲ ਕੀ ਕੰਮ ਹੈ, ਸਾਨੂੰ ਉਥੇ ਨਹੀਂ ਜਾਣਾ ਚਾਹੀਦਾ। ਪਰ ਭਾਈ ਸਾਹਿਬ ਨੇ ਖਾਸ ਅੰਦਾਜ਼ ਵਿਚ ਕਿਹਾ ਕਿ ਸਾਨੂੰ ਰਾਜ ਦੀ ਕੋਈ ਇੱਛਾ ਨਹੀਂ ਹੈ ਪਰ ਗੋਰਿਆਂ ਨੇ ਸਾਡੇ ਗੁਰਦਵਾਰੇ ਦੀ ਕੰਧ ਢਾਹੀ ਹੈ ਤੇ ਇਹ ਕੰਮ ਮੁਲਕ ਨੂੰ ਗ਼ੁਲਾਮੀ ਤੋਂ ਆਜ਼ਾਦੀ ਦਿਵਾਉਣ ਦਾ ਹੈ। ਸੋ ਸਾਨੂੰ ਉਥੇ ਜ਼ਰੂਰ ਪੁਜ ਕੇ ਗੋਰੇ-ਸ਼ਾਹੀ ਵਿਰੁੱਧ ਜੰਗ ਕਰਨਾ ਚਾਹੀਦਾ ਹੈ। ਫਿਰ ਕੀ ਸੀ, ਮਤਾ ਪਾਸ ਹੋ ਗਿਆ ਤੇ ਸ਼ਾਮ ਨੂੰ ਹਦਾਇਤ ਦਿਤੀ ਗਈ ਕਿ 19 ਫਰਵਰੀ ਨੂੰ ਸਭ ਨਾਰੰਗਵਾਲ ਭਾਈ ਸਾਹਿਬ ਦੇ ਘਰ ਪਹੁੰਚ ਜਾਓ, ਉਥੇ ਹੀ ਫੌਜਾਂ ਇਕੱਠੀਆਂ ਹੋਣਗੀਆਂ।

ਢੰਡਾਰੀ ਦੇ ਫੈਸਲੇ ਅਨੁਸਾਰ 19 ਤਰੀਕ ਸਵੇਰੇ ਤੋਂ ਸੰਗਤਾਂ ਨਾਰੰਗਵਾਲ ਜਮ੍ਹਾਂ ਹੋਣ ਲਗੀਆਂ। ਗੁਰੂ ਮਹਾਰਾਜ ਦੇ ਪ੍ਰਕਾਸ਼ ਹੋ ਗਏ। ਸ਼ਹੀਦੀ ਫੌਜਾਂ ਨੇ ਸ਼ਹੀਦ ਹੋਣ ਤੋਂ ਪਹਿਲਾਂ ਪੰਜਾਂ ਪਿਆਰਿਆਂ ਦੇ ਪੇਸ਼ ਹੋ ਕੇ ਭੁਲਾਂ ਬਖਸ਼ਾਈਆਂ। ਕੜ੍ਹਾਹ



www.AKJ.Org

ਪ੍ਰਸ਼ਾਦ ਦੀਆਂ ਦੇਗਾਂ ਅਤੁੱਟ ਵਰਤੀਆਂ। ਕਰਤਾਰ ਸਿੰਘ ਨੇ ਕਾਲੀ ਪਗੜੀ ਪਹਿਨਣ ਦੀ ਗੱਲ ਕਰਨ ਕਰਕੇ, ਇਕ 40 ਗਜ਼ ਦਾ ਥਾਨ ਖਾਕੀ ਕਪੜੇ ਦਾ ਲਿਆ ਤੇ ਸੰਗਤ ਵਿਚ ਪੇਸ਼ ਕਰ ਕੇ ਗਜ਼ ਗਜ਼ ਸਭ ਨੂੰ ਪਾੜ ਕੇ ਦੇ ਦਿਤਾ ਤੇ ਹਦਾਇਤ ਕਰ ਦਿਤੀ ਕਿ ਜਦੋਂ ਮੈਦਾਨੇ ਜੰਗ ਵਿਚ ਜਾਓ, ਇਹ ਰੁਮਾਲ ਦਸਤਾਰ ਉਪਰ ਬੰਨ੍ਹ ਲਵੋ, ਤਾਂ ਜੋ ਕਾਲੀ ਪੱਗ ਤੇ ਗੋਲੀ ਦਾ ਨਿਸ਼ਾਨਾ ਵਾਲੀ ਗੱਲ ਨਾ ਹੋ ਸਕੇ। ਦੁਪਹਿਰ ਤੋਂ ਬਾਅਦ ਸ਼ਹੀਦੀ ਸੰਗਤਾਂ ਮੁੱਲਾਂਪੁਰ ਦੇ ਸਟੇਸ਼ਨ ਤੋਂ ਸ਼ਹੀਦੀ ਅਰਦਾਸੇ ਸੋਧ ਕੇ ਤੁਰ ਪਈਆਂ। ਉਥੇ ਭਾਈ ਉੱਤਮ ਸਿੰਘ, ਈਸ਼ਰ ਸਿੰਘ ਤੇ ਰੰਗਾ ਸਿੰਘ ਵੀ ਰਾਹ ਵਿਚ ਮਿਲ ਗਏ। ਗੱਡੀ ਛੇ ਦੇ ਕਰੀਬ ਉਥੋਂ ਚਲਣੀ ਸੀ। ਗੱਡੀ ਪਲੇਟ ਫ਼ਾਰਮ ਤੇ ਆਉਣ ਤੇ ਕਿਸ਼ਨ ਸਿੰਘ ਜ਼ੈਲਦਾਰ ਲੁਧਿਆਣੇ ਤੋਂ ਆਉਂਦਾ ਇਥੇ ਉਤਰਿਆ। ਉਹ ਭਾਈ ਸਾਹਿਬ ਨੂੰ ਜਾਣਦਾ ਸੀ ਤੇ ਛੇਕੜ ਉਸਦੀ ਗਵਾਹੀ ਨਾਲ ਹੀ ਕੈਦਾਂ ਹੋਈਆਂ ਤੇ ਉਸਦਾ ਇਨਾਮ ਉਸ ਨੂੰ ਦੋ ਮੁਰੱਬੇ ਮਿਲੇ। ਜਿਸ ਦਿਨ ਦੋ ਮੁਰੱਬਿਆਂ ਦਾ ਆਰਡਰ ਆਇਆ, ਉਸੇ ਦਿਨ ਉਸ ਦੇ ਘਰ ਪੁੱਤਰ ਦਾ ਜਨਮ ਹੋਇਆ ਸੀ। ਉਸ ਨੇ ਪੁੱਤਰ ਨੂੰ ਖ਼ੁਸ਼ ਕਿਸਮਤ ਸਮਝ ਕੇ ਉਸ ਦਾ ਨਾਂ ਖੁਸ਼-ਕਿਸਮਤ ਰੱਖਿਆ, ਜਿਹੜਾ ਕਿ ਪਿਛਲੇ ਦਿਨੀਂ ਜ਼ਿਲ੍ਹਾ ਕੋਰਟਸ ਦਾ ਪ੍ਰੈਜ਼ੀਡੈਂਟ ਰਹਿ ਚੁੱਕਾ ਹੈ। ਤੇ ਅਸੀਂ ਗੱਡੀ ਚੜ੍ਹ ਕੇ ਫ਼ਿਰੋਜ਼ਪੁਰ ਦੀ ਛਾਉਣੀ ਨੂੰ ਰਵਾਨਾ ਹੋ ਗਏ। ਰਸਤੇ ਵਿਚ ਸਾਰੇ ਰਾਹ ਚੌਪਈ ਦਾ ਕੀਰਤਨ ਹੁੰਦਾ ਗਿਆ। ਸੰਗਤਾਂ ਉੱਤੇ ਸ਼ਹੀਦੀ ਪਾਉਣ ਦਾ ਤੇ ਦੇਸ਼ ਆਜ਼ਾਦ ਕਰਾਉਣ ਦਾ ਏਨਾ ਅਸਰ ਸੀ ਕਿ ਸਭ ਬੇਪਰਵਾਹ ਹੋ ਕੇ ਗਾਉਂਦੇ ਵਜਾਉਂਦੇ ਰਹੇ। ਦੇਸ਼-ਭਗਤ ਗ਼ਦਰ ਦੀਆਂ ਗੂੰਜਾਂ ਪੜ੍ਹਦੇ ਚਲੇ ਗਏ।

ਰਾਹ ਵਿਚ ਮੋਗੇ ਤੇ ਜਗਰਾਵਾਂ ਆਦਿ ਸਟੇਸ਼ਨਾਂ ਤੇ ਸਿੰਘ ਰਲਦੇ ਚਲੇ ਗਏ। ਇਹ ਸਾਰਾ ਜੱਥਾ ਚਾਲੀ ਪੰਜਾਹ ਦੇ ਕਰੀਬ ਹੋ ਗਿਆ। ਛਾਉਣੀ ਦੇ ਸਟੇਸ਼ਨ ਆਉਣ ਤੇ ਜਥਾ ਉਤਰ ਕੇ ਬਾਹਰ ਨਿਕਲਿਆ। ਇਸ ਦਾ ਸੁਆਗਤ ਕਰਨ ਲਈ ਅੱਗੇ ਕਰਤਾਰ ਸਿੰਘ ਖੜ੍ਹਾ ਸੀ। ਉਹ ਮੂਹਰੇ ਲੱਗ ਕੇ ਸਾਨੂੰ ਗੋਰਿਆਂ ਦੀਆਂ ਬੈਠਕਾਂ ਵਿਚੋਂ ਮੈਦਾਨੇ ਜੰਗ ਵਿਚ ਲੈ ਗਿਆ। ਇਹ ਥਾਂ ਕੁਝ ਰੇਤਲੀ ਤੇ ਬੂਝਿਆਂ ਵਾਲੀ ਸੀ। ਕਰਤਾਰ ਸਿੰਘ ਸਾਨੂੰ ਉਥੇ ਬਿਠਾ ਕੇ ਆਪ ਕਿਲ੍ਹੇ ਵਲ ਚਲਾ ਗਿਆ। ਏਥੇ ਤਕਰੀਬਨ ਡੇਢ ਦੋ ਸੌ ਆਦਮੀ ਇਕੱਠਾ ਹੋ ਚੁੱਕਾ ਸੀ। ਕਰਤਾਰ ਸਿੰਘ ਕਾਫ਼ੀ ਸਮਾਂ ਤਾਂ ਵਾਪਸ ਨਾ ਆਇਆ ਤੇ ਏਸ ਹਾਲਤ ਵਿਚ ਦੇਸ਼-ਭਗਤ ਇੰਨੇ ਬੇਸਬਰੇ ਹੋ ਚੁੱਕੇ ਸਨ ਕਿ ਉਹ ਹੱਥਾਂ ਵਿਚ ਪਿਸਤੌਲਾਂ ਫੜੀ ਕਹਿੰਦੇ ਸੁਣੇ ਗਏ ਕਿ ਸਮਾਂ ਹੋ ਚੁੱਕਾ ਹੈ, ਬਾਰ੍ਹਾਂ ਦੇ ਥਾਂ ਹੁਣ ਇਕ ਵੀ ਵਜ ਗਿਆ, ਪਰ ਕੋਈ ਹੁਕਮ ਕਿਉਂ ਨਹੀਂ ਹੁੰਦਾ। ਇਹ ਅੱਖਰ ਮੇਰੇ ਖੱਬੇ ਖੜਾ ਭਾਈ ਗਾਧਾ ਸਿੰਘ ਬੜੀ ਬੇਸਬਰੀ ਨਾਲ ਕਹਿ ਰਿਹਾ ਸੀ, ਪਰ ਕਰਤਾਰ ਸਿੰਘ ਦੇ ਨਾ ਆਉਣ ਨਾਲ ਸਾਰੇ ਦੇਸ਼-ਭਗਤ ਉਤਾਵਲੇ ਹੋ ਰਹੇ ਸਨ। ਆਖਿਰ ਇਕ ਤੋਂ ਬਾਅਦ ਕਰਤਾਰ ਸਿੰਘ ਛਾਉਣੀ ਵਿਚ ਘੁੰਮ-ਘੁਮਾ ਕੇ ਵਾਪਸ ਆ ਗਿਆ ਤੇ ਉਸ ਬੜੇ ਦੁੱਖ ਭਰੇ ਲਫ਼ਜ਼ਾਂ ਵਿਚ ਕਿਹਾ ਕਿ ਭਰਾਵੋ, ਸਾਨੂੰ ਅਸਲਾ ਦੇਣ ਵਾਲੇ ਫੌਜੀ ਭਰਾ ਕਈ ਦਿਨਾਂ ਤੋਂ ਛਾਉਣੀ ਤੋਂ ਕੱਢ ਕੇ ਕਿਤੇ ਲਾਂਭੇ ਕਰ ਦਿੱਤੇ ਗਏ ਹਨ। ਹੁਣ ਸਾਡੇ ਏਥੇ ਬੇ-ਹਥਿਆਰਾਂ ਦਾ ਇਕੱਠ ਕੋਈ ਮਹਿਨੇ ਨਹੀਂ ਰੱਖਦਾ। ਇਸ ਲਈ ਸਭ ਭਰਾ ਜਿੱਧਰ ਕਿਸੇ ਨੂੰ ਰਾਹ ਲੱਭੇ, ਖਿੰਡ ਜਾਓ। ਇਹ ਫ਼ੈਸਲਾ ਸਾਰੇ ਦੇਸ਼-ਭਗਤਾਂ, ਸ਼ਹੀਦੀ ਪਾਉਣ ਆਏ ਸਿੰਘਾਂ ਦੇ ਮਨਾ ਤੇ ਗੜ੍ਹਿਆਂ ਵਾਂਗ ਵਰ੍ਹਿਆ ਤੇ ਸਭ ਉਥੋਂ ਨਿਰਾਸ਼ ਖਿੰਡ ਪੁੰਡ ਗਏ।

ਜਿਸ ਦਾ ਅੰਦਾਜ਼ਾ ਹੇਠ ਲਿਖੀ ਕਵਿਤਾ ਤੋਂ ਲੱਗ ਸਕਦਾ ਹੈ, ਜੋ ਮੈਂ ਉਨ੍ਹਾਂ ਭਾਵਾਂ ਵਸ ਲਿਖੀ ਸੀ:

**ਫਿਰੋਜ਼ਪੁਰ ਛਾਉਣੀ ਦਾ ਗ਼ਦਰ ਫੇਲ੍ਹ ਹੋਣ ਤੋਂ ਬਾਅਦ ਸੂਰਮਿਆਂ ਦੇ ਦਿਲਾਂ ਤੇ ਕੀ ਬੀਤੀ**

ਰਾਵਲਪਿੰਡੀ, ਲਾਹੌਰ, ਫਿਰੋਜ਼ਪੁਰ ਫੌਜਾਂ ਤਿਆਰ ਬਰ-ਤਿਆਰ ਸੀ ਲੜਨ ਦੇ ਲਈ।
ਕਿਰਪਾਲ ਸਿੰਘ ਨਾ ਹੁੰਦਾ, ਡੇਟ ਬਦਲਦੀ ਨਾ ਗ਼ਦਰ ਕਰਨ ਦੇ ਲਈ।
ਦਰਦੀ ਵੀਰ ਨ' ਛਾਉਣੀਓਂ ਬਾਹਰ ਹੁੰਦਾ ਫੌਜਾਂ ਤਿਆਰ ਸੀ ਕਿਲ੍ਹੇ ਵਿਚ ਵੜਨ ਦੇ ਲਈ।
ਕਰਤਾਰ ਸਿੰਘ ਨੇ ਆ ਕਿ ਕਿਹਾ ਉਥੋਂ ਖਿਸਕੋ ਸਾਥੀ ਜੀ ਮੰਤਰ ਪੜ੍ਹਨ ਦੇ ਲਈ।
ਦੋ ਵਜ ਗਏ ਜਦ ਖਿੰਡ ਗਏ ਸਾਰੇ ਜੰਗ ਕਰਨ ਦੇ ਦਿਲੀਂ ਅਰਮਾਨ ਰਹਿ ਗਏ।
ਗਾਧਾ ਸਿੰਘ ਦੇ ਭਰੇ ਪਿਸਤੌਲ ਰਹਿ ਗਏ, ਖੰਡਰ ਕਲਾਂ ਦੇ ਵਿਚ ਮਿਆਨ ਰਹਿ ਗਏ।
ਉੱਤਮ ਸਿੰਘ ਦੇ ਹੱਥ ਦੇ ਆਟੋਮੈਟਿਕ ਖੜਕੇ ਕੜਕੇ ਕਿਉਂ ਨ ਚੁਪ ਚਾਪ ਰਹਿ ਗਏ।
ਈਸ਼ਰ ਸਿੰਘ ਦੇ ਭਰੇ ਰਿਵਾਲਵਰ ਭੀ ਕਰ ਕੁਝ ਨਾ ਸਕੇ ਬੇ-ਜ਼ੁਬਾਨ ਰਹਿ ਗਏ।
ਅਰਜਨ ਬੀਰ ਦੀ ਬੁਕਲਾਂ ਦੇ ਵਿਚ ਕਹਿੰਦੇ ਲੁਕੇ ਅਕਾਲ ਪ੍ਰਸ਼ਾਦ ਦੇ ਦਾਨ ਰਹਿ ਗਏ।
ਰੰਗ ਸਿੰਘ ਦੇ ਭੀ ਬਦਲ ਗਏ ਰੰਗ ਉਥੇ ਸਾਥੀ ਹੋਰ ਭੀ ਕਈ ਪਰੇਸ਼ਾਨ ਰਹਿ ਗਏ।
ਭਾਰਤ ਵਰਸ਼ ਹਾਇ? ਅਜ਼ਾਦ ਹੋਇਆ ਹੈ ਨਾ, ਉਹਦੇ ਸਿਰਾਂ ਦੇ ਉੱਤੇ ਸ਼ੈਤਾਨ ਰਹਿ ਗਏ।
ਖੜੇ ਰਹਿ ਗਏ ਜੇਲ੍ਹ ਦੇ ਕਸ਼ਟ ਸਿਰ ਤੇ, ਅੱਖੀਂ ਦੇਖਣ ਲਈ ਅੰਡੇਮਾਨ ਰਹਿ ਗਏ।
ਨਿੱਕੀ ਉਮਰ ਦੇ ਅਜੇ ਕਰਤਾਰ "ਸਾਥੀ" ਫਾਂਸੀ ਚੜ੍ਹਨ ਦੇ ਲਈ ਜਵਾਨ ਰਹਿ ਗਏ।



www.AKJ.Org

# ਕੀਰਤਨ ਰਸਦਾਇਕ ਕਿਵੇਂ ਹੋਵੇ

ਰਸਦਾਇਕ ਕੀਰਤਨ ਤਿੰਨਾਂ ਪੱਖਾਂ ਤੇ ਨਿਰਭਰ ਕਰਦਾ ਹੈ: (ੳ) ਵਾਤਾਵਰਨ (ਅ) ਕੀਰਤਨੀਏ ਅਤੇ (ੲ) ਸਰੋਤੇ।

**(ੳ) ਵਾਤਾਵਰਨ :** ਉਚਿਤ ਵਾਤਾਵਰਨ ਦੀ ਅਣਹੋਂਦ ਕੀਰਤਨ ਦੇ ਰਸ ਵਿੱਚ ਵਿਘਨ ਪਾਉਂਦੀ ਹੈ, ਕੀਰਤਨੀਆਂ ਅਤੇ ਸਰੋਤਿਆਂ ਦੀ ਬਿਰਤੀ ਨੂੰ ਟਿਕਣ ਨਹੀਂ ਦਿੰਦੀ। ਜਿੰਨੀ ਦੇਰ ਤੱਕ ਬਿਰਤੀ ਨਹੀਂ ਟਿਕਦੀ ਉਨੀਂ ਦੇਰ ਤੱਕ ਕੀਰਤਨ ਦਾ ਰਸ ਬੱਝ ਹੀ ਨਹੀਂ ਸਕਦਾ। ਉਚਿਤ ਵਾਤਾਵਰਨ ਪੈਦਾ ਕਰਨ ਵਾਸਤੇ ਹੇਠ ਲਿਖੀਆਂ ਗੱਲਾ ਵਲ ਧਿਆਨ ਦੀ ਲੋੜ ਹੈ -

੧) ਕੀਰਤਨ ਦਾ ਪੰਡਾਲ ਖੁੱਲ੍ਹਾ ਡੁੱਲ੍ਹਾ ਹੋਵੇ, ਸੰਗਤਾਂ ਨੂੰ ਘੁਸੜ ਘੁਸੜ ਕੇ ਨਾ ਬੈਠਣਾ ਪਵੇ।

੨) ਕੁਦਰਤੀ ਰੁਕਾਵਟਾਂ, ਮੀਂਹ, ਹਨ੍ਹੇਰੀ, ਸਰਦੀ, ਗਰਮੀ, ਹਨ੍ਹੇਰਾ ਆਦਿ ਤੋਂ ਬਚਾਅ ਦਾ ਯੋਗ ਪ੍ਰਬੰਧ ਹੋਵੇ।

੩) ਪੰਡਾਲ ਅਤੇ ਸਟੇਜ ਤੇ ਸਰੋਤਿਆਂ ਅਤੇ ਕੀਰਤਨੀਆਂ ਲਈ ਗਦੇਲੇਦਾਰ ਵਿਛਾਈ ਹੋਵੇ ਤਾਂ ਜੋ ਸੰਗਤਾਂ ਤੇ ਕੀਰਤਨੀਏ ਬਹੁਤੀ ਦੇਰ ਬੈਠਣ ਵਿੱਚ ਔਖ ਮਹਿਸੂਸ ਨਾਂ ਕਰਨ।

੪) ਸਾਊਂਡ ਸਿਸਟਮ (ਲਾਊਡ ਸਪੀਕਰ) ਤੇ ਰੌਸ਼ਨੀ ਦਾ ਪ੍ਰਬੰਧ ਹੋਵੇ, ਬਿਜਲੀ ਦੀ ਸਪਲਾਈ ਟੁੱਟ ਜਾਣ ਤੇ ਬਦਲਵਾਂ ਪ੍ਰਬੰਧ ਹੋਵੇ।

੫) ਪੰਡਾਲ ਵਿੱਚ ਬੇਲੋੜੀ ਬੋਲ ਚਾਲ ਤੇ ਹਿੱਲ ਜੁੱਲ ਨਾ ਹੋਵੇ।

੬) ਪੰਡਾਲ ਦੇ ਬਾਹਰ ਟੱਟੀ ਪਿਸ਼ਾਬ ਅਤੇ ਪੀਣ ਦੇ ਪਾਣੀ ਆਦਿ ਦਾ ਯੋਗ ਪ੍ਰਬੰਧ ਹੋਵੇ।

੭) ਸੰਗਤਾਂ ਦੇ ਜੋੜੇ ਅਤੇ ਘੋੜੇ (ਸਾਈਕਲ, ਸਕੂਟਰ, ਕਾਰਾਂ ਆਦਿ) ਰੱਖਣ ਦਾ ਢੁਕਵਾਂ ਪ੍ਰਬੰਧ ਹੋਵੇ।

੮) ਕੀਰਤਨ ਪੰਡਾਲ ਸ਼ਹਿਰ ਤੇ ਸੜਕਾਂ ਦੇ ਰੌਲੇ ਰੱਪੇ ਤੋਂ ਆਜ਼ਾਦ ਹੋਵੇ।

**(ਅ) ਕੀਰਤਨੀਏ :** ਕੀਰਤਨ ਨੂੰ ਰਸਦਾਇਕ ਬਨਾਉਣ ਵਿੱਚ ਕੀਰਤਨੀਆਂ ਦਾ ਮੁੱਖ ਰੋਲ ਹੈ। ਢਿੱਲੇ ਕੀਰਤਨੀਏ ਕੀਰਤਨ ਵਿੱਚ ਰਸ ਪੈਦਾ ਨਹੀਂ ਕਰ ਸਕਦੇ। ਜੇ ਉਹ ਸਰੋਤਿਆਂ ਦੀਆਂ ਬਿਰਤੀਆਂ ਕੀਰਤਨ ਵਿੱਚ ਨਹੀਂ ਜੋੜ ਸਕਣਗੇ ਤਾਂ ਸੰਗਤਾਂ ਉਠ ਉਠ ਕੇ ਜਾਣਾ ਸ਼ੁਰੂ ਕਰ ਦੇਣਗੀਆਂ ਅਤੇ ਬੇਰਸੀ ਪੈਦਾ ਹੋ ਜਾਵੇਗੀ। ਕੀਰਤਨੀਆਂ ਨੂੰ ਚਾਹੀਦਾ ਹੈ ਕਿ ਉਹ ਆਪਣੀ ਪੂਰੀ ਤਿਆਰੀ ਕਰ ਕੇ ਸਟੇਜ ਤੇ ਆਉਣ, ਉਨ੍ਹਾਂ ਨੂੰ ਹੇਠ ਲਿਖੀਆਂ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ:

੧) ਕੀਰਤਨੀਆਂ ਦਾ ਗੁਰਮੁਖੀ ਪਹਿਰਾਵਾ ਹੋਵੇ ਜਿਸ ਤੋਂ ਉਨ੍ਹਾਂ ਦੇ ਗੁਰਮੁਖ ਹੋਣ ਦੀ ਝਲਕ ਪਵੇ। ਉਨ੍ਹਾਂ ਦੇ ਗਲ ਵਿੱਚ ਆਪਣਾ ਹਜ਼ੂਰੀਆ (ਪਰਨਾ) ਹੋਵੇ ਤਾਂ ਜੋ ਖੰਘ ਜਾਂ ਉਬੂ ਆਉਣ ਸਮੇਂ ਥੁੱਕ ਨੂੰ ਬਾਹਰ ਡਿਗਣੋ ਰੋਕਿਆ ਜਾ ਸਕੇ। ਇੱਕੋ ਹੀ ਹਜ਼ੂਰੀਆ ਵਾਰੋ ਵਾਰੀ ਕੀਰਤਨੀਆਂ ਦੇ ਗਲਾਂ ਵਿੱਚ ਪਾਉਣਾ ਠੀਕ ਨਹੀਂ, ਸਿਹਤ ਵਾਸਤੇ ਹਾਨੀਕਾਰਕ ਹੈ।

੨) ਨਿਰਧਾਰਤ ਸਮੇਂ ਅਤੇ ਮੌਕੇ ਨੂੰ ਮੁੱਖ ਰੱਖ ਕੇ ਕੀਰਤਨੀਆਂ ਨੂੰ ਪਹਿਲੋਂ ਪਤਾ ਹੋਣਾ ਚਾਹੀਦਾ ਹੈ ਕਿ ਉਨ੍ਹਾਂ ਨੇ ਕਿਹੜੇ ਸ਼ਬਦ ਪੜ੍ਹਨੇ ਹਨ। ਸਟੇਜ ਤੇ ਬਹਿ ਕੇ ਕੀਰਤਨ ਕਰਦਿਆਂ ਸ਼ਬਦ ਲੱਭਣੇ ਕੀਰਤਨ ਵਿੱਚ ਅਟਕਾਅ ਪਾਉਂਦੇ ਹਨ ਅਤੇ ਸਰੋਤਿਆਂ ਦੀ ਲਿਵ ਤੋੜਦੇ ਹਨ।

੩) ਕੀਰਤਨੀਆਂ ਨੂੰ ਸ਼ਬਦ ਦੀ ਲੈਅ ਅਤੇ ਤਾਲ ਦਾ ਪੂਰਾ ਧਿਆਨ ਰੱਖਣਾ ਚਾਹੀਦਾ ਹੈ, ਸਾਜ਼ ਬੇਤਾਲ ਨਾ ਵੱਜਣ, ਸਾਜ਼ਾਂ ਦਾ ਬੋਲ ਕੀਰਤਨੀਏ ਦੇ ਬੋਲ ਨਾਲੋਂ ਬਹੁਤਾ ਉੱਚਾ ਨਾ ਹੋਵੇ ਅਤੇ ਰਾਗ, ਸ਼ਬਦ ਤੇ ਭਾਰੂ ਨਾ ਹੋਵੇ। ਸਰੋਤਿਆਂ ਨੂੰ ਰਾਗ/ਤਾਲ ਵਿੱਚ ਸ਼ਬਦ ਗਾਇਆ ਜਾਂਦਾ ਸੁਣੇ ਨਾਂ ਕਿ ਰਾਗ ਵਿੱਚ ਸ਼ਬਦ ਹੀ ਗੁੰਮ ਹੋ ਜਾਵੇ।

੪) ਇੱਕ ਚੌਕੀ ਵਿੱਚ ਇੱਕੋ ਪਰਕਰਣ ਦੇ ਸ਼ਬਦ ਪੜ੍ਹੇ ਜਾਣ ਤਾਂ ਜੋ ਸਰੋਤੇ ਉਸ ਵਿਸ਼ੇ ਦਾ ਵੱਧ ਤੋਂ ਵੱਧ ਗਿਆਨ ਪ੍ਰਾਪਤ ਕਰ ਸਕਣ।

੫) ਇਕ ਸ਼ਬਦ ਸ਼ੁਰੂ ਕਰ ਕੇ ਉਸ ਨਾਲ ਹੋਰ ਸ਼ਬਦਾਂ ਦੀਆਂ ਤੁਕਾਂ ਰਲਾਉਂਦੇ ਜਾਣਾ ਕੋਈ ਬਹੁਤੀ ਚੰਗੀ ਪਿਰਤ ਨਹੀਂ। ਇਸ ਨਾਲ ਸੁਰਤੀ ਐਧਰ ਓਧਰ ਖਿੰਡਦੀ ਹੈ। ਇੱਕ ਸ਼ਬਦ ਪੂਰਾ ਕਰ ਕੇ ਫੇਰ ਉਸ ਦੇ ਨਾਲ ਦੇ ਭਾਵ ਅਰਥ ਵਾਲਾ ਸ਼ਬਦ ਪੜ੍ਹਨਾ ਹੀ ਠੀਕ ਹੈ।

੬) ਸ਼ਬਦ ਦੇ ਉਚਾਰਨ ਵਲ ਕੀਰਤਨੀਆਂ ਨੂੰ ਖਾਸ ਧਿਆਨ ਦੇਣਾ ਚਾਹੀਦਾ ਹੈ। ਗਲਤ ਉਚਾਰਨ ਨਾਲ ਸਹੀ ਅਰਥਾਂ ਦਾ ਪਤਾ ਨਹੀਂ ਲੱਗ ਸਕਦਾ। ਸਹੀ ਉਚਾਰਨ ਤਾਂ ਹੀ ਹੋ ਸਕੇਗਾ ਜੇ ਕੀਰਤਨੀਏ ਨੂੰ ਸ਼ਬਦ ਦੇ ਅਰਥ ਭਾਵ ਦਾ ਪੂਰਾ ਗਿਆਨ ਹੋਵੇ।

੭) ਕੀਰਤਨ ਵਿੱਚ "ਵਾਹਿਗੁਰੂ" ਸ਼ਬਦ ਦੀ ਬੇਲੋੜੀ ਧੁਨੀ ਸਰੋਤਿਆਂ ਨੂੰ ਸ਼ਬਦ ਦੇ ਅਰਥ ਭਾਵ ਸਮਝਣ ਤੋਂ ਦੂਰ ਲੈ ਜਾਂਦੀ ਹੈ। ਇਸ ਗੱਲ ਦਾ ਵਿਸ਼ੇਸ਼ ਧਿਆਨ ਰੱਖਣਾ ਚਾਹੀਦਾ ਹੈ ਕਿ ਕੀਰਤਨ ਵਿੱਚ "ਵਾਹਿਗੁਰੂ" ਸ਼ਬਦ ਦਾ ਉਚਾਰਨ ਮੁੱਖ ਸ਼ਬਦ ਦੇ ਅਰਥ ਭਾਵ ਉਘਾੜਨ ਅਤੇ ਲਿਵ ਜੋੜਨ ਵਿੱਚ ਸਹਾਈ ਹੋਵੇ ਨਾ ਕਿ ਸੁਰਤੀ ਨੂੰ ਲਾਂਭੇ ਲਿਜਾਵੇ।

੮) ਕੀਰਤਨੀਏ ਦਾ ਮੁੱਖ ਉਦੇਸ਼ ਸਤਿਗੁਰੂ ਦੀ ਕੀਰਤੀ (ਸਿਫਤ ਸਾਲਾਹ) ਹੈ। ਕੀਰਤਨ ਕਰਦਿਆਂ ਉਸ ਨੂੰ ਇਸ



www.AKJ.Org

ਉਦੇਸ਼ ਨੂੰ ਵੱਖ ਕਰ ਕੇ ਆਪਣੀ "ਬੱਲੇ ਬੱਲੇ" ਦੇ ਉਭਾਰ ਵਿੱਚ ਨਹੀਂ ਪੈਣਾ ਚਾਹੀਦਾ। ਨਿਮਾਣੇ ਬਣ ਕੇ ਸੇਵਾ ਕੀਤੀ ਹੀ ਥਾਏਂ ਪੈਂਦੀ ਹੈ।

(੯) ਕੀਰਤਨ ਇੱਕ ਬਹੁਤ ਉੱਚੀ ਸੁੱਚੀ ਭਗਤੀ ਹੈ। ਇਸ ਨੂੰ ਕੌਡੀਆਂ ਬਦਲੇ ਨਹੀਂ ਵੇਚਣਾ ਚਾਹੀਦਾ, ਸਤਿਗੁਰੂ ਦੀ ਖੁਸ਼ੀ ਹਾਸਲ ਕਰਨ ਦਾ ਵਸੀਲਾ ਹੀ ਬਨਾਉਣਾ ਚਾਹੀਦਾ ਹੈ। ਕੀਰਤਨੀ ਵੀਰਾਂ ਭੈਣਾਂ ਨੂੰ ਇਸ ਤੱਥ (ਸਚਾਈ) ਨੂੰ ਅੱਖੋਂ ਓਹਲੇ ਨਹੀਂ ਕਰਨਾ ਚਾਹੀਦਾ।

੧੦) ਕੀਰਤਨੀਏ ਨੂੰ ਆਪਣੇ ਆਪ ਨੂੰ ਉਪਦੇਸ਼ਕ ਨਹੀਂ ਸਮਝਣਾ ਚਾਹੀਦਾ, ਨਿਮਾਣਾ ਸੇਵਕ ਬਣ ਕੇ ਸੇਵਾ ਕਰਨੀ ਚਾਹੀਦੀ ਹੈ। ਗੁਰਮਤਿ ਅੰਦਰ ਉਪਦੇਸ਼ਕ ਤਾਂ ਕੇਵਲ ਸਤਿਗੁਰੂ ਹੀ ਹੈ, ਬਾਕੀ ਸਾਰੇ ਸਿੱਖ ਇੱਕ ਹਰਕਾਰੇ ਵਜੋਂ ਗੁਰੂ ਦਾ ਉਪਦੇਸ਼ ਘਰੋ ਘਰੀਂ ਪਹੁੰਚਾਉਂਦੇ ਹਨ।

੧੧) ਕੀਰਤਨੀਆ ਵੀ ਗੁਰੂ ਕਾ ਸਿੱਖ ਹੈ। ਸਿੱਖ ਹੋਣ ਦੇ ਨਾਤੇ ਉਸ ਨੂੰ ਵੀ ਸੰਗਤ ਵਿੱਚ ਬੈਠ ਕੇ ਗੁਰੂ ਦੀ ਸਿਖਿਆ ਗ੍ਰਹਿਣ ਕਰਨੀ ਚਾਹੀਦੀ ਹੈ, ਆਪਣੀ ਵਾਰੀ ਦੀ ਉਡੀਕ ਵਿੱਚ ਉਸ ਨੂੰ ਪੰਡਾਲ/ਹਾਲ ਤੋਂ ਬਾਹਰ ਟਹਿਲਣਾ ਜਾਂ ਐਧਰ ਓਧਰ ਦੀਆਂ ਗੱਲਾਂ ਨਹੀਂ ਕਰਨੀਆਂ ਚਾਹੀਦੀਆਂ।

੧੨) ਕੀਰਤਨੀਆਂ ਨੂੰ ਕੁਝ ਕੁ ਸ਼ਬਦਾਂ ਦੇ ਕੀਰਤਨ ਤੇ ਹੀ ਨਹੀਂ ਟਿਕੇ ਰਹਿਣਾ ਚਾਹੀਦਾ ਸਗੋਂ ਗੁਰਬਾਣੀ ਦੇ ਸਮੁੰਦਰ ਵਿਚੋਂ ਨਵੇਂ ਨਵੇਂ ਸ਼ਬਦ ਰੂਪ ਹੀਰਿਆਂ ਤੋਂ ਸੰਗਤਾਂ ਨੂੰ ਜਾਣੂ ਕਰਵਾਉਣਾ ਚਾਹੀਦਾ ਹੈ ਤਾਂ ਜੋ ਗੁਰਸਿੱਖਾਂ ਨੂੰ ਗੁਰਮਤਿ ਦੇ ਗੂੜ੍ਹ ਗਿਆਨ ਦਾ ਚਾਨਣਾ ਹੁੰਦਾ ਰਹੇ।

੧੩) ਜਿੰਨਾ ਸਮਾਂ ਕੀਰਤਨੀਏ ਨੂੰ ਮਿਲੇ, ਉਸ ਵਿੱਚ ਹੀ ਸਮਾਪਤੀ ਕਰ ਦੇਣੀ ਚਾਹੀਦੀ ਹੈ, ਵਾਧੂ ਸਮਾਂ ਲਗਾਉਣ ਨਾਲ ਪ੍ਰੋਗਰਾਮ ਵਿੱਚ ਖਲਬਲੀ ਪੈ ਜਾਂਦੀ ਹੈ ਜੋ ਕੀਰਤਨ ਨੂੰ ਬੇਰਸ ਕਰ ਦਿੰਦੀ ਹੈ।

੧੪) ਕੀਰਤਨੀਏ ਨੂੰ ਆਪਣੀ ਵਾਰੀ ਤੋਂ ਪਹਿਲਾਂ ਸਟੇਜ ਤੇ ਹਾਜ਼ਰ ਰਹਿਣਾ ਚਾਹੀਦਾ ਹੈ ਤਾਂ ਜੋ ਪ੍ਰਬੰਧਕਾਂ ਨੂੰ ਆਵਾਜ਼ਾਂ ਨਾ ਮਾਰਨੀਆਂ ਪੈਣ।

੧੫) ਕੀਰਤਨੀਆਂ ਨੂੰ ਗੁਰਬਾਣੀ ਨਾਲ ਮਨਘੜਤ ਟੋਟਕੇ ਰਲਾ ਕੇ ਕੀਰਤਨ ਨਹੀਂ ਕਰਨਾ ਚਾਹੀਦਾ। ਗੁਰਬਾਣੀ ਵਿੱਚ "ਰਹਾਉ" ਵਾਲੀ ਤੁਕ ਹੀ ਅਸਥਾਈ ਸਮਝ ਕੇ ਹਰਿ ਜਸ ਦੀਆਂ ਘੁੰਮਰਾਂ ਪਾਉਣੀਆਂ ਚਾਹੀਦੀਆਂ ਹਨ ।

੧੬) ਹੋ ਰਹੇ ਕੀਰਤਨ ਵਿੱਚ ਸਟੇਜ ਤੇ ਬੈਠੇ ਸੱਜਣਾਂ ਦਾ ਆਪ-ਮੁਹਾਰੇ ਪ੍ਰਮਾਣ ਦੇਣਾ, ਕੀਰਤਨੀਏ ਦੀ ਸੁਰਤੀ ਵਿੱਚ ਵਿਗਾੜ ਪੈਦਾ ਕਰਨਾ ਹੈ। ਸਟੇਜ ਤੇ ਬੈਠ ਕੇ ਬੇਲੋੜੀਆਂ "ਗੁਰੂ ਗੁਰੂ" ਦੀਆਂ ਕੂਕਾਂ, ਆਵਾਜ਼ਾਂ ਆਦਿ ਵਿਘਨ-ਕਾਰੀ ਹਨ। ਸਾਨੂੰ ਕੀਰਤਨ ਕਰਨ ਵਾਲੇ ਦੇ ਮਗਰ ਤੁਰਨਾ ਚਾਹੀਦਾ ਹੈ ਨਾ ਕਿ ਆਪਣੇ ਆਪ ਨੂੰ ਵੱਡੇ ਵਿਦਵਾਨ ਤੇ ਭਜਨੀਕ ਸਮਝਕੇ ਕੀਰਤਨੀਏ ਦੇ ਰਾਹ ਦਾ ਰੋੜਾ ਬਣਨਾ।

(ਦ) **ਸਰੋਤੇ** : ਕੀਰਤਨ ਵਿੱਚ ਸਰੋਤਿਆਂ ਦਾ ਡਸਿਪਲਨ (ਜ਼ਬਦ) ਵਿੱਚ ਰਹਿਣਾ ਕੀਰਤਨ ਨੂੰ ਪ੍ਰਭਾਵਸ਼ਾਲੀ ਅਤੇ ਰਸਦਾਇਕ ਬਨਾਉਣ ਵਿੱਚ ਬਹੁਤ ਸਹਾਈ ਹੁੰਦਾ ਹੈ। ਕੀਰਤਨ ਦੇ ਵਾਤਾਵਰਨ ਨੂੰ ਅਨੁਕੂਲ ਰੱਖਣ ਵਾਸਤੇ ਸਰੋਤਿਆਂ ਦੀ ਸੇਵਾ ਵਿੱਚ ਹੇਠ ਲਿਖੀਆਂ ਬੇਨਤੀਆਂ ਹਨ :

੧) ਕੀਰਤਨ ਵਿੱਚ ਕੁਝ ਖੱਟਣ ਦੇ ਉਦੇਸ਼ ਨਾਲ ਆਉਣਾ ਚਾਹੀਦਾ ਹੈ ਨਾ ਕਿ ਖੱਟੀ ਕਮਾਈ ਗੁਆਉਣ ਲਈ।

੨) ਕੀਰਤਨ ਵਿੱਚ ਬੈਠਕੇ ਸੁਰਤ ਸ਼ਬਦ ਨਾਲ ਜੋੜਨੀ ਚਾਹੀਦੀ ਹੈ ਨਾ ਕਿ ਦੂਜਿਆ ਦੇ ਚਿਹਰਿਆਂ ਵੱਲ ਟਿਕ ਟਿਕੀ ਲਾਉਣੀ।

੩) ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕ ਕੇ ਨਵੇਕਲੀ ਥਾਂ ਬੈਠ ਜਾਣਾ ਚਾਹੀਦਾ ਹੈ ਨਾ ਕਿ ਕੀਰਤਨੀਆਂ ਦੇ ਦਰਸ਼ਨ ਕਰਨ ਵਾਸਤੇ ਸਟੇਜ ਦੇ ਅੱਗੇ ਹੋ ਕੇ ਬੈਠਣ ਦੇ ਲਾਲਚ ਵਿੱਚ ਫਸ ਕੇ ਅੱਗੇ ਬੈਠੇ ਸਰੋਤਿਆਂ ਦੀ ਬਿਰਤੀ ਉਖਾੜੀ ਜਾਏ। ਇਹ ਗੱਲ ਯਾਦ ਰੱਖੀ ਜਾਏ ਕਿ ਕੀਰਤਨ ਸੁਣਨ ਦਾ ਵਿਸ਼ਾ ਹੈ ਨਾ ਕਿ ਦੇਖਣ ਦਾ।

੪) ਚਲਦੇ ਕੀਰਤਨ ਵਿੱਚ ਕਿਸੇ ਇੱਕ ਜਾਂ ਇੱਕ ਤੋਂ ਵੱਧ ਵਿਸ਼ੇਸ਼ ਵਿਅਕਤੀਆਂ ਦੇ ਪੰਡਾਲ ਵਿੱਚ ਆਉਣ ਤੇ ਸਰੋਤਿਆਂ ਨੂੰ ਉਠ ਖਲੋਣਾ ਨਹੀਂ ਚਾਹੀਦਾ ਕਿਉਂਕਿ ਇਸ ਵਿੱਚ ਗੁਰਬਾਣੀ ਅਤੇ ਗੁਰੂ ਦੀ ਤੌਹੀਨ (ਬੇਇੱਜ਼ਤੀ) ਹੈ। ਜੁਗੋ ਜੁਗ ਅਟੱਲ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲੋਂ ਕੋਈ ਵੀ ਮਨੁੱਖ ਵੱਡਾ ਨਹੀਂ। ਸਾਨੂੰ ਸਤਿਗੁਰੂ ਦੇ ਦਰਬਾਰ ਵਿੱਚ ਸਿੱਖ ਬਣ ਕੇ ਆਉਣਾ ਚਾਹੀਦਾ ਹੈ ਨਾ ਕਿ ਸ਼ਰੀਕ (ਗੁਰੂ ਬਰਾਬਰ)।

੫) ਕੀਰਤਨ ਪੰਡਾਲ ਵਿੱਚ ਕੀਰਤਨ ਸੁਣ ਰਹੀ ਸੰਗਤ ਨੂੰ ਜਲ, ਗਰਮ ਪਾਣੀ, ਦੁੱਧ ਜਾਂ ਹੋਰ ਖਾਣ ਪੀਣ ਦੀਆਂ ਚੀਜ਼ਾਂ ਵਰਤਾਉਣ ਜਾਂ ਕੀਰਤਨ ਪ੍ਰੋਗਰਾਮਾਂ ਦੇ ਇਸ਼ਤਿਹਾਰ ਵੰਡਣ ਨਾਲ ਕੀਰਤਨ ਵਿੱਚ ਵਿਘਨ ਪੈਂਦਾ ਹੈ। ਜਿਸ ਨੂੰ ਅੰਨ ਜਲ ਦੀ ਲੋੜ ਹੋਵੇ ਉਹ ਬਾਹਰ ਜਾ ਕੇ ਛਕ ਆਵੇ। ਕੀਰਤਨ ਪ੍ਰੋਗਰਾਮ ਤੇ ਹੋਰ ਪ੍ਰਚਾਰ ਸਮੱਗਰੀ ਪੰਡਾਲ ਤੋਂ ਬਾਹਰ ਵੰਡੀ ਜਾਏ ।

੬) ਕੀਰਤਨ ਵਿੱਚ ਸਾਵਧਾਨ ਹੋ ਕੇ ਬੈਠਣਾ ਚਾਹੀਦਾ ਹੈ, ਜੇ ਊਂਘਾਂ ਆਉਣ ਤਾਂ ਬਾਹਰ ਜਾ ਕੇ ਆਰਾਮ ਕਰ ਲਓ, ਕੀਰਤਨ ਅਖਾੜੇ ਨੂੰ ਵਿਸ਼ਰਾਮ ਘਰ ਨਾ ਬਣਾਓ।

੭) ਚਲਦੇ ਕੀਰਤਨ ਵਿੱਚ ਉੱਠ ਉੱਠ ਕੇ ਕੀਰਤਨੀਆਂ ਨੂੰ ਮਾਇਆ ਭੇਟ ਕਰਨ ਨਾਲ ਸਰੋਤਿਆਂ ਦੀ ਸੁਰਤੀ ਉੱਖੜਦੀ ਹੈ। ਅਜੇਹਾ ਨਾ ਕੀਤਾ ਜਾਏ।

੮) ਕੀਰਤਨੀਏ ਨੂੰ ਆਪਣੀ ਫਰਮਾਇਸ਼ ਨਾ ਭੇਜੀ ਜਾਏ ਕਿ ਫਲਾਣਾ ਸ਼ਬਦ ਸੁਣਾਓ। ਕੀਰਤਨੀਏ ਨੂੰ ਆਪਣੀ ਮੱਤ ਗੁਰੂ ਅਧੀਨ ਰੱਖ ਕੇ ਹੀ ਕੀਰਤਨ ਕਰਨ ਦਿੱਤਾ ਜਾਏ।



www.AKJ.Org

# ਸ਼ਹੀਦ ਬਾਬਾ ਦੀਪ ਸਿੰਘ ਜੀ

(ਸਿੱਖ ਮਿਸ਼ਨਰੀ ਕਾਲਜ, ਲੁਧਿਆਣਾ)

ਬਾਬ ਦੀਪ ਸਿੰਘ ਜੀ ਦਾ ਜਨਮ 14 ਮਾਘ, ਸੰਮਤ 1739 (ਜਨਵਰੀ, 1682 ਈ:) ਨੂੰ ਮਾਤਾ ਜੀਉਨੀ ਦੀ ਕੁਖੋਂ ਪਿੰਡ ਪਹੂਵਿੰਡ, ਜ਼ਿਲਾ ਅੰਮ੍ਰਿਤਸਰ ਵਿਚ ਭਾਈ ਭਗਤੂ ਦੇ ਘਰ ਹੋਇਆ। ਮਾਤਾ ਪਿਤਾ ਨੇ ਬਾਲਕ ਦਾ ਨਾਂ ਦੀਪਾ ਰੱਖਿਆ।

ਸੰਨ 1699 ਈ: ਦੀ ਵੈਸਾਖੀ ਵਾਲੇ ਦਿਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਦੀ ਸਿਰਜਨਾ ਕੀਤੀ। ਪੰਜਾ ਸਿੰਘਾਂ ਵਲੋਂ ਸੀਸ ਭੇਟ ਕਰਨ ਦੀ ਵਾਰਤਾ ਦਸਮੇਸ਼ ਪਿਤਾ ਦੇ ਇਸ ਮੌਕੇ ਕੀਤੇ ਕੌਤਕ ਤੇ ਪੰਜਾਂ ਨੂੰ ਖੰਡੇ ਬਾਟੇ ਦੀ ਪਾਹੁਲ (ਅੰਮ੍ਰਿਤ) ਛਕਾ ਕੇ ਪੰਜ ਪਿਆਰੇ ਸਾਜਨ ਦੀ ਵਾਰਤਾ ਪੰਜਾਬ ਦੇ ਪਿੰਡ ਪਿੰਡ ਫੈਲ ਗਈ।

ਅਗਲੀ ਵੈਸਾਖੀ ਤੇ ਅਨੰਦਪੁਰ ਸਾਹਿਬ ਵਿਖੇ ਪੰਜਾਬ ਦੇ ਪਿੰਡਾਂ ਵਿਚੋਂ ਭਾਰੀ ਗਿਣਤੀ ਵਿਚ ਸ਼ਰਧਾਲੂ ਸਿੱਖ ਪੁਜੇ। 18 ਸਾਲਾਂ ਦਾ ਗੱਭਰੂ ਦੀਪਾ ਵੀ ਆਪਣੇ ਮਾਤਾ ਪਿਤਾ ਨਾਲ ਗੁਰੂ ਦਰਸ਼ਨਾਂ ਨੂੰ ਚਾਈਂ ਚਾਈਂ ਆਇਆ।

ਦਸ਼ਮੇਸ਼ ਪਿਤਾ ਨੇ ਪੰਜਾਂ ਸਿੰਘਾਂ ਵਿਚ ਜਥੇਦਾਰ ਦੇ ਰੂਪ ਵਿਚ ਖੰਡੇ ਬਾਟੇ ਦਾ ਅੰਮ੍ਰਿਤ ਤਿਆਰ ਕੀਤਾ। ਇਹ ਅੰਮ੍ਰਿਤ ਦੀ ਦਾਤ ਦੀਪੇ ਨੂੰ ਵੀ ਪ੍ਰਾਪਤ ਹੋਈ ਤੇ ਉਸ ਦਾ ਨਾਮ ਦੀਪ ਸਿੰਘ ਰਖਿਆ ਗਿਆ।

ਅਨੰਦਪੁਰ ਸਾਹਿਬ ਵਿਚ ਗੁਰੂ ਦੀ ਮਾਨ ਮਰਿਯਾਦਾ, ਕੀਰਤਨ, ਕਥਾ ਲੰਗਰ, ਸਿੰਘਾਂ ਦੀ ਬਹਾਦਰਾਂ ਵਾਲੀ ਵੇਸ਼-ਭੂਸ਼ਾ ਤੇ ਸ਼ਸਤਰਧਾਰੀ ਸਿੰਘਾਂ ਦੇ ਬਹਾਦਰੀ ਦੇ ਕਰਤਬ ਵੇਖ ਵੇਖ ਦੀਪ ਸਿੰਘ ਦਾ ਮਨ ਐਨਾ ਪ੍ਰਭਾਵਿਤ ਹੋਇਆ ਕਿ ਮਾਤਾ ਪਿਤਾ ਤੋਂ ਆਗਿਆ ਲੈ ਕੇ ਅਤੇ ਗੁਰੂ ਮਹਾਰਾਜ ਦੇ ਹੁਕਮ ਨੂੰ ਮੰਨ ਕੇ ਕੁਝ ਸਮੇਂ ਲਈ ਅਨੰਦਪੁਰ ਹੀ ਰਹਿ ਪਿਆ।

ਸਭ ਤੋਂ ਪਹਿਲਾਂ ਬਾਬਾ ਜੀ ਨੇ ਗੁਰਮੁਖੀ ਅੱਖਰਾਂ ਦਾ ਗਿਆਨ ਹਾਸਲ ਕੀਤਾ। ਥੋੜੇ ਦਿਨਾਂ ਵਿਚ ਹੀ ਆਪ ਦੀ ਲਿਖਾਈ ਮੋਤੀਆਂ ਵਰਗੀ ਹੋ ਗਈ। ਸਿੱਖ ਵਿਦਵਾਨ ਭਾਈ ਮਨੀ ਸਿੰਘ ਜੀ ਤੋਂ ਬਾਣੀ ਦਾ ਗਿਆਨ ਲਿਆ ਤੇ ਬਾਣੀ ਕੰਠ ਕਰਨ ਲਗੇ। ਬਾਬਾ ਜੀ ਘੋੜ ਸਵਾਰੀ, ਸ਼ਸਤਰ ਵਿਦਿਆ ਵਿਚ ਨਿਪੁੰਨ ਹੋਏ ਤੇ ਸਤਿਗੁਰਾ ਨਾਲ ਸ਼ਿਕਾਰ ਖੇਡਦਿਆਂ ਸ਼ੇਰ ਮਾਰਨ ਦਾ ਭੀ ਸੁਭਾਗ ਪ੍ਰਾਪਤ ਹੋਇਆ। 20-22 ਸਾਲਾਂ ਦੀ ਉਮਰ ਵਿਚ ਹੀ ਬਾਬਾ ਦੀਪ ਸਿੰਘ ਜੀ ਸਿਆਣੇ ਵਿਦਵਾਨ ਤੇ ਸੂਰਬੀਰ ਸੈਨਕ ਬਣ ਗਏ।

ਕੁਝ ਸਮੇਂ ਮਗਰੋਂ ਇਹਨਾਂ ਦੇ ਮਾਤਾ ਪਿਤਾ ਜੀ ਨੇ ਗੁਰੂ ਜੀ ਪਾਸ ਬੇਨਤੀ ਕਰ ਸ਼ਾਦੀ ਦੇ ਸਬੰਧ ਵਿਚ ਬਾਬਾ ਦੀਪ ਸਿੰਘ ਜੀ ਨੂੰ ਆਪਣੇ ਪਿਛੇ ਵਾਪਸ ਬੁਲਾ ਲਿਆ। ਹਾਲਾਂ ਸ਼ਾਦੀ ਹੋਣੀ ਹੀ ਸੀ ਕਿ ਖਬਰ ਮਿਲੀ ਕਿ ਸਤਿਗੁਰਾਂ ਅਨੰਦਪੁਰ ਛੱਡ ਦਿਤਾ ਹੈ। ਚਾਰੇ ਸਾਹਿਬਜ਼ਾਦੇ ਸ਼ਹੀਦ ਹੋ ਗਏ ਤੇ ਗੁਰੂ ਪ੍ਰਵਾਰ ਤੇ ਸਿੱਖ ਸਭ ਵਿਛੜ ਗਏ ਹਨ।

ਇਹ ਖਬਰ ਸੁਣਦਿਆਂ ਹੀ ਬਾਬਾ ਦੀਪ ਸਿੰਘ ਜੀ ਨੇ ਘੋੜਾ ਲਿਆ ਤੇ ਗੁਰੂ ਜੀ ਦੀ ਭਾਲ ਵਿਚ ਨਿਕਲ ਤੁਰੇ। ਸਾਬੋ ਕੀ ਤਲਵੰਡੀ (ਦਮਦਮਾ ਸਾਹਿਬ) ਪੁੱਜ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਤੇ ਜਾ ਸੀਸ ਰੱਖਿਆ ਤੇ ਬੇਖਬਰੀ ਕਾਰਨ ਭੀੜਾ ਸਮੇਂ ਅਨੰਦਪੁਰ ਸਾਹਿਬ ਤੋਂ ਗੈਰ ਹਾਜ਼ਰ ਰਹਿਣ ਲਈ ਖਿਮਾਂ ਮੰਗੀ। ਸਤਿਗੁਰਾਂ ਨੇ ਬਾਬਾ ਦੀਪ ਸਿੰਘ ਨੂੰ ਛਾਤੀ ਨਾਲ ਲਾਇਆ ਤੇ ਹੁਕਮ ਕੀਤਾ, "ਤੁਹਾਡੇ ਜ਼ਿੰਮੇ ਭਾਈ ਮਨੀ ਸਿੰਘ ਸਮੇਤ ਗੁਰੂ ਗਰੰਥ ਸਾਹਿਬ ਦੇ ਉਤਾਰੇ ਦੀ ਸੇਵਾ ਲਾਉਣੀ ਹੈ। ਤੁਸਾਂ ਭਾਈ ਮਨੀ ਸਿੰਘ ਨਾਲ ਇਥੇ ਰਹਿ ਕੇ ਬਾਣੀ ਦਾ ਪ੍ਰਚਾਰ ਕਰਨਾ ਤੇ ਔਖੇ ਸਮੇਂ ਜੰਗਾਂ ਜੁਧਾਂ ਵਿਚ ਹਿੱਸਾ ਲੈ ਕੇ ਕੌਮ ਦੀ ਸੇਵਾ ਕਰਨੀ ਹੈ।

ਇਸ ਤੋਂ ਮਗਰੋਂ ਦੀਪ ਸਿੰਘ ਜੀ ਗੁਰੂ-ਹੁਕਮਾਂ ਦੀ ਪਾਲਣਾ ਕਰਦੇ ਹੋਏ ਗੁਰੂ ਕੀ ਕਾਸ਼ੀ ਭਾਵ ਸਾਬੋ ਕੀ ਤਲਵੰਡੀ ਹੀ ਜੀਵਨ ਭਰ ਰਹੇ। ਆਪ ਜੀ ਨੇ ਆਪਣੇ ਹੱਥੀਂ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਕਈ ਉਤਾਰੇ ਕੀਤੇ ਤੇ ਕਰਵਾਏ ਤੇ ਦੂਰ ਦੂਰ ਧਰਮ ਅਸਥਾਨਾਂ ਤੇ ਭੇਜੇ। ਭਾਈ ਮਨੀ ਸਿੰਘ ਜੀ ਦੇ ਅੰਮ੍ਰਿਤਸਰ ਹੈਡ ਗਰੰਥੀ ਦੀ ਡੀਊਟੀ ਸੰਭਾਲਣ ਮਗਰੋਂ ਦਮਦਮਾ ਸਾਹਿਬ ਦਾ ਸਾਰਾ ਇੰਤਜ਼ਾਮ ਬਾਬਾ ਦੀਪ ਸਿੰਘ ਜੀ ਦੇ ਜ਼ਿੰਮੇ ਲੱਗਾ ਤੇ ਇਥੇ ਰਹਿ ਕੇ ਉਹਨਾਂ ਸਿੱਖੀ ਦਾ ਪ੍ਰਚਾਰ ਬੜੇ ਸੁਲਝੇ ਢੰਗ ਨਾਲ ਕੀਤਾ ਤੇ ਇਹਨਾਂ ਦੀ ਦੇਖ ਰੇਖ ਵਿਚ ਕਈ ਸਿੱਖ ਵਿਦਵਾਨ ਪੁੰਗਰੇ। ਇਥੇ ਰਹਿੰਦਿਆਂ ਜਦੋਂ ਕਦੀ ਕਿਸੇ ਸਿੱਖ ਤੇ ਭੀੜ ਦੀ ਖਬਰ ਮਿਲਦੀ ਸਾਰੇ ਕੰਮ ਛੱਡ ਕੇ ਜ਼ਾਲਮਾਂ ਦੀ ਸੁਧਾਈ ਕਰਦੇ ਤੇ ਗਰੀਬਾਂ, ਮਜ਼ਲੂਮਾਂ ਦੀ ਰਾਖੀ ਦਾ ਪ੍ਰਬੰਧ ਕਰਕੇ ਵਾਪਸ ਮੁੜਦੇ।

ਸੰਨ 1709 ਈ: ਵਿਚ ਬਾਬਾ ਬੰਦਾ ਸਿੰਘ ਜੀ ਬਹਾਦਰ ਜਦੋਂ ਜ਼ਾਲਮਾਂ ਨੂੰ ਸੋਧਣ ਪੰਜਾਬ ਵੱਲ ਆਏ ਤਾਂ ਬਾਬਾ ਦੀਪ ਸਿੰਘ ਜੀ ਸਿੰਘਾਂ ਦਾ ਇਕ ਭਾਰੀ ਜੱਥਾ ਲੈ ਕੇ ਉਹਨਾਂ ਨੂੰ ਜਾ ਮਿਲੇ ਅਤੇ ਸਰਹੰਦ ਤੇ ਸਢੌਰਾ ਆਦਿ ਫਤਹਿ ਕਰਨ ਵੇਲੇ ਵਧ ਚੜ੍ਹ ਕੇ ਖੰਡਾ ਖੜਕਾਇਆ।

ਸੰਨ 1746 ਈ: ਵਿਚ ਸਿੰਘਾਂ ਦਾ ਖੁਰਾ ਖੋਜ ਮਿਟਾਉਣ ਲਈ ਪੰਜਾਬ ਦੇ ਗਵਰਨਰ ਯਹੀਆ ਖਾਨ ਦੇ ਹਿੰਦੂ ਦੀਵਾਨ



www.AKJ.Org

ਲਖਪਤ ਰਾਏ ਨੇ ਕਾਹਨੂੰਵਾਨ ਦੇ ਜੰਗਲ ਵਿਚ ਇਕੱਠੇ ਹੋਏ ਸਿੰਘਾਂ ਨੂੰ ਸ਼ਾਹੀ ਫੌਜਾਂ ਤੇ ਮੁਲਖਈਆ ਦੁਆਰਾ ਘੇਰ ਲਿਆ। ਇਨ੍ਹਾ **ਘਿਰੇ** ਹੋਏ ਸਿੰਘਾਂ ਵਿਚ ਬਾਬਾ ਦੀਪ ਸਿੰਘ ਤੋਂ ਤੰਗ ਆ ਕੇ ਲਖਪਤ ਰਾਏ ਨੇ ਇਨਸਾਨੀਅਤ ਦਾ ਤਿਆਗ ਕਰ ਕੇ ਜੰਗਲ ਨੂੰ ਅੱਗ ਲਗਵਾ ਦਿਤੀ। ਇਸ ਸਾਕੇ ਨੂੰ ਸਿੰਘ ਛੋਟੇ ਘਲੂਘਾਰੇ ਦੇ ਨਾਂ ਨਾਲ ਯਾਦ ਕਰਦੇ ਹਨ। ਬਾਬਾ ਦੀਪ ਸਿੰਘ ਜੀ ਨੇ ਆਪਣੇ ਜੱਥੇ ਦੇ ਬਚੇ ਹੋਏ ਸਿੰਘਾਂ ਨਾਲ ਬਾਹਰ ਨਿਕਲ ਕੇ ਬਿਆਸ ਕੰਢੇ ਵੈਰੀ ਨਾਲ ਟੱਕਰ ਲਈ। ਢਿਡੋਂ ਭੁਖੇ, ਸਰੀਰਾਂ ਤੇ ਜ਼ਖਮ, ਉਤੋਂ ਸੂਰਜ ਦੀ ਗਰਮੀ ਤੇ ਥੱਲੇ ਤਪੀ ਹੋਈ ਧਰਤੀ ਪੈਰੀਂ ਛਾਲੇ ਇਹ ਸਭ ਕਸ਼ਟ ਸਹਿੰਦੇ ਹੋਏ ਵੀ ਬਾਬਾ ਜੀ ਕੁਝ ਸਿੰਘਾਂ ਸਣੇ ਵਾਪਸ ਮਾਲਵੇ ਵਿਚ ਪੁੱਜ ਗਏ।

ਮਗਰੋਂ ਜਦੋਂ ਸਾਰੇ ਸਿੱਖਾਂ ਦੀਆਂ ਬਾਰਾਂ ਮਿਸਲਾਂ ਬਣਾਈਆਂ ਗਈਆਂ ਤਾਂ ਬਾਬਾ ਦੀਪ ਸਿੰਘ ਜੀ ਮਿਸਲ ਸ਼ਹੀਦਾਂ ਦੇ ਜਥੇਦਾਰ ਬਣੇ। ਇਸ ਮਿਸਲ ਦੇ ਸਿੰਘਾਂ ਵਿਚ ਕਈ ਸਿੰਘ ਲਿਖਾਰੀ, ਕੀਰਤਨੀਏਂ ਤੇ ਵਿਦਵਾਨ ਵੀ ਸਨ।

ਸੰਨ 1756 ਈ: ਵਿਚ ਅਹਿਮਦਸ਼ਾਹ ਅਬਦਾਲੀ ਨੇ ਮੁਗਲਾਨੀ ਬੇਗਮ ਦੇ ਸੱਦੇ ਤੇ ਹਿੰਦੁਸਤਾਨ ਤੇ ਚੌਥਾ ਹਮਲਾ ਕੀਤਾ। ਮਥਰਾ, ਬਿੰਦਰਾਬਨ, ਆਗਰਾ ਤੇ ਦਿੱਲੀ ਨੂੰ ਲੁੱਟ ਕੇ ਵਾਪਸ ਆਪਣੇ ਦੇਸ਼ ਨੂੰ ਪਰਤਿਆ ਤਾਂ ਉਸ ਦੇ ਪਾਸ ਹਜ਼ਾਰਾਂ ਪਸ਼ੂਆਂ ਤੇ ਲੱਦਿਆ ਸੋਨਾ, ਚਾਂਦੀ ਤੇ ਹੋਰ ਕੀਮਤੀ ਸਾਮਾਨ ਸੀ। ਹਜ਼ਾਰਾਂ ਹਿੰਦੂ ਤੇ ਮੁਸਲਮਾਨ, ਨੌਜਵਾਨ, ਵਿਆਹੀਆਂ ਤੇ ਕੁਆਰੀਆਂ ਇਸਤ੍ਰੀਆਂ ਨੂੰ ਗੱਡਿਆਂ ਤੇ ਲੱਦੀ ਕੈਦੀ ਬਣਾ ਕੇ ਆਪਣੇ ਦੇਸ਼ ਵਾਸੀਆਂ ਦੇ ਮਨ ਪਰਚਾਵੇ ਲਈ ਗੁਲਾਮ ਬਣਾ ਕੇ ਲਿਜਾ ਰਿਹਾ ਸੀ।

ਖਾਲਸੇ ਨੇ ਫੈਸਲਾ ਕੀਤਾ ਕਿ ਅਬਦਾਲੀ ਪਾਸੋਂ ਦੇਸ਼ ਦੀ ਦੌਲਤ ਖੋਹਣੀ ਤੇ ਦੇਸ਼ ਦੀਆਂ ਬਹੂ-ਬੇਟੀਆਂ ਹਰ ਕੀਮਤ ਤੇ ਛੁਡਾਣੀਆਂ ਹਨ। ਬਾਬਾ ਦੀਪ ਸਿੰਘ ਜੀ ਦੇ ਜੱਥੇ ਦੀ ਡੀਊਟੀ ਕੁਰਕੁਸ਼ੇਤਰ ਪਾਸ ਲੱਗੀ। ਪਿਪਲੀ ਤੇ ਮਾਰਕੰਡੇ ਦਰਿਆ ਦੇ ਵਿਚਾਲੇ ਬਾਬਾ ਦੀਪ ਸਿੰਘ ਜੀ ਨੇ ਜਦੋਂ ਭਾਰਤੀ ਮੁਟਿਆਰਾਂ ਦੇ ਕੀਰਨੇ ਤੇ ਹਾਹਾਕਾਰ ਦੀਆਂ ਆਵਾਜ਼ਾਂ ਸੁਣੀਆਂ ਤਾਂ ਸਿੰਘਾਂ ਨੂੰ ਹੱਲਾ ਬੋਲਣ ਦਾ ਹੁਕਮ ਦਿਤਾ। ਸਿੰਘ ਸੂਰਮੇ ਟੁੱਟ ਕੇ ਦੁਰਾਨੀਆਂ ਤੇ ਜਾ ਪਏ। ਕੁਝ ਦੁਰਾਨੀ ਸਿਪਾਹੀਆਂ ਨਾਲ ਲੜਨ ਲੱਗੇ ਤੇ ਬਾਕੀਆਂ ਅਬਲਾਵਾਂ ਦੇ ਗੱਡੇ ਹਿਕ ਲਏ ਤੇ ਕੁਝ ਨੇ ਕੀਮਤੀ ਸਾਜੋ ਸਮਾਨ ਦੇ ਲੱਦੇ ਪਸ਼ੂ ਵੀ ਹਿਕ ਲਏ।

ਇਉਂ ਬਾਬਾ ਜੀ ਦੇ ਜੱਥੇ ਦੇ ਸਿੰਘਾਂ ਨੇ ਦੁਰਾਨੀ ਲੁਟੇਰੇ ਦਾ ਭਾਰ ਹੌਲਾ ਕੀਤਾ, 300 ਦੇ ਕਰੀਬ ਭਾਰਤੀ ਸੁੰਦਰ ਬੀਬੀਆਂ ਤੇ 100 ਕੁ ਸੁੰਦਰ ਭਾਰਤੀ ਲੜਕੇ ਦੁਰਾਨੀ ਦੀ ਕੈਦ 'ਚੋਂ ਛੁਡਾ ਲਏ। ਕੋਈ ਮਰਹੱਟਾ, ਰਾਜਪੂਤ, ਰੋਹਲਾ ਇਹਨਾਂ ਮਜ਼ਲੂਮਾਂ ਦੀ ਮੱਦਦ ਤੇ ਨਾ ਪੁੱਜਾ ਪਰ ਗੁਰੂ ਕੇ ਸ਼ੇਰ ਸਿੰਘਾਂ ਨੇ ਇਨ੍ਹਾਂ ਮਜ਼ਲੂਮਾਂ ਨੂੰ ਛੁਡਾਇਆ ਹੀ ਨਹੀਂ ਸਗੋਂ ਕੋਲੋਂ ਖਰਚ ਕਰਕੇ ਨਾਲ ਜਾ ਕੇ ਘਰੋ ਘਰੀਂ ਪਹੁੰਚਾਇਆ। ਭਾਵੇਂ ਉਹ ਮੁਸਲਮਾਨ ਬੱਚੇ ਬੱਚੀਆਂ ਸਨ, ਭਾਵੇਂ ਹਿੰਦੂ, ਇਸ ਗੱਲ ਦਾ ਖਿਆਲ ਨਹੀਂ ਰੱਖਿਆ ਗਿਆ। ਸਿੰਘਾਂ ਦੇ ਉੱਚੇ ਸੁੱਚੇ ਆਚਰਨ ਕਾਰਨ ਹੀ ਤਾਂ ਇਹ ਗੁਲਾਮ ਬੱਚੀਆਂ ਪੁਕਾਰਿਆ ਕਰਦੀਆਂ ਸਨ, "ਮੋੜੀਂ ਬਾਬਾ ਕੱਛ ਵਾਲਿਆ ਛਈ, ਨਹੀਂ ਤਾਂ ਗਈ, ਰੰਨ ਗਈ, ਰੰਨ ਗਈ ਬਸਰੇ ਨੂੰ ਗਈ।" ਹੋਰ ਸਿੰਘਾਂ ਦੇ ਜੱਥੇ ਆਪਣੀ ਆਪਣੀ ਡਿਊਟੀ ਅਟਕ ਦਰਿਆ ਤਕ ਬਾਬਾ ਜੀ ਦੇ ਜੱਥੇ ਵਾਂਗੂੰ ਹੀ ਨਿਭਾਉਂਦੇ ਰਹੇ ਤੇ ਇਵੇਂ ਹੀ ਭਾਰਤ ਦੀ ਇੱਜ਼ਤ ਨੂੰ ਬਚਾ ਕੇ ਘਰੀਂ ਪਹੁੰਚਾਉਂਦੇ ਰਹੇ। ਅਟਕ ਪੁਜਦਿਆਂ ਤਕ ਅਬਦਾਲੀ ਦਾ ਹੋਰ ਮਾਲ ਦੌਲਤ ਦਾ ਭਾਰ ਵੀ ਸਿੰਘਾਂ ਕਾਫੀ ਹਲਕਾ ਕਰ ਦਿਤਾ।

ਵਾਪਸ ਜਾਂਦਾ ਹੋਇਆ ਅਬਦਾਲੀ ਆਪਣੇ ਪੁੱਤਰ ਤੈਮੂਰ ਸ਼ਾਹ ਨੂੰ ਪੰਜਾਬ ਦਾ ਸੂਬੇਦਾਰ ਬਣਾ ਗਿਆ ਤੇ ਜਹਾਨ ਖਾਨ ਨੂੰ ਸੈਨਾਪਤੀ, ਅਤੇ ਹੁਕਮ ਦੇ ਗਿਆ ਸਿੱਖਾਂ ਦਾ ਖੁਰਾ ਖੋਜ ਮਿਟਾਣ ਦਾ, ਸਿੰਘਾਂ ਦੇ ਅੰਮ੍ਰਿਤਸਰ ਤੇ ਪਵਿੱਤਰ ਹਰਿਮੰਦਰ ਨੂੰ ਢਾਹ ਢੇਰੀ ਕਰਨ ਤੇ ਸਰੋਵਰ ਨੂੰ ਮਲਬੇ ਨਾਲ ਪੂਰਨ ਦਾ।

ਜਹਾਨ ਖਾਨ ਭਾਰੀ ਫੌਜ ਲੈ ਕੇ ਅੰਮ੍ਰਿਤਸਰ ਪੁੱਜਾ। ਬਾਬਾ ਗੁਰਬਖਸ਼ ਸਿੰਘ ਜੀ (ਪਿੰਡ ਲੀਲ੍ਹ ਵਾਲੇ) ਨੇ 30 ਕੁ ਸਾਥੀਆਂ ਸਣੇ ਡਟ ਕੇ ਮੁਕਾਬਲਾ ਕੀਤਾ ਤੇ ਸਾਰੇ ਸਿੰਘ ਸ਼ਹੀਦ ਹੋ ਗਏ। ਜਹਾਨ ਖਾਨ ਨੇ ਆਲੇ ਦੁਆਲੇ ਦੇ ਮਕਾਨ ਢਾਹ ਕੇ ਪਵਿੱਤਰ ਸਰੋਵਰ ਪੂਰ ਦਿਤਾ ਤੇ ਹਰਿਮੰਦਰ ਸਾਹਿਬ ਦੀ ਸ਼ਾਨਦਾਰ ਇਮਾਰਤ ਨੂੰ ਵੀ ਗਿਰਾ ਦਿਤਾ। ਮਗਰੋਂ ਸਖਤ ਫੌਜੀ ਪਹਿਰਾ ਲਾ ਕੇ ਵਾਪਸ ਲਾਹੌਰ ਪਰਤ ਗਿਆ।

ਸਾਰੇ ਅੰਮ੍ਰਿਤਸਰ ਸ਼ਹਿਰ ਵਿਚ, ਜਹਾਨ ਖਾਨ ਦੇ ਇਸ ਕਾਰੇ ਕਰਕੇ ਹਾਹਾਕਾਰ ਮੱਚ ਗਈ। ਇਕ ਸਿੱਖ ਨੇ ਇਸ ਘਟਨਾ ਦੀ ਖਬਰ ਦਮਦਮਾ ਸਾਹਿਬ ਬਾਬਾ ਦੀਪ ਸਿੰਘ ਜੀ ਨੂੰ ਜਾ ਸੁਣਾਈ।

ਇਹ ਗੱਲ ਸੁਣ ਕੇ ਬਾਬਾ ਜੀ ਦੇ ਤਨ ਬਦਨ ਵਿਚ ਭਾਂਬੜ ਬਲ ਉਠੇ। ਉਹਨਾਂ ਦੇ ਸਰੀਰ ਵਿਚ ਬਿਜਲੀ ਦੌੜ ਗਈ। ਨਗਾਰਚੀ ਨੂੰ ਨਗਾਰੇ ਤੇ ਚੋਟ ਲਾਉਣ ਦਾ ਹੁਕਮ ਦੇ ਦਿਤਾ ਗਿਆ। ਡੇਰੇ ਤੇ ਨਗਰ ਦੇ ਸਾਰੇ ਸਿੰਘ ਇਕੱਠੇ ਹੋ ਗਏ।

ਸਿੰਘਾਂ ਨੂੰ ਸੰਬੋਧਨ ਕਰਦਿਆਂ ਬਾਬਾ ਦੀਪ ਸਿੰਘ ਜੀ ਨੇ ਐਲਾਨ ਕੀਤਾ "ਸਿੰਘੋ ! ਅਸੀਂ ਜ਼ਾਲਮਾਂ ਤੋਂ ਪਵਿੱਤਰ ਹਰਿਮੰਦਰ ਤੇ ਸਰੋਵਰ ਦੀ ਬੇਅਦਬੀ ਦਾ ਬਦਲਾ ਜ਼ਰੂਰ ਲੈਣਾ ਹੈ। ਮੌਤ ਲਾੜੀ ਨੂੰ ਵਰਨ ਲਈ ਸ਼ਹੀਦਾਂ ਦੀ ਜੰਞ ਚੜ੍ਹਣੀ ਹੈ।


www.AKJ.Org

ਚਿੱਟੇ ਬਸਤਰ ਪਹਿਨ ਕੇ ਸ਼ਹੀਦੀ ਗਾਨੇ ਬੰਨ੍ਹਕੇ ਤਿਆਰ ਹੋ ਜਾਉ, ਜਿਨ੍ਹਾਂ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰਨੀਆਂ ਹਨ। ਬਾਬਾ ਜੀ ਦਾ ਇਹ ਹੁਕਮ ਸੁਣ ਕੇ ਸਿੰਘਾਂ ਜੈਕਾਰੇ ਛੱਡੇ, ਸ਼ਹੀਦੀ-ਜੰਝ ਵਿਚ ਸ਼ਾਮਲ ਹੋਣ ਦੇ ਪ੍ਰਣ ਕੀਤੇ ਤੇ ਬਾਬਾ ਜੀ ਦਾ ਹੁਕਮ ਪਿੰਡੋ ਪਿੰਡ ਸਭ ਸਿੱਖਾਂ ਤਕ ਪਹੁੰਚਾਉਣ ਲਈ ਘੋੜਿਆਂ ਨੂੰ ਅੱਡੀਆਂ ਲਾ ਦਿਤੀਆਂ।

ਬਾਬਾ ਜੀ ਦੇ ਹੁਕਮ ਨੂੰ ਸੁਣ ਕੇ ਪਿੰਡਾਂ ਵਿਚ ਸਿੰਘਾਂ ਦਾ ਖੂਨ ਖੌਲ ਉਠਿਆ। ਗੁਰੂ ਘਰ ਦੀ ਬੇਅਦਬੀ ਦੀ ਖਬਰ ਸਿੰਘਾ ਦੇ ਸੀਨੇ ਚੀਰ ਗਈ। ਸਿੰਘਾਂ ਸਾਰੇ ਕੰਮ ਵਿਚੇ ਹੀ ਛੱਡ ਦਿਤੇ। ਖੱਦਰ ਦੇ ਚਿੱਟੇ ਬਸਤਰ ਪਹਿਨ, ਕ੍ਰਿਪਾਨਾਂ ਖੰਡੇ ਨੇਜੇ ਢਾਲਾਂ ਸਾਂਭੀਆਂ, ਘੋੜਿਆਂ ਤੇ ਕਾਠੀਆਂ ਪਾਈਆਂ ਤੇ ਤਿਆਰ ਹੋ ਪਏ ਦਮਦਮਾ ਸਾਹਿਬ ਜਾਣ ਲਈ। ਕਿਤੇ ਮਾਂ ਨੇ ਮਮਤਾ ਤਿਆਗੀ, ਕਿਤੇ ਭੈਣ ਨੇ ਵੀਰ ਨੂੰ ਅਸੀਸਾਂ ਦੇ ਕੇ ਤੋਰਿਆ, ਕਿਤੇ ਜਵਾਨ ਪਤਨੀ ਨੇ ਆਪਣੇ ਹੱਥੀਂ ਪਿਆਰੇ ਪਤੀ ਨੂੰ ਸ਼ਹੀਦੀ ਗਾਨਾ ਬੰਨ੍ਹਿਆ। ਦੂਸਰੇ ਲੋਕੀ ਵੇਖ ਵੇਖ ਹੈਰਾਨ ਹੁੰਦੇ ਤੇ ਕਹਿੰਦੇ ਪਤਾ ਨਹੀਂ ਸਿੰਘ ਕਿਹੜੀ ਮਿੱਟੀ ਦੇ ਬਣੇ ਹੋਏ ਹਨ। ਓਧਰ ਸਿੰਘ ਆਪੋ ਵਿਚ ਗੱਲਾਂ ਕਰਦੇ ਸੁਣੀਂਦੇ "ਓਇ ਇਕ ਦਿਨ ਘਰ ਬੈਠੇ ਵੀ ਤਾਂ ਬੀਮਾਰ ਹੋ ਕੇ ਜਾਂ ਕਿਸੇ ਤਰ੍ਹਾਂ ਮਰ ਹੀ ਜਾਣਾ ਹੈ, ਫਿਰ ਕਿਉਂ ਨਾ ਮਰੀਏ ਧਰਮ ਖਾਤਰ ਤੇ ਕੌਮ ਦੀ ਸ਼ਾਨ ਖਾਤਰ।"

ਸਿੰਘ ਦਮਦਮਾ ਸਾਹਿਬ ਇਕੱਠੇ ਹੋ ਗਏ। ਬਾਬਾ ਜੀ ਨੇ ਅੱਗੇ ਹੋ ਕੇ ਇਕ ਲਕੀਰ ਖੰਡੇ ਨਾਲ ਖਿੱਚੀ ਤੇ ਉੱਚੀ ਬੋਲ ਕੇ ਕਿਹਾ, "ਕੇਵਲ ਉਹੀ ਲਕੀਰ ਟੱਪੇ ਜਿਸ ਨੇ ਧਰਮ ਤੋਂ ਜਾਨ ਵਾਰਨੀ ਹੈ, ਜਿਸ ਨੇ ਸ਼ਹੀਦੀ ਜਾਮ ਪੀਣਾ ਹੈ ਤੇ ਯੁਧ ਵਿਚ ਪਿੱਠ ਨਹੀਂ ਵਿਖਾਉਣੀ।"

ਐਧਰ ਜਾਂ ਓਧਰ ਦੀ ਲਲਕਾਰ ਸੁਣ 500 ਸਿੰਘ ਲਕੀਰ ਟੱਪ ਕੇ ਬਾਬਾ ਜੀ ਦੀ ਸਰਦਾਰੀ ਹੇਠ ਅੰਮ੍ਰਿਤਸਰ ਸਾਹਿਬ ਨੂੰ ਹੋ ਤੁਰੇ। ਰਸਤੇ ਦੇ ਪਿੰਡਾਂ ਵਿਚ ਹੋਰ ਸਿੱਖ ਪਰਵਾਨੇ ਮੌਤ ਲਾੜੀ ਨੂੰ ਵਰਨ ਲਈ ਸ਼ਹੀਦਾਂ ਦੀ ਇਸ ਬਰਾਤ ਵਿਚ ਸ਼ਾਮਲ ਹੁੰਦੇ ਗਏ। ਤਰਨ ਤਾਰਨ ਸਾਹਿਬ ਪੁਜਣ ਤਕ ਸਿੰਘਾਂ ਦੀ ਗਿਣਤੀ 5000 ਹੋ ਗਈ।

ਸਿੰਘਾਂ ਦੇ ਇਸ ਇਕੱਠ ਦੀਆਂ ਖਬਰਾਂ ਲਾਹੌਰ ਦਰਬਾਰ ਵਿਚ ਪੁਜੀਆਂ। ਜਹਾਨ ਖਾਨ ਨੂੰ ਹੱਥਾਂ ਪੈਰਾਂ ਦੀ ਪੈ ਗਈ। ਉਹ 20000 ਫੌਜ ਲੈ ਕੇ ਅੰਮ੍ਰਿਤਸਰ ਪੁੱਜ ਗਿਆ। ਅੰਮ੍ਰਿਤਸਰ ਤੋਂ 5 ਕੁ ਮੀਲ ਦੀ ਵਿਥ ਤੇ ਸਿੰਘਾਂ ਦੇ ਦਲ ਦਾ ਜਹਾਨ ਖ਼ਾਨ ਦੀ ਫੌਜ ਨਾਲ ਟਾਕਰਾ ਹੋਇਆ। ਸਿੰਘਾਂ ਐਸੀ ਬਹਾਦਰੀ ਨਾਲ ਖੰਡਾ ਖੜਕਾਇਆ ਕਿ ਜਹਾਨ ਖ਼ਾਨ ਦੀਆਂ ਫੌਜਾਂ ਵਿਚ ਭਗਦੜ ਮੱਚ ਗਈ। ਥਾਂਉਂ ਥਾਈਂ ਲਾਸ਼ਾਂ ਦੇ ਢੇਰ ਲਗ ਗਏ।

ਅਮੀਰ ਜਹਾਨ ਖ਼ਾਨ ਨੂੰ ਸੋਧਣ ਲਈ ਬਾਬਾ ਜੀ ਦਾ ਸਾਥੀ ਭਾਈ ਦਇਆਲ ਸਿੰਘ 500 ਸਿੰਘਾਂ ਸਮੇਤ ਉਸ ਦੇ ਵੱਲ ਵੈਰੀ ਦਲ ਨੂੰ ਚੀਰਦਾ ਹੋਇਆ ਵਧਿਆ। ਘੋੜੇ ਨੂੰ ਅੱਡੀ ਲਗਾਈ, ਘੋੜਾ ਉਛਲਿਆ ਤੇ ਤਲਵਾਰ ਦੇ ਇਕ ਵਾਰ ਨਾਲ ਭਾਈ ਦਇਆਲ ਸਿੰਘ ਨੇ ਅਮੀਰ ਜਹਾਨ ਖ਼ਾਨ ਦਾ ਸਿਰ ਧੜ ਨਾਲੋਂ ਅਲੱਗ ਕਰ ਦਿੱਤਾ।

ਏਨੇ ਨੂੰ ਸ਼ਾਹੀ ਫੌਜਾਂ ਦਾ ਇਕ ਹੋਰ ਜਰਨੈਲ ਅਤਾਈ ਖ਼ਾਨ ਤਾਜਾ ਦਮ ਫੌਜ ਲੈ ਕੇ ਆ ਪਹੁੰਚਾ। ਇਕ ਵਾਰੀ ਫੇਰ ਘਮਸਾਨ ਦਾ ਯੁਧ ਸ਼ੁਰੂ ਹੋਇਆ। ਬਾਬਾ ਦੀਪ ਸਿੰਘ 18 ਸੇਰ ਦਾ ਖੰਡਾ ਖੜਕਾਉਂਦੇ, ਵੈਰੀਆਂ ਨੂੰ ਸਦਾ ਦੀ ਨੀਂਦੇ ਸੁਆਉਂਦੇ ਅੱਗੇ ਵੱਧੇ ਜਾ ਰਹੇ ਸਨ। ਉਨ੍ਹਾਂ ਦੇ ਸਰੀਰ ਤੇ ਬਹੁਤ ਫੱਟ ਲੱਗ ਚੁਕੇ ਸਨ। ਜ਼ਖਮਾਂ ਚੋਂ ਲਹੂ ਚੋ ਰਿਹਾ ਸੀ ਪਰ ਬਾਬਾ ਜੀ ਲਗਾਤਾਰ ਅੱਗੇ ਵਧਦੇ ਜਾ ਰਹੇ ਸਨ। ਦੁਸ਼ਮਨ ਦਾ ਇਕ ਕਮਾਂਡਰ ਅਮਾਨ ਖਾਂ ਅੱਗੇ ਵਧਿਆ ਤੇ ਬਾਬਾ ਜੀ ਤੇ ਵਾਰ ਕਰਨ ਲੱਗਾ। ਬਾਬਾ ਜੀ ਦੇ ਖੰਡੇ ਨੇ ਉਹਨੂੰ ਥਾਂ ਰੱਖਿਆ ਪਰ ਉਸਦਾ ਵਾਰ ਵੀ ਬਾਬਾ ਜੀ ਦੀ ਧੌਣ ਉਪਰ ਕਰਾਰਾ ਲਗਾ ਤੇ ਬਾਬਾ ਜੀ ਦਾ ਸਿਰ ਇਕ ਪਾਸੇ ਵਲ ਉਲਟ ਪਿਆ। ਕੋਲੋਂ ਇਕ ਸਿੱਖ ਨੇ ਆਵਾਜ਼ ਮਾਰੀ, ਬਾਬਾ ਜੀ ! ਤੁਸੀਂ ਤਾਂ ਸੀਸ ਸੁਧਾ ਸਰੋਵਰ ਦੀ ਪਰਕਰਮਾ ਵਿਚ ਦੇਣ ਦਾ ਪ੍ਰਣ ਕੀਤਾ ਸੀ। ਸਿੱਖ ਦੀ ਆਵਾਜ਼ ਕੰਨੀ ਪਈ। ਬਾਬਾ ਜੀ ਨੇ ਆਪਣੇ ਸੀਸ ਨੂੰ ਖੱਬੇ ਹੱਥ ਸੰਭਾਲਿਆ ਤੇ ਸੱਜੇ ਨਾਲ ਫਿਰ ਖੰਡਾ ਖੜਕਾਉਣ ਲੱਗੇ।

ਦੁਸ਼ਮਨਾਂ ਨੂੰ ਤਹਿ ਤੇਗ ਕਰਦੇ ਹੋਏ ਬਾਬਾ ਜੀ ਗੁ: ਰਾਮਸਰ ਸਾਹਿਬ ਜਾ ਪੁੱਜੇ ਤੇ ਸਰੋਵਰ ਕੰਢੇ ਪ੍ਰਾਣ ਜਾ ਤਿਆਗੇ। ਉਥੇ ਸ਼ਹੀਦ ਗੰਜ ਗੁਰਦੁਆਰਾ ਹੈ।

ਇਉਂ ਸ਼ਹੀਦ ਹੋਏ ਬਾਬਾ ਦੀਪ ਸਿੰਘ ਜੀ ਤੇ ਉਹਨਾਂ ਦੇ ਸਿੰਘ ਸਾਥੀ ਹਰਿਮੰਦਰ ਸਾਹਿਬ ਦੀ ਬੇ-ਅਦਬੀ ਦਾ ਜ਼ਾਲਮਾਂ ਤੋਂ ਬਦਲਾ ਲੈਂਦੇ ਹੋਏ ਧਰਮ ਤੇ ਕੌਮ ਦੀ ਸ਼ਾਨ ਬਦਲੇ ਜਾਨਾਂ ਵਾਰ ਗਏ ਤੇ ਜ਼ਾਲਮਾਂ ਨੂੰ ਦਸ ਗਏ ਕਿ ਗੁਰਧਾਮਾਂ ਦੀ ਬੇਅਦਬੀ ਕਰਨ ਵਾਲਿਆਂ ਦਾ ਸਿੰਘ ਕੀ ਹਸ਼ਰ ਕਰਿਆ ਕਰਦੇ ਹਨ।

ਆਉ ! ਅਸੀਂ ਵੀ ਆਪਣੇ ਪੁਰਾਤਨ ਬਜ਼ੁਰਗਾਂ ਦੇ ਨਕਸ਼ੇ ਕਦਮਾਂ ਤੇ ਤੁਰਦੇ ਹੋਏ ਆਪਣੇ ਗੁਰਧਾਮਾਂ, ਗੁਰਦੁਆਰਿਆਂ ਤੇ ਸਿੱਖੀ ਦੇ ਸੋਮਿਆਂ ਦੀ ਪਵਿੱਤਰਤਾ ਨੂੰ ਹਰ ਕੀਮਤ ਤੇ ਕਾਇਮ ਰਖਣ ਦਾ ਪ੍ਰਣ ਕਰੀਏ ਤਾਂ ਜੁ ਕਦੀ ਵੀ ਕਿਸੇ ਜਰਵਾਣੇ ਨੂੰ ਹੀਆ ਨਾ ਪੈ ਸਕੇ ਸਿੱਖ ਗੁਰਧਾਮਾਂ ਦੀ ਬੇ-ਅਦਬੀ ਕਰਨ ਦਾ। ਸਾਡੇ ਗੁਰਧਾਮ ਸਾਨੂੰ ਜਾਨੋਂ ਵੱਧ ਪਿਆਰੇ ਹਨ।


www.AKJ.Org

# ਲਾਸਾਨੀ ਬ੍ਰਹਮ ਗਿਆਨੀ

(ਪ੍ਰਿੰ: ਸੱਜਣ ਸਿੰਘ ਜੀ)

ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਮਹਾਨ ਸ਼ਹਾਦਤ, ਨਿਰਸੰਦੇਹ, ਪਰਉਪਕਾਰੀ ਉਦੇਸ਼, ਸ਼ਾਂਤਮਈ ਕਰਨੀ ਤੇ ਸਫਲ ਸਿੱਟਿਆਂ ਦੀ ਕਸੌਟੀ ਅਤੇ ਅਲੌਕਿਕ ਸਾਕੇ ਦੇ ਰੂਪ ਵਿੱਚ ਪੂਰੀ ਉਤਰਦੀ ਹੈ। ਇਸ ਵਿੱਚ ਗੁਰਦੇਵ ਜੀ ਦੀ ਸੂਰਮਗਤੀ ਤੇ ਨਿਡਰਤਾ ਦੀ ਝਲਕ, ਦੈਵੀ ਰੰਗ ਵਿੱਚ ਰੰਗੀ ਨਿਰਛਲ ਹਿਰਦੇ ਨੂੰ ਟੁੰਬਦੀ ਜਾਂਦੀ ਹੈ। ਸਮੁੱਚੇ ਭਾਰਤ ਨੂੰ ਤੇ ਵਿਸ਼ੇਸ਼ ਤੌਰ ਤੇ ਸਿੱਖ ਜਗਤ ਨੂੰ ਮਾਣ ਹੈ ਕਿ ਇਸ ਬਲੀਦਾਨ ਨੇ ਨਾ ਕੇਵਲ ਸਾਨੂੰ ਧਾਰਮਕ ਵਿਚਾਰਧਾਰਾ ਦੀ ਰੱਖਿਆ ਲਈ ਉਤਸ਼ਾਹਤ ਕੀਤਾ ਹੈ, ਬਲਕਿ ਗੁਲਾਮੀ ਦੇ ਬੰਧਨਾਂ ਨੂੰ ਤੋੜਨ ਲਈ ਉੱਦਮ, ਦਲੇਰੀ ਤੇ ਮਨੋਬਲ ਦੀਆਂ ਭਾਵਨਾਵਾਂ ਨਾਲ ਬਲਵਾਨ ਭੀ ਬਣਾਇਆ ਹੈ।

ਹਜ਼ੂਰ ਦਾ ਜੀਵਨ, ਵੈਰਾਗ, ਸਿਮਰਨ ਤੇ ਲੋਕ ਭਲਾਈ ਦਾ ਸੰਗਮ ਹੈ। ਤਿਆਗਮੱਲ ਤੋਂ ਤੇਗ਼ਬਹਾਦਰ ਅਖਵਾਉਣ ਵਾਲੇ, ਜੰਗ ਵਿਚ ਤਲਵਾਰ ਜ਼ਨੀ ਦੇ ਧਨੀ ਤੇ ਬਾਬਾ ਬਕਾਲਾ ਵਿੱਚ ਤਿਆਗੀ, ਤਪੱਸਵੀ, ਸੰਸਾਰਕ ਬੰਧਨਾਂ ਤੋਂ ਨਿਰਲੇਪ, ਸਹਿਜ ਅਵਸਥਾ ਵਿਚ ਰਹਿਣ ਵਾਲੇ ਪੂਰਨ ਬ੍ਰਹਮ ਗਿਆਨੀ ਹਨ। ਪਰ ਬ੍ਰਹਮ ਗਿਆਨੀ ਦੇ ਲੱਛਣਾਂ ਵਿਚ ਨਿਰਭੈਤਾ ਦੇ ਗੁਣ ਦਾ ਵਾਧਾ ਕਰਨਾ ਇਕ ਕ੍ਰਿਸ਼ਮੇ ਭਰੀ, ਵਿਲੱਖਣ ਦੇਣ ਹੈ। ਆਪ ਜੀ ਦੀ ਦ੍ਰਿਸ਼ਟੀ ਵਿੱਚ ਵਾਹਿਗੁਰੂ ਕੇਵਲ ਸਾਤਵਕ ਗੁਣਾਂ ਦਾ ਸਮੂਹ ਨਹੀਂ, ਉਹ ਚੰਦਰਮਾਂ ਦੀ ਸੀਤਲਤਾ ਤੇ ਸੁਗੰਧੀ ਰੱਖਦਾ ਹੋਇਆ ਭੀ ਸੂਰਜ ਦੀ ਸ਼ਕਤੀ ਤੇ ਜੋਤਿ ਦਾ ਭੰਡਾਰ ਹੈ। ਉਹ ਅੱਖਾਂ ਮੁੰਦ ਕੇ ਜਗਤ ਤਮਾਸ਼ਾ ਤੱਕਣ ਵਾਲਾ ਨਹੀਂ, ਉਹ ਆਪ ਤੇ ਕੇਵਲ ਆਪ ਨਿਰਭਉ ਹੈ ਤੇ ਜ਼ਾਲਮ ਨੂੰ ਸੋਧਣ ਤੇ ਜ਼ੁਲਮ ਨਾਲ ਜੂਝਣ ਲਈ ਆਪਣੇ ਪਿਆਰੇ ਅਧਿਕਾਰੀ ਜਨਾਂ ਦੇ ਹਿਰਦੇ ਵਿਚ ਨਿਰਭੈਤਾ ਦੇ ਗੁਣ ਵਸਾਉਂਦਾ ਹੈ। ਇਉਂ ਪ੍ਰਤੀਤ ਹੁੰਦਾ ਹੈ ਕਿ ਹਜ਼ੂਰ ਦੇ ਬਲੀਦਾਨ ਦਾ ਮਹਾਨ ਸਾਕਾ,

**ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥**
**ਕਹੁ ਨਾਨਕ ਸੁਨੁ ਰੇ ਮਨਾ ਗਿਆਨੀ ਤਾਹਿ ਬਖਾਨਿ ॥੧੬॥**

ਦਾ ਅਮਲੀ ਰੂਪ ਵਿਚ ਤਰਜਮਾ ਹੈ।

ਸ਼ਹੀਦ ਸ਼ਹਾਦਤ ਪਾਉਂਦਾ ਹੈ, ਮਰਦਾ ਨਹੀਂ, ਲੋਕਾਈ ਮਰਦੀ ਹੈ, ਸ਼ਹੀਦ ਨਹੀਂ ਹੁੰਦੀ। ਇਹਨਾ ਦਾ ਵਰਗ ਵੱਖਰਾ ਵੱਖਰਾ ਹੈ। ਅਸੀਂ ਐਵੇਂ ਹੀ ਜਣੇ ਖਣੇ ਦੀ ਮੌਤ ਨੂੰ ਸ਼ਹਾਦਤ ਦਾ ਦਰਜਾ ਦੇਈ ਜਾਂਦੇ ਹਾਂ। ਭਰਮ, ਭੁਲੇਖੇ, ਲੋਭ, ਅੱਤਿਆਚਾਰ ਵਿੱਚ ਹੋਈ ਮੌਤ, ਲੀਡਰ ਡਾਕੂ ਤੇ ਧਨਵਾਨ ਦੀ ਬਿਨਾ ਕਾਰਨ ਹੋਈ ਹੱਤਿਆ; ਦੀਨ ਧਰਮ ਤੇ ਕੌਮ ਪ੍ਰਸਤੀ ਤੋਂ ਸੱਖਣੀ ਕੁਰਬਾਨੀ, ਮੌਤ ਹੀ ਰਹਿੰਦੀ ਹੈ, ਪ੍ਰਮਾਣੀਕ ਸ਼ਹਾਦਤ ਨਹੀਂ ਅਖਵਾਉਂਦੀ। ਸ਼ਹਾਦਤ ਦਾ ਜਾਮ ਪੀਣਾ, ਪਰਉਪਕਾਰੀ ਸੂਰਿਆਂ ਦਾ ਹੱਕ ਹੈ। ਉਹੀ ਇਸ ਦੇ ਯੋਗ ਹਨ ਤੇ ਏਨਾ ਉੱਚਾ ਰੁਤਬਾ ਉਨ੍ਹਾਂ ਨੂੰ ਹੀ ਫੱਬਦਾ ਹੈ। ਤਾਹੀਓਂ ਤਾਂ ਅਕਾਲ ਪੁਰਖ ਵੱਲੋਂ ਉਨਾਂ ਨੂੰ ਲੋਕ ਤੇ ਪਰਲੋਕ ਵਿੱਚ ਸਿਰਪਾਉ ਬਖਸ਼ ਕੇ ਸਨਮਾਨਤ ਕੀਤਾ ਜਾਂਦਾ ਹੈ।

**ਵਡਹੰਸ ਮਹਲਾ ੧ ॥......ਮਰਣੁ ਮੁਣਸਾ ਸੂਰਿਆ ਹਕੁ ਹੈ ਜੋ ਹੋਇ ਮਰਨਿ ਪਰਵਾਣੋ ॥ਸੂਰੇ ਸੇਈ ਆਗੈ ਆਖੀਅਹਿ ਦਰਗਹ ਪਾਵਹਿ ਸਾਚੀ ਮਾਣੋ ॥....** (ਪੰਨਾ ੫੭੯-੫੮੦)

ਹਜ਼ੂਰ ਦਾ ਸਮਕਾਲੀ ਮੁਗਲ ਸਮਰਾਟ ਔਰੰਗਜ਼ੇਬ, ਆਪਣੇ ਭਰਾਵਾਂ, ਭੈਣਾਂ, ਰਿਸ਼ਤੇਦਾਰਾਂ, ਪਿਤਾ ਤੇ ਵਿਰੋਧੀਆ ਨੂੰ ਮੌਤ ਦੇ ਘਾਟ ਉਤਾਰ ਕੇ ਬੇਫਿਕਰ ਹੋ ਗਿਆ। ਮੁਸਲਮਾਨਾਂ ਨੂੰ ਪ੍ਰਸੰਨ ਕਰਨ ਲਈ ਹਿੰਦੂਆਂ ਨੂੰ ਜ਼ਬਰਦਸਤੀ ਮੁਸਲਮਾਨ ਬਣਾ ਕੇ ਇਸਲਾਮ ਦੇ ਪੈਰੋਕਾਰਾਂ ਦੀ ਗਿਣਤੀ ਵਧਾਉਣੀ ਸ਼ੁਰੂ ਕੀਤੀ। ਇਸ ਮੰਤਵ ਦੀ ਪੂਰਤੀ ਲਈ, ਰਾਜਨੀਤਕ ਪੱਖਵਾਦ ਦੀ ਵਰਤੋਂ ਕੀਤੀ ਤੇ ਹਿੰਦੂਆਂ ਨੂੰ ਉੱਚੀਆਂ ਪਦਵੀਆ ਤੋਂ ਮਹਿਰੂਮ ਰੱਖਣ ਦੇ ਆਦੇਸ਼ ਦਿੱਤੇ। ਭਲੀ ਭਾਂਤ ਜਾਣਦਿਆ ਤੇ ਚੰਗੀ ਤਰ੍ਹਾਂ ਸਮਝਦਿਆਂ ਕਿ ਕਸ਼ਮੀਰ ਭਾਰਤ ਦੀ ਸਰਹੱਦ ਤੇ ਹੈ, ਕਾਬਲ, ਕੰਧਾਰ ਆਦਿ ਮੁਸਲਮਾਨੀ ਹਕੂਮਤਾਂ ਦੇ ਨਿਕਟ ਹੈ, ਪੰਡਤ ਵਿਦਵਾਨ ਹਨ, ਸ਼ਾਸਤਰਾਂ ਤੇ ਧਾਰਮਿਕ ਗ੍ਰੰਥਾਂ ਦੇ ਗਿਆਤਾ ਹਨ, ਹਿੰਦੂ ਧਰਮ ਦੇ ਠੇਕੇਦਾਰ ਹਨ ਪਰ ਨਿਰਬਲ, ਡਰਪੋਕ ਤੇ ਅਹਿੰਸਾਵਾਦੀ ਹਨ। ਮੁਗਲ ਬਾਦਸ਼ਾਹ ਨੇ ਤੱਤ ਕੱਢਿਆ ਕਿ ਇਨ੍ਹਾਂ ਨੂੰ ਮੁਸਲਮਾਨ ਬਣਾਉਣ ਨਾਲ ਬਾਕੀ ਹਿੰਦੂਆਂ ਨੂੰ ਇਸਲਾਮ ਧਰਮ ਵਿੱਚ ਲਿਆਉਣ ਲਈ ਖਾਸ ਰੁਕਾਵਟ ਦਾ ਸਾਹਮਣਾ ਨਹੀਂ ਕਰਨਾ ਪਵੇਗਾ। ਇਸ ਅਤਿਆਚਾਰੀ ਫੁਰਮਾਨ ਉਪਰੰਤ ਕਈ ਉੱਚ ਜਾਤੀ ਦੇ ਬ੍ਰਾਹਮਣਾਂ ਨੂੰ ਮਜਬੂਰਨ ਕਸ਼ਮੀਰ ਛੱਡ ਕੇ ਭਾਰਤ ਦੇ ਹੋਰ ਇਲਾਕਿਆਂ ਵਿੱਚ ਜਾ ਕੇ ਵਸਣਾ ਪਿਆ। ਕੱਚੇ ਪਿੱਲੇ, ਕਾਇਰ, ਲੋਭੀ, ਨਾਸ਼ਵਾਨ ਪਦਵੀ ਦੇ ਭੁੱਖੇ, ਆਪਣੀ ਅਣਖ, ਜ਼ਮੀਰ ਵੇਚ ਕੇ ਧਰਮ ਪਰਿਵਰਤਨ ਲਈ ਤਿਆਰ ਹੋ ਗਏ। ਅਜਿਹੇ ਗਏ ਗੁਜ਼ਰੇ, ਬੇਵਸ, ਨਿਕਾਰੇ, ਲੋਭੀ, ਗੀਦੀ ਪੁਰਸ਼ਾਂ ਪ੍ਰਤੀ ਸਤਿਗੁਰੂ ਜੀ ਦਾ ਇਹ ਫੁਰਮਾਨ ਇੰਨ ਬਿੰਨ ਢੁੱਕਦਾ ਹੈ।

**ਗਉੜੀ ਮਹਲਾ ੩ ॥ ... ਚਾਕਰੀ ਵਿਡਾਣੀ ਖਰੀ ਦੁਖਾਲੀ ਆਪੁ ਵੇਚਿ ਧਰਮੁ ਗਵਾਏ ॥ ਮਾਇਆ ਬੰਧਨ ਟਿਕੈ ਨਾਹੀ ਖਿਨੁ ਖਿਨੁ ਦੁਖੁ ਸੰਤਾਏ ॥** (ਪੰਨਾ ੨੪੬)

ਕਸ਼ਮੀਰੀ ਪੰਡਤਾਂ ਦੀ ਦਸ਼ਾ ਅਤਿਅੰਤ ਤਰਸਯੋਗ ਸੀ। ਦੁਖੀ ਹਿਰਦਿਆਂ ਦੀ ਪੁਕਾਰ ਕੌਣ ਸੁਣਦਾ? ਪਹਾੜੀ ਰਾਜਿਆਂ ਨੂੰ ਆਪਣੀ ਹਸਤੀ ਕਾਇਮ ਰੱਖਣ ਦੀ ਪਈ ਹੋਈ ਸੀ। ਦੇਵੀ ਦੇਵਤਿਆਂ ਦੇ ਮੰਦਰਾਂ ਵਿੱਚ ਮੱਥੇ ਘਸਾਏ ਨਿਰਾਰਥ ਗਏ। ਹਾਂ ਏਨਾ ਸੰਕੇਤ ਅਵੱਸ਼ ਮਿਲਿਆ ਕਿ ਇਸ ਸੰਕਟ ਭਰੇ ਕਾਲ ਵਿੱਚ ਕੇਵਲ ਸਤਿਗੁਰੂ ਨਾਨਕ ਜੀ ਦਾ ਦਰ ਤੁਹਾਡੀ ਰੱਖਿਆ


www.AKJ.Org

ਕਰ ਸਕਦਾ ਹੈ। ਸਿੱਖ ਇਤਿਹਾਸ ਅਨੁਸਾਰ ਜਿਹੜੇ ਪੰਡਤ ਆਪਣੇ ਦੁੱਖਾਂ ਦੀ ਫਰਿਆਦ ਲੈ ਕੇ ਅਨੰਦਪੁਰ ਸਾਹਿਬ ਪੁੱਜੇ ਸਨ, ਉਨਾਂ ਦੀ ਅਗਵਾਈ ਪੰਡਤ ਕਿਰਪਾ ਰਾਮ ਨੇ ਕੀਤੀ ਸੀ।

ਪੰਡਤ ਜਨਾਂ ਦਾ ਇਹ ਨਿਰਣਾ ਸਹੀ ਤੇ ਆਸ਼ਾ ਭਰਪੂਰ ਸੀ ਭਾਵੇਂ ਉਹ ਆਪਣੀ ਮਰਜ਼ੀ ਨਾਲ ਆਏ, ਭਾਵੇਂ ਕਿਸੇ ਦੋਖੀ ਦੀ ਚਾਲ ਅਨੁਸਾਰ। ਗੁਰੂ ਨਾਨਕ ਜੀ ਦਾ ਦਰ ਸ਼ੁਰੂ ਤੋਂ ਹੀ ਦਰ ਢੱਠਿਆ ਦੀ ਲਾਜ ਰੱਖਦਾ ਆਇਆ ਹੈ। ਗੁਰਦੇਵ ਜੀ ਦੀ ਬਾਣੀ ਅਨੁਸਾਰ ਜੇ ਗਜ (ਹਾਥੀ) ਦੀ ਪੁਕਾਰ ਸੁਣ ਕੇ ਤੰਦੂਏ ਤੋਂ ਉਸ ਦੀ ਰੱਖਿਆ ਕੀਤੀ ਸੀ ਤਾਂ ਪੰਡਤਾਂ ਦੀ ਪੁਕਾਰ ਸੁਣ ਕੇ ਹਜ਼ੂਰ ਨੇ ਉਨਾਂ ਨੂੰ ਹਰ ਹਾਲਤ ਵਿੱਚ ਬਚਾਉਣਾ ਸੀ। ਡਰਪੋਕ ਗਿੱਦੜ ਦਾ ਸਹਾਰਾ ਕੁੱਝ ਨਹੀਂ ਸੁਆਰਦਾ, ਪਰ ਸਿੰਘ ਦੀ ਓਟ ਲੈਣ ਵਾਲੇ ਨੂੰ ਮੌਤ ਦਾ ਭੈ ਨਹੀਂ ਵਿਆਪਦਾ।

ਬਿਲਾਵਲੁ ਮਹਲਾ ੩ ॥ .... ਜਿਸ ਦਾ ਸਾਹਿਬੁ ਡਾਢਾ ਹੋਇ ॥ ਤਿਸ ਨੋ ਮਾਰਿ ਨ ਸਾਕੈ ਕੋਇ ॥ ਸਾਹਿਬ ਕੀ ਸੇਵਕੁ ਰਹੈ ਸਰਣਾਈ ॥ ਆਪੇ ਬਖਸੇ ਦੇ ਵਡਿਆਈ ॥ਤਿਸ ਤੇ ਊਪਰਿ ਨਾਹੀ ਕੋਇ ॥ ਕਉਣੁ ਡਰੈ ਡਰ ਕਿਸ ਕਾ ਹੋਇ ॥੪॥ (ਪੰਨਾ ੮੪੨)

ਆਪਣੇ ਪਿਤਾ ਗੁਰਦੇਵ ਜੀ ਨੂੰ ਸਰਬ ਕਲਾ ਸਮਰੱਥ ਸਮਝਦਿਆਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬਾਲ ਅਵਸਥਾ ਵਿੱਚ ਕਿੰਨੇ ਹੌਸਲੇ ਭਰਿਆ ਸੁਝਾਉ ਦਿੱਤਾ ਕਿ, 'ਪਿਤਾ ਜੀ, ਕੇਵਲ ਆਪ ਹੀ ਦੁਖਿਆਰਿਆਂ ਦਾ ਸੰਸ਼ਾ ਸਹਸਾ, ਸੰਕਟ ਨਵਿਰਤ ਕਰ ਸਕਦੇ ਹੋ, ਹੋਰ ਤੁਹਾਥੋਂ ਵੱਡਾ ਕਿਹੜਾ ਪੁਰਸ਼ ਹੈ ਜਿਹੜਾ ਇਨਾਂ ਦੀ ਸਹਾਇਤਾ ਕਰ ਸਕੇ'।

ਕਿੰਨੇ ਨਿਆਰੇ ਰੰਗ ਹਨ, ਕੁਦਰਤ ਦੇ ਕਿ ਦਾਦਿਆਂ ਦੇ ਬਾਅਦ ਪੋਤਿਆਂ ਦੇ ਸੰਘਰਸ਼ ਦਾ ਸਮਾਂ ਆ ਗਿਆ। ਜਾਬਰ ਦੇ ਜਬਰ ਤੇ ਸਾਬਰ ਦੇ ਸਬਰ ਦੀ ਜੰਗ ਦੇ ਆਸਾਰ ਪ੍ਰਗਟ ਹੋਣ ਲੱਗੇ। ਜੇ ਏਡੀ ਵੱਡੀ ਸਲਤਨਤ ਦੇ ਮਾਲਕ, ਔਰੰਗਜ਼ੇਬ ਨੂੰ ਆਪਣੀ ਅਥਾਹ ਸ਼ਕਤੀ ਤੇ ਮਾਣ ਸੀ ਤਾਂ ਇਸ ਦੇ ਜ਼ੁਲਮ ਸਿਤਮ ਤੇ ਵਿਤਕਰੇ ਭਰੀ ਨੀਤੀ ਨੂੰ ਬੇਅਸਰ ਤੇ ਨਕਾਰਾ ਬਣਾਉਣ ਲਈ ਨੌਵੇਂ ਸਤਿਗੁਰੂ ਨੇ ਇੱਕ ਨਵੀ ਚੁਨੌਤੀ ਦੇਣ ਲਈ ਆਤਮਕ ਬਲ ਦੇ ਹਥਿਆਰ ਨਾਲ ਤਿਆਰੀ ਕੀਤੀ ਹੋਈ ਸੀ। ਔਰੰਗ.ਗਜ਼ੇਬ ਨੂੰ ਇਹ ਪੈਗਾਮ ਪਹੁੰਚਾਉਣਾ ਕਿ "ਜੇ ਸਾਡੇ ਗੁਰੂ (ਸ੍ਰੀ ਗੁਰੂ ਤੇਗ ਬਹਾਦਰ ਜੀ) ਮੁਸਲਮਾਨ ਬਣ ਜਾਣ ਤਾਂ ਅਸੀਂ ਸਾਰੇ ਹੀ ਮੁਸਲਮਾਨ ਬਣ ਜਾਵਾਂਗੇ", ਇੱਕ ਸਾਧਾਰਨ ਸੰਦੇਸ਼ ਨਹੀਂ ਸੀ, ਗੈਰਤਮੰਦ, ਬੇਬਾਕ, ਜਮਾਲ, ਜਲਾਲ, ਜੁਰਅਤ ਭਰਪੂਰ ਇਨਕਲਾਬੀ ਆਤਮਾ ਦੀ ਮੁਗਲ ਹਕੂਮਤ ਖਿਲਾਫ ਬੁਲੰਦ ਆਵਾਜ਼ ਸੀ। ਇਹ ਸ਼ਬਦ ਭਾਵੇਂ ਸਰਲ ਤੇ ਸਾਧਾਰਨ ਬੋਲੀ ਵਿਚ ਸਨ ਪਰ ਇਨ੍ਹਾਂ ਦਾ ਭਾਵ ਹਕੂਮਤ ਲਈ ਬਹੁਤ ਡੂੰਘਾ ਤੇ ਵੰਗਾਰ ਭਰਿਆ ਸੀ, ਅਰਥਾਤ ਸਾਡੇ ਪੰਜ ਭੂਤਕੀ ਸਰੀਰ ਦੇ ਹੁੰਦਿਆਂ ਕੋਈ ਵੀ ਹਿੰਦੂਆਂ ਨੂੰ ਜ਼ਬਰਦਸਤੀ ਮੁਸਲਮਾਨ ਨਹੀਂ ਬਣਾ ਸਕਦਾ।

ਹਕੂਮਤ ਕੋਈ ਵੀ ਹੋਵੇ, ਜਦ ਉਸ ਨੇ ਕਿਸੇ ਮਹਾਂ ਪੁਰਸ਼ ਨੂੰ ਗ੍ਰਿਫਤਾਰ ਕਰਨਾ ਹੁੰਦਾ ਹੈ ਤਾਂ ਉਸ ਉੱਤੇ ਰਾਜ ਹਿੱਤਾਂ ਦੇ ਵਿਰੁੱਧ ਸਰਗਰਮੀਆਂ ਦਾ ਦੋਸ਼ ਲਾਇਆ ਜਾਂਦਾ ਹੈ। ਗੁਰਦੇਵ ਜੀ ਦੀ ਧਾਰਮਿਕ ਪਰਚਾਰ ਫੇਰੀ, ਇੱਜ਼ਤ, ਮਾਣ, ਬਾਦਸ਼ਾਹੀ ਠਾਠ-ਬਾਠ, ਰਸੂਖ ਤੇ ਸਿੱਖਾਂ ਦੀ ਗਿਣਤੀ ਵਿੱਚ ਹੋ ਰਹੇ ਵਾਧੇ ਨੂੰ ਤੱਕ ਕੇ ਔਰੰਗਜ਼ੇਬ ਦੇ ਮਨ ਵਿੱਚ ਇਹ ਅੰਦੇਸ਼ਾ ਜਰੂਰ ਉਗਮਿਆ ਹੋਵੇਗਾ ਕਿ ਹੋਰ ਕਿਸੇ ਦਾ ਤਾਂ ਡਰ ਨਹੀਂ ਪਰ ਗੁਰੂ ਨਾਨਕ ਦਾ ਘਰ ਮੇਰੇ ਕਾਰਜਾਂ ਵਿਚ ਰੋੜਾ ਅਟਕਾਉਣ ਦੀ ਹਿੰਮਤ ਕਰ ਸਕਦਾ ਹੈ। ਨੌਵੇਂ ਪਾਤਸ਼ਾਹ ਉੱਤੇ ਹਿੰਦੂਆਂ ਨੂੰ ਉਕਸਾਉਣ ਤੇ ਰਾਜ ਵਿਰੁੱਧ ਭੜਕਾਉਣ ਦਾ ਇਲਜ਼ਾਮ ਲਾਉਣਾ ਉਸ ਦੇ ਅੰਦਰ ਛੁਪੇ ਹੋਏ ਡਰ ਦਾ ਪਰਤੱਖ ਪਰਛਾਵਾਂ ਸੀ।

ਨਿਰਦੋਸ਼ ਵਿਅਕਤੀ ਦੀ ਸ਼ਹਾਦਤ ਵਾਕਈ ਇਨਸਾਫ ਤੋਂ ਖਾਲੀ ਹੁੰਦੀ ਹੈ ਤੇ ਉਸ ਨਾਲ ਸਾਡੀ ਹਮਦਰਦੀ ਹੁੰਦੀ ਹੈ। ਅਸੀਂ ਅਨੁਭਵ ਕਰਦੇ ਹਾਂ ਕਿ ਇਉਂ ਨਹੀਂ ਸੀ ਵਾਪਰਨਾ ਚਾਹੀਦਾ। ਪਰ ਦੁਖੀਆਂ ਦੇ ਦਰਦ ਵੰਡਾਉਣ ਵਾਲੇ ਕਰਮ ਯੋਗੀ ਉਤੇ, ਜਿਸ ਨੇ ਨਿਡਰਤਾ ਸਹਿਤ ਆਪਣੇ ਮਿੱਥੇ ਆਦਰਸ਼ਾਂ ਦੀ ਪੂਰਤੀ ਲਈ ਜੀਵਨ ਵਾਰਿਆ ਹੋਵੇ, ਸਾਨੂੰ ਨਾਜ਼ ਹੁੰਦਾ ਹੈ, ਫਖਰ ਹੁੰਦਾ ਹੈ। ਇਸ ਮਾਣ ਸਦਕੇ, ਨਾ ਕਿ ਬਦਲੇ ਦੀ ਭਾਵਨਾ ਕਰਕੇ, ਗੁਰਸਿੱਖਾਂ ਨੂੰ ਜ਼ੁਲਮ ਤੇ ਬੇਇਨਸਾਫੀ ਵਿਰੁੱਧ ਜੂਝਣ ਦੀ ਪ੍ਰੇਰਨਾ ਮਿਲਦੀ ਹੈ।

ਗੁਰਬਾਣੀ ਦੀ ਰੌਸ਼ਨੀ ਅੰਦਰ ਜੇ ਇਤਿਹਾਸ ਦੇ ਪੰਨਿਆਂ ਤੇ ਝਾਤ ਮਾਰੀਏ ਤਾਂ ਇੱਕ ਗੱਲ ਸਪਸ਼ਟ ਰੂਪ ਵਿੱਚ ਸਾਹਮਣੇ ਆਉਂਦੀ ਹੈ ਕਿ ਉਸ ਸਮੇਂ ਸਮੁੱਚਾ ਹਿੰਦੂ ਵਰਗ ਭੈ ਵਿੱਚ ਗ੍ਰਸਿਆ ਹੋਇਆ ਸੀ। ਉਹ ਕਿਸੇ ਨੂੰ ਜਮ ਦਾ ਡਰ, ਕਿਸੇ ਨੂੰ ਧਨ ਖੁੱਸ ਜਾਣ ਦਾ ਡਰ ਤੇ ਕਿਸੇ ਨੂੰ ਕੀਤੇ ਪਾਪਾਂ ਦਾ ਡਰ, ਪਰ ਸਭ ਤੋਂ ਵੱਡਾ ਡਰ ਸੀ ਮੌਤ ਦਾ, ਜਿਸ ਨੇ ਸਭਨਾਂ ਨੂੰ ਗੁਲਾਮੀ ਦੀਆਂ ਜੰਜੀਰਾਂ ਵਿੱਚ ਜਕੜਿਆ ਹੋਇਆ ਸੀ। ਉਹ ਲੋਕ 'ਧ੍ਰਿਕਾਰ ਯੋਗ ਪਰਾਧੀਨਤਾ' ਭਰਿਆ ਜੀਵਨ ਤਾਂ ਬਿਤਾ ਸਕਦੇ ਸਨ ਪਰ ਆਪਣੀ ਅਣਖ ਕਾਇਮ ਰੱਖਣ ਲਈ ਕੱਚੇ ਭਾਂਡੇ ਨੂੰ ਕਦਾਚਿਤ ਤਿਆਗਣਾ ਨਹੀਂ ਚਾਹੁੰਦੇ ਸਨ। ਹਜ਼ੂਰ ਦਾ ਫੁਰਮਾਨ ਹੈ :

ਗਉੜੀ ਮਹਲਾ ੫ ॥ ਭੈ ਮਹਿ ਰਚਿਓ ਸਭੁ ਸੰਸਾਰਾ ॥ ਤਿਸੁ ਭਉ ਨਾਹੀ ਜਿਸੁ ਨਾਮੁ ਅਧਾਰਾ ॥੧॥ ਭਉ ਨ ਵਿਆਪੈ ਤੇਰੀ ਸਰਣਾ ॥ ਜੋ ਤੁਧੁ ਭਾਵੈ ਸੋਈ ਕਰਣਾ ॥੧॥ ਰਹਾਉ ॥ ਸੋਗ ਹਰਖ ਮਹਿ ਆਵਣ ਜਾਣਾ ॥ ਤਿਨਿ ਸੁਖੁ ਪਾਇਆ ਜੋ ਪ੍ਰਭ ਭਾਣਾ ॥੨॥ ਅਗਨਿ ਸਾਗਰੁ ਮਹਾ ਵਿਆਪੈ ਮਾਇਆ ॥ ਸੇ ਸੀਤਲ ਜਿਨ ਸਤਿਗੁਰੁ ਪਾਇਆ ॥੩॥ ਰਾਖਿ ਲੇਇ ਪ੍ਰਭੁ ਰਾਖਨਹਾਰਾ॥ ਕਹੁ ਨਾਨਕ ਕਿਆ ਜੰਤ ਵਿਚਾਰਾ॥੪॥ (ਪੰਨਾ ੧੯੨)



www.AKJ.Org

ਅਰਥਾਤ ਸਾਰਾ ਸੰਸਾਰ ਭੈ ਵਿਚ ਹੈ। ਨਿਰਭਉ ਦੀ ਸਰਣ ਤੇ ਨਾਮ ਦਾ ਆਧਾਰ ਭਉ ਤੋਂ ਮੁਕਤ ਕਰਦੇ ਹਨ। ਅਗਨਿ ਸਾਗਰ ਵਿਚ ਤੜਪਦਾ ਮਨੁੱਖ ਲਾਚਾਰ ਹੈ, ਕੇਵਲ ਸਤਿਗੁਰੂ ਦੀ ਓਟ ਸਭ ਦੁਖਾਂ ਤੇ ਕਸ਼ਟਾਂ ਤੋਂ ਨਿਜਾਤ ਦਿਲਾਉਂਦੀ ਹੈ।

ਬਦਕਿਸਮਤੀ ਨਾਲ ਆਮ ਹਿੰਦੂ ਜਨਤਾ ਇਕ ਅਕਾਲ ਪੁਰਖ ਦੇ ਨਾਮ ਤੋਂ ਘੁੱਥੀ ਹੋਣ ਕਰਕੇ ਡਰਨਾ ਜਾਣਦੀ ਸੀ, ਡਰਾਉਣਾ ਨਹੀਂ। ਵਾਸਤਵ ਵਿਚ ਡਰਾਉਣ ਦੀ ਹਿੰਮਤ ਹੀ ਨਹੀਂ ਸੀ। ਜਦ ਕਿ ਮੁਗਲ ਪਠਾਣ, ਰਾਜ ਸੱਤਾ ਵਿੱਚ ਮੱਤੇ, ਪਾਪਾਂ ਤੇ ਵਿਕਾਰਾਂ ਵਿਚ ਰੱਤੇ, ਅਜਰਾਈਲ ਫਰਿਸ਼ਤੇ ਦੇ ਡਰ ਤੋਂ ਗਾਫਲ ਸਨ। ਹਿੰਦੂ ਤਾਂ ਉਨਾਂ ਲਈ ਗਊਆਂ ਦੇ ਵੱਗ ਸਮਾਨ ਸਨ, ਤਲਵਾਰ ਦੀ ਨੋਕ ਨਾਲ ਡਰਾਉਂਦੇ, ਧਮਕਾਉਂਦੇ, ਜੋ ਕਹਿੰਦੇ ਸੋ ਕਰਵਾਉਂਦੇ ਸਨ।

ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਨਾਮ ਨੂੰ ਦੁਖ ਹਰਤਾ, ਸੰਕਟ ਹਰਨ ਤੇ ਭੈ ਨਾਸ਼ਕ ਦੇ ਰੂਪ ਵਿੱਚ ਦ੍ਰਿੜਾਉਣ ਲਈ ਮਿਥਿਹਾਸਕ ਕਹਾਣੀਆਂ ਦੇ ਹਵਾਲੇ ਦਿੱਤੇ ਤੇ ਅਭੈਦਾਨ ਬਖਸ਼ਿਆ। ਧ੍ਰੂਹ ਬਾਲਕ ਸਿਮਰਨ ਦੁਆਰਾ ਹੀ ਨਿਰਭੈ ਪਦਵੀ ਪ੍ਰਾਪਤ ਕਰ ਕੇ ਅਟੱਲ ਭਇਆ ਸੀ।

**ਅਟਲ ਭਇਓ ਧ੍ਰੂਅ ਜਾ ਕੈ ਸਿਮਰਨਿ**
**ਅਰੁ ਨਿਰਭੈ ਪਦੁ ਪਾਇਆ॥**
**ਦੁਖ ਹਰਤਾ ਇਹ ਬਿਧਿ ਕੋ ਸੁਆਮੀ ਤੈ ਕਾਹੇ ਬਿਸਰਾਇਆ॥** (ਸੋਰਠਿ ਮਹਲਾ ੯ - ਪੰਨਾ ੬੩੨)

"ਜੀਉ ਤੇ ਜੀਣ ਦਿਉ" ਵਿਚ ਨਿਰਭੈਤਾ ਤੇ ਸ਼ਕਤੀ ਦੀ ਪਾਣ ਚੜ੍ਹਾਈ। ਸੰਸਾਰ ਨੇ ਇਸ ਨੂੰ ਨਵੇਂ ਰੰਗ, ਰੂਪ ਵਿਚ ਤੱਕਿਆ ਜਦ ਆਪ ਜੀ ਦੀ ਬੇਧੜਕ ਆਤਮਾ ਤੋਂ "ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨਿ॥" ਦਾ ਉਪਦੇਸ਼ ਫੁੱਟਿਆ। ਸੰਤ ਪੁਰਸ਼ ਤਾਂ ਪਹਿਲਾਂ ਹੀ ਭੁੱਲਿਆਂ ਨੂੰ ਬਖਸ਼ ਕੇ ਮਾਰਗ ਪਾਉਂਦੇ ਤੇ ਅਨਾਥਾਂ ਦੀ ਰੱਖਿਆ ਕਰਦੇ ਆਏ ਹਨ, ਕਿਸੇ ਨੂੰ ਡਰਾਉਣ ਦਾ ਪ੍ਰਸ਼ਨ ਹੀ ਨਹੀਂ ਉੱਠਦਾ ਪਰ ਜਿੱਥੇ ਨਾ ਡਰਨ ਦੀ ਗੱਲ ਹੈ, ਉਹ ਬਿਨਾ ਸ਼ੱਕ ਡਾਢਿਆਂ ਦੀ ਵਧੀਕੀ ਤੇ ਰਾਜਸੀ ਸੱਤਾ ਨਾਲ ਸੰਬੰਧਤ ਹੈ। ਨਿਡਰਤਾ ਨੂੰ ਜੀਵਨ ਦਾ ਅਤੁੱਟ ਅੰਗ ਆਖਦਿਆਂ ਹਜ਼ੂਰ ਦਾ ਬਚਨ ਹੈ:-

**ਸੋਰਠਿ ਮਹਲਾ ੯ ॥ ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ ॥ ਸੁਖ ਸਨੇਹੁ ਅਰੁ ਭੈ ਨਹੀ ਜਾਕੈ ਕੰਚਨ ਮਾਟੀ ਮਾਨੈ ॥੧॥...ਗੁਰ ਕਿਰਪਾ ਜਿਹ ਨਰ ਕਉ ਕੀਨੀ ਤਿਹ ਇਹ ਜੁਗਤਿ ਪਛਾਨੀ ॥ ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ ॥੩॥** (ਪੰਨਾ ੬੩੩ -੩੪)

ਗੁਰਦੇਵ ਜੀ ਦਾ ਸਪਸ਼ਟ ਫੁਰਮਾਨ ਹੈ ਕਿ ਕੋਈ ਵਿਅਕਤੀ ਸੱਚੇ ਨਾਮ ਬਿਨਾ ਨਿਰਭਉ ਨਹੀਂ ਹੋ ਸਕਦਾ।

**ਨਾਨਕ ਵਿਣੁ ਨਾਵੈ ਨਿਰਭਉ ਕੋ ਨਹੀ**
**ਜਿਚਰੁ ਸਬਦਿ ਨ ਕਰੈ ਵੀਚਾਰੁ ॥** (ਸਲੋਕ ਮ. ੩- ਪੰਨਾ ੫੮੮)

ਗੁਰਮਤਿ ਨਾਮ ਵਿੱਚ ਇਹ ਖਾਸੀਅਤ ਹੈ ਕਿ ਇਸ ਨੂੰ ਹਿਰਦੇ ਵਿਚ ਵਸਾਉਣ ਵਾਲਾ ਪੁਰਸ਼ ਕੇਵਲ ਪ੍ਰਭੂ ਦੇ ਭੈ ਵਿਚ ਰਹਿੰਦਾ ਹੈ ਤੇ ਹੋਰ ਸਾਰੇ ਡਰਾਂ ਨੂੰ ਦੂਰ ਕਰਨ ਦੇ ਯੋਗ ਬਣ ਜਾਂਦਾ ਹੈ।

**ਜਿਨਾ ਭਉ ਤਿਨ ਨਾਹਿ ਭਉ ਮੁਚੁ ਭਉ ਨਿਭਵਿਆਹ॥**
(ਸਲੋਕ ਮਹਲਾ ੨-ਵਾਰ ਸੂਹੀ-ਪੰਨਾ ੭੮੮)

**ਸੇ ਨਿਰਭਉ ਜਿਨ ਭਉ ਪਇਆ ॥**
(ਬਸੰਤ ਮਹਲਾ ੫ - ਪੰਨਾ ੧੧੮੦)

ਗੋਵਿੰਦ ਦਾ ਭਉ ਸਭ ਸ਼ਕਤੀਆਂ ਦਾ ਸੋਮਾ ਹੈ, ਇਸ ਤੋਂ ਪ੍ਰਭੂ ਭਗਤੀ ਉਤਪੰਨ ਹੁੰਦੀ ਹੈ ਤੇ ਸੱਚੇ ਸਤਿਗੁਰੂ ਰਾਹੀਂ ਪ੍ਰਭੂ ਦੀ ਪ੍ਰਾਪਤੀ ਹੁੰਦੀ ਹੈ। ਸਾਰੇ ਸੰਸਾਰਕ ਡਰ, ਡਰਕੇ ਨੱਸ ਜਾਂਦੇ ਹਨ।

**ਗੁਰ ਮਿਲਿ ਭਉ ਗੋਵਿੰਦ ਕਾ ਭੈ ਡਰੁ ਦੂਰਿ ਕਰਣਾ ॥**
(ਪਉੜੀ - ਪੰਨਾ ੧੧੦੨)

ਖੁੱਲੇ ਅਰਥਾਂ ਵਿੱਚ ਪ੍ਰਭੂ ਦੇ ਭੈ ਦਾ ਭਾਵ ਹੈ, ਉਸ ਦੀ ਮਰਜ਼ੀ ਜਾਂ ਇੱਛਿਆ ਅਨੁਸਾਰ, ਸਬਰ, ਸੰਤੋਖ, ਬੰਦਸ਼, ਦੈਵੀ ਨਿਯਮ, ਭਾਣੇ, ਹੁਕਮ ਰਜ਼ਾ ਤੇ ਨਿਯੰਤ੍ਰਣ ਵਿਚ ਖਿੜੇ ਮੱਥੇ, ਪ੍ਰਸੰਨਤਾ ਸਹਿਤ, ਖੇੜੇ ਤੇ ਵਿਗਾਸ ਵਿਚ, ਇਕ ਰਸ, ਨਿਰੰਤਰ ਸਹਜ ਅਵਸਥਾ ਵਿਚ ਰਹਿਣਾ ਹੈ। ਇਸ ਭੈ ਦੇ ਧਾਰਣੀ ਸਨ ਗੁਰਦੇਵ ਪਿਤਾ ਜੀ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਜੀਵਨੀ ਦੇ ਮੁਖਤਲਿਫ ਰੰਗਾਂ ਤੋਂ, ਅਰਥਾਤ ਉਦਾਸੀਨ ਬਿਰਤੀ, ਬੇਲਾਗ ਜੀਵਨ, ਨਿਰਭਉ ਨਾਮ ਦੇ ਉਪਦੇਸ਼, ਇਨਕਲਾਬੀ ਸੋਚ ਤੇ ਨਿਡਰਤਾ ਤੋਂ ਇਕ ਅਮੋਲਕ ਸਿੱਖਿਆ ਮਿਲਦੀ ਹੈ ਕਿ ਤਪੱਸਵੀ ਦੀ ਤਪੱਸਿਆ ਉਸ ਦੀ ਨਿੱਜੀ ਜਾਇਦਾਦ ਹੈ ਤੇ ਲੋਕ ਭਲਾਈ ਬਿਨਾ ਅਧੂਰੀ ਹੈ। ਪੂਰਨ ਬ੍ਰਹਮ ਗਿਆਨੀ ਜੱਗ ਤੋਂ ਨਿਆਰਾ ਨਹੀਂ ਰਹਿੰਦਾ, ਦੁਖੀਆਂ ਦੇ ਦੁੱਖ ਤੱਕ ਕੇ ਖਾਮੋਸ਼ ਨਹੀਂ ਬਹਿੰਦਾ ਅਤੇ ਬੇਕਸਾਂ ਦੀ ਲਾਚਾਰੀ ਤੋਂ ਨਾਤਾ ਨਹੀਂ ਤੋੜਦਾ।

**ਬ੍ਰਹਮ ਗਿਆਨੀ ਅਨਾਥ ਕਾ ਨਾਥੁ ॥**
**ਬ੍ਰਹਮ ਗਿਆਨੀ ਕਾ ਸਭ ਊਪਰਿ ਹਾਥੁ ॥**
(ਸੁਖਮਨੀ ਸਾਹਿਬ ਪੰਨਾ ੨੭੩)

ਖਾਲਕ ਦੀ ਖਲਕਤ ਦੀਆਂ ਦਿਲਚੀਰਵੀਆਂ ਚੀਸਾਂ, ਪੀੜਾ, ਆਹਾਂ ਸੁਣ ਕੇ ਮੁਸੀਬਤਾਂ ਤੋਂ ਖਲਾਸੀ ਕਰਾਉਣੀ ਉਸ ਦਾ ਕਰਤੱਵ ਹੈ, ਦੈਵੀ ਧਰਮ ਹੈ, ਆਪਣਾ ਤਨ, ਮਨ, ਧਨ ਨਿਛਾਵਰ ਕਰਨ ਤੋਂ ਪਿੱਛੇ ਨ ਹਟਣਾ ਉਸ ਦਾ ਬਿਰਦ ਹੈ। ਇਹ ਇੱਕ-ਮਿੱਕ ਹੋਣ ਦੀ ਨਿਸ਼ਾਨੀ ਹੈ। ਪ੍ਰਭੂ ਦੇ ਗੁਣਾਂ ਨਾਲ ਪ੍ਰਸਪਰ ਅਤੁੱਟ ਸਾਂਝ ਹੈ।

**ਬ੍ਰਹਮ ਗਿਆਨੀ ਕਾ ਸਗਲ ਅਕਾਰੁ ॥**
**ਬ੍ਰਹਮ ਗਿਆਨੀ ਆਪਿ ਨਿਰੰਕਾਰੁ ॥**
(ਸੁਖਮਨੀ ਸਾਹਿਬ, ਪੰਨਾ ੨੭੪)



www.AKJ.Org

# ਭਗਤ ਰਵਿਦਾਸ ਜੀ ਦਾ ਇਸ਼ਟ

(ਪ੍ਰੋ: ਸਾਹਿਬ ਸਿੰਘ ਜੀ)

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਵਿਦਾਸ ਜੀ ਦੇ ੪੦ ਸ਼ਬਦ ਹਨ। ਇਹਨਾਂ ਨੂੰ ਰਤਾ ਧਿਆਨ ਨਾਲ ਪੜ੍ਹਿਆਂ ਇਨਸਾਨੀ ਜੀਵਨ ਬਾਰੇ ਭਗਤ ਜੀ ਦੇ ਖ਼ਿਆਲ ਸਮਝਣ ਵਿਚ ਕੋਈ ਔਖਿਆਈ ਨਹੀਂ ਪੈਂਦੀ; ਬੜਾ ਪ੍ਰਤੱਖ ਦਿਸਦਾ ਹੈ ਕਿ ਰਵਿਦਾਸ ਜੀ ਦੇ ਧਾਰਮਿਕ ਖ਼ਿਆਲ ਨਿਰੋਲ ਗੁਰੂ ਨਾਨਕ ਦੇਵ ਜੀ ਦੇ ਆਸ਼ੇ ਅਨੁਸਾਰ ਸਨ। ਪਰ ਪੁਸਤਕ "ਗੁਰ ਭਗਤ-ਮਾਲ" ਅਤੇ "ਸਿੱਖ ਰਿਲਿਜਨ" ਵਿਚ ਭਗਤ ਰਵਿਦਾਸ ਜੀ ਦੇ ਜੀਵਨ ਬਾਰੇ ਕੁਝ ਐਸੀਆਂ ਗੱਲਾ ਲਿਖੀਆਂ ਮਿਲਦੀਆਂ ਹਨ ਜੋ ਭਗਤ ਜੀ ਦੀ ਆਪਣੀ ਬਾਣੀ ਦੇ ਆਸ਼ੇ ਨਾਲ ਮੇਲ ਨਹੀਂ ਖਾਂਦੀਆਂ। "ਗੁਰ ਭਗਤ ਮਾਲ" ਇਕ ਨਿਰਮਲੇ ਸੰਤ ਜੀ ਦੀ ਲਿਖੀ ਹੋਈ ਹੈ, ਅਤੇ ਸੰਪ੍ਰਦਾਈ ਸਿੱਖ ਸੰਗਤਾਂ ਵਿਚ ਆਦਰ-ਮਾਣ ਨਾਲ ਪੜ੍ਹੀ ਜਾਂਦੀ ਹੈ। ਪੁਸਤਕ "ਸਿੱਖ ਰਿਲਿਜਨ" ਮਿਸਟਰ ਮੈਕਾਲਿਫ ਨੇ ਅੰਗਰੇਜ਼ੀ ਵਿਚ ਲਿਖੀ ਹੈ, ਇਸ ਕਿਤਾਬ ਨੂੰ ਅੰਗਰੇਜ਼ੀ ਪੜ੍ਹੇ-ਲਿਖੇ ਸਿੱਖ ਤਕਰੀਬਨ ਸ਼ਰਧਾ ਨਾਲ ਪੜ੍ਹਦੇ ਹਨ। ਇਹਨਾ ਦੋਹਾਂ ਲਿਖਾਰੀਆਂ ਦੀਆਂ ਕਹਾਣੀਆਂ ਅਨੁਸਾਰ:

(੧) ਰਵਿਦਾਸ ਆਪਣੇ ਪਹਿਲੇ ਜਨਮ ਵਿਚ ਇਕ ਬ੍ਰਹਮਚਾਰੀ ਬ੍ਰਾਹਮਣ ਸੀ; ਭਗਤ ਰਾਮਾਨੰਦ ਜੀ (ਬ੍ਰਾਹਮਣ) ਦੇ ਸਰਾਪ ਕਰਕੇ ਇਸ ਨੂੰ ਇਕ ਚਮਾਰ ਦੇ ਘਰ ਜਨਮ ਲੈਣਾ ਪਿਆ।

(੨) ਚਮਾਰ ਦੇ ਘਰ ਜੰਮਦੇ ਹੀ ਰਾਮਾਨੰਦ ਜੀ (ਬ੍ਰਾਹਮਣ) ਰਵਿਦਾਸ ਦੇ ਗੁਰੂ ਬਣੇ।

(੩) ਆਪਣੇ ਘਰ ਵਿਚ ਚੰਮ ਦੀ ਮੂਰਤੀ ਬਣਾ ਕੇ ਇਸਦੀ ਪੂਜਾ ਕਰਦਾ ਸੀ। ਪੂਜਾ ਵਿਚ ਮਸਤ ਹੋ ਕੇ ਭਗਤ ਨੇ ਕਿਰਤਕਾਰ ਛੱਡ ਦਿੱਤੀ ਤੇ ਮਾਇਆ ਵਲੋਂ ਬਹੁਤ ਤੰਗੀ ਹੋ ਗਈ।

(੪) ਪਰਮਾਤਮਾ ਨੇ ਇਕ ਸਾਧੂ ਦੇ ਵੇਸ ਵਿਚ ਆ ਕੇ ਰਵਿਦਾਸ ਨੂੰ ਇਕ ਪਾਰਸ ਦਿੱਤਾ, ਪਰ ਇਸ ਨੇ ਉਸ ਨੂੰ ਨਾ ਵਰਤਿਆ। ਫਿਰ, ਜਿਸ ਟੋਕਰੀ ਵਿਚ ਠਾਕੁਰ ਜੀ ਦੀ ਪੂਜਾ ਦਾ ਸਮਾਨ ਸੀ ਉਸ ਵਿਚੋਂ, ਜਾ, ਠਾਕੁਰ ਜੀ ਦੇ ਆਸਣ ਹੇਠੋਂ ਪੰਜ ਮੋਹਰਾਂ ਮਿਲੀਆਂ, ਉਹ ਭੀ ਨਾ ਲਈਆਂ। ਮਾਇਆ ਤੋਂ ਡਰਦੇ ਨੇ ਠਾਕੁਰ ਜੀ ਦੀ ਪੂਜਾ ਭੀ ਛੱਡ ਦਿੱਤੀ।

(੫) ਪਰਮਾਤਮਾ ਨੇ ਸੁਪਨੇ ਵਿਚ ਆਖਿਆ ਕਿ ਮੇਰੀ ਪੂਜਾ ਨਾ ਛੱਡ; ਤੇ, ਮਾਇਆ ਲੈਣੋਂ ਇਨਕਾਰ ਨਾ ਕਰ। ਤਾਂ ਫਿਰ, ਪ੍ਰਭੂ ਦੀ ਭੇਜੀ ਉਸ ਮਾਇਆ ਨਾਲ ਰਵਿਦਾਸ ਨੇ ਇਕ ਮੰਦਰ ਬਣਵਾਇਆ, ਆਪਣੇ ਦੁਛੱਤੇ ਘਰ ਭੀ ਬਣਾਏ, ਭੰਡਾਰੇ ਭੀ ਚਲਣ ਲੱਗ ਪਏ। ਬ੍ਰਾਹਮਣਾਂ ਨੇ ਈਰਖਾ ਵਿਚ ਆ ਕੇ ਕਾਂਸ਼ੀ ਦੇ ਰਾਜੇ ਪਾਸ ਸ਼ਿਕਾਇਤ ਕੀਤੀ। ਪਰਖ ਹੋਣ ਤੇ ਰਵਿਦਾਸ ਦੇ ਠਾਕੁਰ ਜੀ ਨਦੀ ਉਤੇ ਤਰੇ। ਰਵਿਦਾਸ ਨੇ ਤੁਲਸੀਦਲ ਧੂਪ ਦੀਪਾਦਿ ਨਾਲ ਪੂਜਾ ਕੀਤੀ।

(੬) ਰਵਿਦਾਸ ਵੇਦ-ਸ਼ਾਸਤ੍ਰਾਂ ਦੇ ਦੱਸੇ ਹੋਏ ਸਭ ਪੁੰਨ-ਕਰਮ ਕਰਦਾ ਸੀ।

(੭) ਰਵਿਦਾਸ ਨੇ ਜਨੇਊ ਭੀ ਪਾਇਆ ਹੋਇਆ ਸੀ। ਇਹ ਜਨੇਊ ਸੋਨੇ ਦਾ ਸੀ ਅਤੇ ਪਿੰਡੇ ਦੇ ਮਾਸ ਦੇ ਅੰਦਰਲੇ ਪਾਸੇ ਸੀ।

**ਠਾਕੁਰ-ਪੂਜਾ :**

ਸਿੱਖ ਧਰਮ ਦੇ ਨਿਸਚੇ ਅਨੁਸਾਰ ਠਾਕੁਰ ਪੂਜਾ ਜਾਂ ਮੂਰਤੀ ਪੂਜਾ ਇਕ ਗਲਤ ਰਸਤਾ ਹੈ, ਗੁਰੂ ਅਰਜਨ ਸਾਹਿਬ ਨੇ ਤਾਂ ਸਾਫ਼ ਫੁਰਮਾਇਆ ਹੈ :-

"ਘਰ ਮਹਿ ਠਾਕੁਰੁ ਨਦਰਿ ਨ ਆਵੈ ॥ ਗਲ ਮਹਿ ਪਾਹਨੁ ਲੈ ਲਟਕਾਵੈ ॥੧॥ ਭਰਮੇ ਭੂਲਾ ਸਾਕਤੁ ਫਿਰਤਾ ॥ ਨੀਰੁ ਬਿਰੋਲੈ ਖਪਿ ਖਪਿ ਮਰਤਾ ॥੧॥ ਰਹਾਉ ॥ ਜਿਸੁ ਪਾਹਨ ਕਉ ਠਾਕੁਰੁ ਕਹਤਾ ॥ ਓਹੁ ਪਾਹਨੁ ਲੈ ਉਸ ਕਉ ਡੁਬਤਾ ॥੨॥ ਗੁਨਹਗਾਰੁ ਲੂਣਹਰਾਮੀ ॥ ਪਾਹਨ ਨਾਵ ਨਾ ਪਾਰਗਰਾਮੀ ॥੩॥ ਗੁਰ ਮਿਲਿ ਨਾਨਕ ਠਾਕੁਰੁ ਜਾਤਾ ॥ ਜਲ ਥਲਿ ਮਹੀਅਲਿ ਪੂਰਨ ਬਿਧਾਤਾ ॥੪॥

ਮਲੂਮ ਹੁੰਦਾ ਹੈ ਕਿ ਰਵਿਦਾਸ ਜੀ ਬਾਰੇ ਠਾਕੁਰ-ਪੂਜਾ ਦੀਆ ਇਹ ਕਹਾਣੀਆਂ ਗੁਰੂ ਅਰਜਨ ਸਾਹਿਬ ਤੋਂ ਪਿਛੋਂ ਘੜੀਆਂ ਗਈਆਂ, ਨਹੀ ਤਾਂ, ਜਿਵੇਂ ਉਹਨਾਂ ਧੰਨਾ ਜੀ ਬਾਰੇ ਬਣੀ ਕਹਾਣੀ ਦੀ ਤਰਦੀਦ ਕੀਤੀ ਸੀ ਤਿਵੇਂ ਰਵਿਦਾਸ ਜੀ ਦੀ ਠਾਕੁਰ-ਪੂਜਾ ਦੀ ਭੀ ਨਿਖੇਧੀ ਕਰ ਜਾਂਦੇ।

**ਰਾਮਾਨੰਦ ਜੀ ਦਾ ਸਰਾਪ –**

ਜੇ ਰਾਮਾਨੰਦ ਜੀ ਦੇ ਸਰਾਪ ਨਾਲ ਕੋਈ ਬ੍ਰਹਮਚਾਰੀ ਬ੍ਰਾਹਮਣ ਕਿਸੇ ਚਮਾਰ ਦੇ ਘਰ ਜੰਮ ਕੇ ਰਵਿਦਾਸ ਅਖਵਾਇਆ ਸੀ, ਤੇ, ਫਿਰ ਰਾਮਾਨੰਦ ਜੀ ਇਸ ਰਵਿਦਾਸ ਦੇ ਗੁਰੂ ਭੀ ਬਣੇ ਸਨ, ਤਾਂ ਜਦੋਂ ਰਵਿਦਾਸ ਰਤਾ ਸਿਆਣੀ ਉਮਰ ਦਾ ਹੋਇਆ



www.AKJ.Org

ਹੋਵੇਗਾ, ਇਸ ਨੂੰ ਭੀ ਉਹਨਾਂ ਉਹ ਸਾਰੀ ਵਾਰਤਾ ਜ਼ਰੂਰ ਸੁਣਾਈ ਹੋਵੇਗੀ। ਪਰ ਇਹ ਅਚਰਜ ਗੱਲ ਹੈ ਕਿ ਰਵਿਦਾਸ ਜੀ ਸਾਰੀ ਉਮਰ ਆਪਣੇ ਆਪ ਨੂੰ ਚਮਾਰ ਹੀ ਸਮਝਦੇ ਰਹੇ, ਆਪਣੀ ਬਾਣੀ ਵਿਚ ਆਪਣੇ ਆਪ ਨੂੰ ਚਮਾਰ ਹੀ ਆਖਦੇ ਰਹੇ। ਕਈ ਸ਼ਬਦਾਂ ਵਿਚ ਪਰਮਾਤਮਾ ਦੇ ਦਰ ਤੇ ਰਵਿਦਾਸ ਜੀ ਅਰਦਾਸ ਕਰਦੇ ਹਨ, ਤੇ, ਆਖਦੇ ਹਨ ਕਿ ਹੇ ਪ੍ਰਭੂ! ਮੇਰੇ ਮਨ ਦੇ ਵਿਕਾਰ ਦੂਰ ਕਰ, ਪਰ ਕਿਤੇ ਭੀ ਉਹਨਾਂ ਆਪਣੀ ਇਸ ਪਿਛਲੇ ਜਨਮ ਦੀ ਹੱਡ-ਬੀਤੀ ਦਾ ਹਵਾਲਾ ਦੇ ਕੇ ਨਹੀਂ ਆਖਿਆ ਕਿ ਭੁੱਲਾਂ ਦੇ ਕਾਰਨ ਹੀ ਮੈਂ ਬ੍ਰਾਹਮਣ-ਜਨਮ ਤੋਂ ਡਿੱਗ ਕੇ ਚਮਾਰ ਜਾਤੀ ਵਿਚ ਆ ਅੱਪੜਿਆ। ਸਰਾਪ ਦੀ ਖ਼ਬਰ ਸਿਰਫ਼ ਦੋ ਜਣਿਆਂ ਨੂੰ ਹੀ ਸੀ, ਰਾਮਾਨੰਦ ਨੂੰ ਅਤੇ ਉਸ ਬ੍ਰਹਮਚਾਰੀ ਨੂੰ। ਚਮਾਰ ਦੇ ਘਰ ਜੰਮ ਕੇ ਪਹਿਲਾਂ ਪਹਿਲ ਅਜੇ ਉਸ ਬਾਲ ਨੂੰ ਚੇਤਾ ਭੀ ਸੀ ਕਿ ਮੈਂ ਬ੍ਰਾਹਮਣ ਤੋਂ ਚਮਾਰ ਬਣਿਆ ਹਾਂ। ਜੇ ਰਾਮਾਨੰਦ ਜੀ ਨੇ ਸਰਾਪ ਵਾਲੀ ਵਾਰਤਾ ਕਿਸੇ ਨੂੰ ਭੀ ਸੁਣਾਈ, ਤਾਂ "ਗੁਰ ਭਗਤ ਮਾਲ" ਦੇ ਲਿਖਾਰੀ ਨੂੰ ਕਿਥੋਂ ਸੂਹ ਲੱਗ ਗਈ? ਇਹ ਗੱਲ ਐਸੀ ਅਨੋਖੀ ਸੀ ਕਿ ਕਿਸੇ ਇਕ ਧਿਰ ਨੂੰ ਭੀ ਜੇ ਰਾਮਾਨੰਦ ਜੀ ਦੱਸ ਦੇਂਦੇ ਤਾਂ ਸਾਰੇ ਸ਼ਹਿਰ ਵਿਚ ਕਾਵਾਂ-ਰੌਲੀ ਪੈ ਜਾਂਦੀ, ਤੇ, ਲੋਕ ਹੁਮ-ਹੁਮਾ ਕੇ ਉਸ ਅਨੋਖੇ ਬਾਲ ਨੂੰ ਵੇਖਣ ਤੁਰ ਪੈਂਦੇ, ਤੇ, ਰਵਿਦਾਸ ਨੂੰ ਸਾਰੀ ਉਮਰ ਲੋਕ ਉਸ ਦੀ ਇਹ ਹੱਡ-ਬੀਤੀ ਚੇਤੇ ਕਰਾਂਦੇ ਰਹਿੰਦੇ। ਪਰ ਰਵਿਦਾਸ ਜੀ ਸਦਾ ਇਹ ਆਖਦੇ ਰਹੇ -

"ਨਾਗਰ ਜਨਾ ਮੇਰੀ ਜਾਤਿ ਬਿਖਿਆਤ ਚੰਮਾਰੰ।।....... ਮੇਰੀ ਜਾਤਿ ਕੁਟਬਾਂਢਲਾ ਢੋਰ ਢੋਵੰਤਾ ਨਿਤਹਿ ਬਾਨਾਰਸੀ ਆਸ ਪਾਸਾ ।। ਅਬ ਬਿਪ੍ਰ ਪ੍ਰਧਾਨ ਤਿਹ ਕਰਹਿ ਡੰਡਉਤਿ ਤੇਰੇ ਨਾਮ ਸਰਣਾਇ ਰਵਿਦਾਸ ਦਾਸਾ"।।

ਇਕ ਹੋਰ ਗੱਲ ਭੀ ਬੜੀ ਅਨ-ਹੋਣੀ ਜਿਹੀ ਹੈ। "ਗੁਰ ਭਗਤ ਮਾਲ" ਦੇ ਲਿਖਾਰੀ ਦਾ ਪਰਮਾਤਮਾ ਭੀ ਕੋਈ ਅਨੋਖੀ ਹਸਤੀ ਹੈ। ਲਿਖਾਰੀ ਲਿਖਦਾ ਹੈ ਕਿ ਜਦੋਂ ਬ੍ਰਹਮਚਾਰੀ ਚਮਾਰਾਂ ਦੇ ਘਰ ਜੰਮ ਪਿਆ, ਤਾਂ ਉਹ ਆਪਣੇ ਪਿਛਲੇ ਉੱਤਮ ਜਨਮ ਦਾ ਚੇਤਾ ਕਰ ਕੇ ਆਪਣੀ ਚਮਾਰ-ਮਾਂ ਦੇ ਥਣਾਂ ਤੋਂ ਦੁੱਧ ਨਹੀਂ ਸੀ ਪੀਂਦਾ। ਪਰਮਾਤਮਾ ਨੇ ਰਾਮਾਨੰਦ ਨੂੰ ਸੁਪਨੇ ਵਿਚ ਝਾੜ ਪਾਈ ਕਿ ਇਕ ਨਿੱਕੀ ਜਿਹੀ ਗੱਲ ਪਿੱਛੇ ਤੂੰ ਉਸ ਗਰੀਬ ਬ੍ਰਹਮਚਾਰੀ ਨੂੰ ਸਰਾਪ ਦੇ ਕੇ ਕਿਉਂ ਇਹ ਕਸ਼ਟ ਦਿੱਤਾ? ਕੀ ਲਿਖਾਰੀ ਦੇ ਪਰਮਾਤਮਾ ਦੀ ਮਰਜ਼ੀ ਤੋਂ ਬਿਨਾਂ ਬਦੋ ਬਦੀ ਰਾਮਾਨੰਦ ਨੇ ਬ੍ਰਾਹਮਣ ਨੂੰ ਚਮਾਰ ਦੇ ਘਰ ਜਾ ਜਨਮ ਦਿੱਤਾ? ਕੀ ਭਗਤੀ ਦਾ ਨਤੀਜਾ ਇਹੀ ਨਿਕਲਣਾ ਚਾਹੀਦਾ ਹੈ ਕਿ ਭਗਤ ਆਪਹੁਦਰੀਆਂ ਭੀ ਕਰਨ ਲੱਗ ਪੈਣ? ਤੇ, ਕੀ ਜੋ ਜੋ ਅਨਰਥ ਅਜਿਹੇ ਭਗਤ, ਜਗਤ ਵਿਚ ਕਰਨਾ-ਕਰਾਣਾ ਚਾਹੁਣ, ਰੱਬ ਨੂੰ ਜ਼ਰੂਰ ਕਰਨੇ ਪੈਂਦੇ ਹਨ? ਇਹ ਤਾਂ ਠੀਕ ਹੈ ਕਿ

"ਭਗਤ ਜਨਾ ਕਾ ਕਰੇ ਕਰਾਇਆ"

ਪਰ ਭਗਤ ਭੀ ਉਹੀ ਹੋ ਸਕਦਾ ਹੈ ਜੋ ਪਰਮਾਤਮਾ ਦੀ ਪੂਰਨ ਰਜ਼ਾ ਵਿਚ ਰਹਿੰਦਾ ਹੈ। ਭਗਤ ਕੋਈ ਐਸੀ ਗੱਲ ਚਿਤਵਦਾ ਹੀ ਨਹੀਂ ਜੋ ਪਰਮਾਤਮਾ ਦੀ ਮਰਜ਼ੀ ਅਨੁਸਾਰ ਨਾ ਹੋਵੇ।

ਇਸ ਕਹਾਣੀ ਵਿਚੋਂ ਇਕ ਗੱਲ ਸਾਫ਼ ਦਿਸ ਰਹੀ ਹੈ ਕਿ ਇਸ ਦੇ ਘੜਨ ਵਾਲੇ ਨੂੰ ਚਮਾਰ ਆਦਿਕ ਨੀਵੀਂ ਜਾਤਿ ਵਾਲਿਆਂ ਤੋਂ ਨਫ਼ਰਤ ਹੈ, ਤੇ, ਪਰਮਾਤਮਾ ਦੀ ਭਗਤੀ ਉਸ ਨੂੰ ਸਿਰਫ਼ ਬ੍ਰਾਹਮਣ ਦਾ ਹੀ ਹੱਕ ਦਿਸਦਾ ਹੈ।

### ਭਗਤ ਰਵਿਦਾਸ ਜੀ ਅਤੇ ਠਾਕੁਰ-ਪੂਜਾ-

"ਗੁਰ ਭਗਤ ਮਾਲ" ਵਾਲਾ ਲਿਖਦਾ ਹੈ ਕਿ ਜਦੋਂ ਠਾਕੁਰ ਜੀ ਨਦੀ ਵਿਚ ਤਾਰੀਆਂ ਲਾ ਕੇ ਕਿਨਾਰੇ ਤੇ ਆਏ ਤਾਂ ਰਵਿਦਾਸ ਜੀ ਨੇ ਤੁਲਸੀਦਲ ਧੂਪ ਦੀਪਾਦਿ ਨਾਲ ਠਾਕੁਰ ਜੀ ਦੀ ਪੂਜਾ ਕੀਤੀ। ਕੀ ਰਵਿਦਾਸ ਜੀ ਦੀ ਆਪਣੀ ਬਾਣੀ ਵਿਚੋਂ ਕੋਈ ਅਜਿਹੀ ਗਵਾਹੀ ਮਿਲਦੀ ਹੈ? ਉਹ ਤਾਂ ਸਗੋਂ ਇਸ ਦੇ ਉਲਟ ਲਿਖਦੇ ਹਨ :

ਧਨਾਸਰੀ ਰਵਿਦਾਸ ਜੀ

ਨਾਮੁ ਤੇਰੋ ਆਰਤੀ ਮਜਨੁ ਮੁਰਾਰੇ ।। ਹਰਿ ਕੇ ਨਾਮ ਬਿਨੁ ਝੂਠੇ ਸਗਲ ਪਸਾਰੇ ।।੧।।ਰਹਾਉ।। ਨਾਮੁ ਤੇਰੋ ਆਸਨੋ ਨਾਮੁ ਤੇਰੋ ਉਰਸਾ, ਨਾਮੁ ਤੇਰਾ ਕੇਸਰੋ ਲੇ ਛਿਟਕਾਰੇ ।। ਨਾਮ ਤੇਰਾ ਅੰਭੁਲਾ ਨਾਮੁ ਤੇਰੋ ਚੰਦਨੋ ਘਸਿ ਜਪੇ ਨਾਮੁ ਲੇ ਤੁਝਹਿ ਕਉ ਚਾਰੇ ।।੧।। ਨਾਮੁ ਤੇਰਾ ਦੀਵਾ ਨਾਮੁ ਤੇਰੋ ਬਾਤੀ, ਨਾਮੁ ਤੇਰੋ ਤੇਲੁ ਲੇ ਮਾਹਿ ਪਸਾਰੇ ।। ਨਾਮ ਤੇਰੇ ਕੀ ਜੋਤਿ ਲਗਾਈ, ਭਇਓ ਉਜਿਆਰੋ ਭਵਨ ਸਗਲਾਰੇ ।।੨।। ਨਾਮੁ ਤੇਰੋ ਤਾਗਾ ਨਾਮੁ ਫੂਲ ਮਾਲਾ,


www.AKJ.Org

ਭਾਰ ਅਠਾਰਹ ਸਗਲ ਜੂਠਾਰੇ ॥ ਤੇਰੋ ਕੀਆ ਤੁਝਹਿ ਕਿਆ ਅਰਪਉ, ਨਾਮੁ ਤੇਰਾ ਤੁਹੀ ਚਵਰ ਢੋਲਾਰੇ ॥੩॥ ਦਸ-ਅਠਾ, ਅਠ-ਸਠੇ, ਚਾਰੇ ਖਾਣੀ, ਇਹੈ ਵਰਤਣਿ ਹੈ ਸਗਲ ਸੰਸਾਰੇ ॥ ਕਹੈ ਰਵਿਦਾਸੁ ਨਾਮੁ ਤੇਰੋ ਆਰਤੀ, ਸਤਿ ਨਾਮੁ ਹੈ ਹਰਿ ਭੋਗ ਤੁਹਾਰੇ ॥੪॥੩॥

ਰਵਿਦਾਸ ਜੀ ਕਰਮ-ਕਾਂਡੀ-

ਮੈਕਾਲਿਫ਼ ਨੇ ਪੁਸਤਕ "ਸਿੱਖ ਰਿਲਿਜਨ" ਵਿਚ ਲਿਖਿਆ ਕਿ ਰਵਿਦਾਸ ਵੇਦ-ਸ਼ਾਸਤ੍ਰਾਂ ਦੇ ਦੱਸੇ ਹੋਏ ਸਭ ਪੁੰਨ-ਕਰਮ ਕਰਦਾ ਸੀ; ਪਰ ਵੇਦਾਂ-ਸ਼ਾਸਤ੍ਰਾਂ ਦੇ ਦੱਸੇ ਕਰਮ-ਕਾਂਡ ਬਾਰੇ ਰਵਿਦਾਸ ਜੀ ਆਪ ਇਉਂ ਲਿਖਦੇ ਹਨ-

ਖਟੁ ਕਰਮ ਕੁਲ ਸੰਜੁਗਤ ਹੈ, ਹਰਿ ਭਗਤਿ ਹਿਰਦੈ ਨਾਹਿ॥ ਚਰਨਾਰਬਿੰਦ ਨ ਕਥਾ ਭਾਵੈ, ਸੁਪਚ ਤੁਲਿ ਸਮਾਨਿ ॥੧॥ ਰੇ ਚਿਤ ਚੇਤਿ ਚੇਤ ਅਚੇਤ ॥ ਕਾਹੇ ਨ ਬਾਲਮੀਕਹਿ ਦੇਖ॥ ਕਿਸੁ ਜਾਤਿ ਤੇ ਕਿਹ ਪਦਹਿ ਅਮਰਿਓ, ਰਾਮ ਭਗਤਿ ਬਿਸੇਖ॥੧॥ ਰਹਾਉ॥ ਸੁਆਨ ਸਤ੍ਰੁ ਅਜਾਤੁ ਸਭ ਤੇ ਕ੍ਰਿਸਨ ਲਾਵੈ ਹੇਤੁ॥ ਲੋਗੁ ਬਪੁਰਾ ਕਿਆ ਸਰਾਹੈ, ਤੀਨਿ ਲੋਕ ਪ੍ਰਵੇਸ ॥੨॥ ਅਜਾਮਲੁ ਪਿੰਗਲਾ ਲੁਭਤੁ ਕੁੰਚਰੁ ਗਏ ਹਰਿ ਕੈ ਪਾਸਿ ॥ ਐਸੇ ਦੁਰਮਤਿ ਨਿਸਤਰੇ ਤੂੰ ਕਿਉ ਨ ਤਰਹਿ ਰਵਿਦਾਸ ॥੩॥

(ਕੇਦਾਰਾ ਰਵਿਦਾਸ ਜੀ)

ਇੱਥੇ ਇਕ ਹੋਰ ਗੱਲ ਭੀ ਵਿਚਾਰਨ ਵਾਲੀ ਹੈ। ਰਵਿਦਾਸ ਜੀ ਕਿਹੜੇ ਕਿਸੇ ਉੱਚੀ ਕੁਲ ਦੇ ਬ੍ਰਾਹਮਣ ਸਨ ਕਿ ਉਹ ਕਿਸੇ ਕਰਮ-ਕਾਂਡ ਨਾਲ ਚਿੰਬੜੇ ਰਹਿੰਦੇ। ਨਾ ਜਨੇਊ ਪਾਣ ਦਾ ਹੱਕ, ਨਾ ਮੰਦਰ ਵਿਚ ਵੜਨ ਦੀ ਆਗਿਆ, ਨਾ ਹੀ ਕਿਸੇ ਸਰਾਧ ਸਮੇਂ ਬ੍ਰਾਹਮਣ ਨੇ ਉਹਨਾਂ ਦੇ ਘਰ ਦਾ ਖਾਣਾ, ਨਾ ਸੰਧਿਆ ਤਰਪਣ ਗਾਇਤ੍ਰੀ ਆਦਿਕ ਦਾ ਉਹਨਾਂ ਨੂੰ ਅਧਿਕਾਰ। ਫਿਰ, ਉਹ ਕਿਹੜਾ ਕਰਮ-ਕਾਂਡ ਸੀ ਜਿਸ ਦਾ ਸ਼ੌਕ ਰਵਿਦਾਸ ਜੀ ਨੂੰ ਹੋ ਸਕਦਾ ਸੀ?

ਹਾਂ, ਭੈਰਉ ਰਾਗ ਵਿਚ ਰਵਿਦਾਸ ਜੀ ਨੇ ਇਕ ਸ਼ਬਦ ਲਿਖਿਆ ਹੈ, ਜਿਸ ਨੂੰ ਗਲਤ ਸਮਝ ਕੇ ਕਿਸੇ ਨੇ ਇਹ ਘਾੜਤ ਘੜ ਲਈ ਹੋਵੇਗੀ ਕਿ ਭਗਤ ਜੀ ਵੇਦ-ਸ਼ਾਸਤ੍ਰਾਂ ਦੇ ਦੱਸੇ ਸਭ ਪੁੰਨ-ਕਰਮ ਕਰਦੇ ਸਨ। ਉਹ ਸ਼ਬਦ ਇਉਂ ਹੈ :

ਬਿਨੁ ਦੇਖੇ ਉਪਜੈ ਨਹੀ ਆਸਾ ॥ ਜੋ ਦੀਸੈ ਸੋ ਹੋਇ ਬਿਨਾਸਾ॥ ਬਰਨ ਸਹਿਤ ਜੋ ਜਾਪੈ ਨਾਮੁ ॥ ਸੋ ਜੋਗੀ ਕੇਵਲ ਨਿਹਕਾਮੁ ॥੧॥ ਪਰਚੈ ਰਾਮੁ ਰਵੈ ਜਉ ਕੋਈ ॥ ਪਾਰਸੁ ਪਰਸੈ ਦੁਬਿਧਾ ਨ ਹੋਈ ॥੧॥ ਰਹਾਉ ॥ ਸੋ ਮੁਨਿ ਮਨ ਕੀ ਦੁਬਿਧਾ ਖਾਇ॥ ਬਿਨੁ ਦੁਆਰੇ ਤ੍ਰੈਲੋਕ ਸਮਾਇ ॥ ਮਨ ਕਾ ਸੁਭਾਉ ਸਭੁ ਕੋਈ ਕਰੈ॥ ਕਰਤਾ ਹੋਇ ਸੁ ਅਨਭੈ ਰਹੈ ॥੨॥ ਫਲ ਕਾਰਨ ਫੂਲੀ ਬਨਰਾਇ ॥ ਫਲੁ ਲਾਗਾ ਤਬ ਫੂਲੁ ਬਿਲਾਇ ॥ ਗਿਆਨੈ ਕਾਰਨ ਕਰਮ ਅਭਿਆਸ ॥ ਗਿਆਨੁ ਭਇਆ ਤਹ ਕਰਮਹ ਨਾਸੁ ॥੩॥ ਘ੍ਰਿਤ ਕਾਰਨ ਦਧਿ ਮਥੈ ਸਇਆਨ ॥ ਜੀਵਤ ਮੁਕਤ ਸਦਾ ਨਿਰਬਾਨ ॥ ਕਹਿ ਰਵਿਦਾਸ ਪਰਮ ਬੈਰਾਗ ॥ ਰਿਦੈ ਰਾਮੁ ਕੀ ਨ ਜਪਸਿ ਅਭਾਗ ॥੪॥੧॥

ਹਰੇਕ ਸ਼ਬਦ ਦਾ ਮੁਖ-ਭਾਵ 'ਰਹਾਉ' ਦੀ ਤੁਕ ਵਿਚ ਹੋਇਆ ਕਰਦਾ ਹੈ, ਬਾਕੀ ਦੇ 'ਬੰਦਾਂ' ਵਿਚ ਉਸ ਦੀ ਵਿਆਖਿਆ ਹੁੰਦੀ ਹੈ। ਇਸ ਸ਼ਬਦ ਦਾ ਮੁਖ-ਭਾਵ ਇਹ ਹੈ- "ਜੋ ਮਨੁੱਖ ਨਾਮ ਸਿਮਰਦਾ ਹੈ ਉਸ ਦਾ ਮਨ ਪ੍ਰਭੂ ਵਿਚ ਪਰਚ ਜਾਂਦਾ ਹੈ; ਪਾਰਸ-ਪ੍ਰਭੂ ਨੂੰ ਛੋਹ ਕੇ ਉਹ ਮਨੁੱਖ, ਮਾਨੋ, ਸੋਨਾ ਹੋ ਜਾਂਦਾ ਹੈ"। ਬਾਕੀ ਦੇ ਸ਼ਬਦ ਵਿਚ ਉਸ ਸੋਨਾ ਬਣ ਗਏ ਮਨੁੱਖ ਦੇ ਜੀਵਨ ਦੀ ਤਸਵੀਰ ਇਉਂ ਦਿੱਤੀ ਹੈ- (੧) ਉਹ ਮਨੁੱਖ ਨਿਹਕਾਮ ਵਾਸ਼ਨਾ-ਰਹਿਤ ਹੋ ਜਾਂਦਾ ਹੈ, (੨) ਉਸ ਮਨੁੱਖ ਦੀ ਦੁਬਿਧਾ ਮਿਟ ਜਾਂਦੀ ਹੈ ਤੇ ਉਹ ਨਿਰਭਉ ਹੋ ਜਾਂਦਾ ਹੈ, (੩) ਉਸ ਦਾ ਕਿਰਤ-ਕਾਰ ਦਾ ਮੋਹ ਮਿਟ ਜਾਂਦਾ ਹੈ, (੪) ਮੁਕਦੀ ਗੱਲ ਇਹ ਕਿ ਉਹ ਮਨੁੱਖ ਜੀਉਂਦਾ ਹੀ ਮੁਕਤ ਹੋ ਜਾਂਦਾ ਹੈ।

"ਗੁਰ ਭਗਤ ਮਾਲ" ਵਾਲੇ ਦੀ ਇਹ ਲਿਖਤ ਭੀ ਹਾਸੋ-ਹੀਣੀ ਹੈ ਕਿ ਚਿਤੌੜ ਦੇ ਰਾਜੇ ਦੇ ਸਾਹਮਣੇ ਰਵਿਦਾਸ ਜੀ ਦੇ ਪਰਖ ਸਮੇਂ ਪੂਰਾ ਉਤਰਨ ਤੇ ਬ੍ਰਾਹਮਣਾਂ ਨੇ ਭਗਤ ਜੀ ਨੂੰ ਪੁੱਛਿਆ ਕਿ ਤੁਸੀ ਜਨੇਊ ਕਿਉਂ ਨਹੀਂ ਪਾਉਂਦੇ। ਧਰਮ-ਸ਼ਾਸਤ੍ਰ ਤਾਂ ਸ਼ੂਦਰ ਨੂੰ ਜਨੇਊ ਦੀ ਆਗਿਆ ਹੀ ਨਹੀਂ ਦੇਂਦਾ, ਬ੍ਰਾਹਮਣ ਇਹ ਪ੍ਰਸ਼ਨ ਪੁੱਛ ਹੀ ਨਹੀ ਸਕਦੇ ਸਨ। ਇਹ ਗੱਲਾਂ ਲਿਖਣ ਵਿਚ ਤਾਂ ਸਿਰਫ਼ ਇਹ ਯਤਨ ਜਾਪਦਾ ਹੈ ਕਿ ਰਵਿਦਾਸ ਜੀ ਨੂੰ ਪਿਛਲੇ ਜਨਮ ਦਾ ਬ੍ਰਾਹਮਣ ਸਾਬਤ ਕੀਤਾ ਜਾਏ। ਮੌਜੂਦਾ ਜੀਵਨ ਦੇ ਹੱਲ ਲੱਭਣ ਵੇਲੇ ਅਗਲੇ ਪਿਛਲੇ ਜਨਮਾਂ ਦਾ ਆਸਰਾ ਲੈਂਦੇ ਫਿਰਨਾ ਕੋਈ ਸਿਆਣਪ ਵਾਲੀ ਗੱਲ ਨਹੀਂ ਹੈ। ਅਸੀਂ ਮੌਜੂਦਾ ਜ਼ਿੰਦਗੀ ਦਾ ਸਹੀ ਰਸਤਾ ਭਾਲ ਰਹੇ ਹਾਂ, ਅਸਾਂ



www.AKJ.Org

ਭਗਤ ਰਵਿਦਾਸ ਜੀ ਦੇ ਉਸੇ ਜੀਵਨ ਨੂੰ ਪੜ੍ਹਨਾ ਵਿਚਾਰਨਾ ਹੈ ਜੋ ਉਹਨਾਂ ਰਵਿਦਾਸ ਦੇ ਨਾਮ ਹੇਠ ਜੀਵਿਆ। ਉਸ ਨਾਮ ਹੇਠ ਰਵਿਦਾਸ ਜੀ ਜਾਤੀ ਦੇ ਚਮਾਰ ਹੀ ਸਨ, ਹਿੰਦੂ ਧਰਮ-ਸ਼ਾਸਤ੍ਰ ਉਹਨਾਂ ਨੂੰ ਜਨੇਊ ਆਦਿਕ ਕਿਸੇ ਭੀ ਕਰਮ-ਕਾਂਡ ਦੀ ਆਗਿਆ ਨਹੀਂ ਦੇ ਸਕਦਾ ਸੀ। ਨਾ ਹੀ ਰਵਿਦਾਸ ਜੀ ਨੂੰ ਕਿਸੇ ਕਰਮ-ਕਾਂਡ ਦੀ ਲੋੜ ਸੀ। ਉਹ ਤਾਂ ਇਕ ਪਰਮਾਤਮਾ ਦੀ ਓਟ ਰੱਖਣ ਵਾਲੇ ਸਨ, ਪਰਮਾਤਮਾ ਦੀ ਬੰਦਗੀ ਕਰਨ ਵਾਲੇ ਸਨ, ਪਰਮਾਤਮਾ ਪਾਸੋਂ ਉਸ ਦਾ ਨਾਮ ਅਤੇ ਉਸ ਦੇ ਸੰਤਾਂ ਦੀ ਸੰਗਤਿ ਦੀ ਬਖ਼ਸ਼ਿਸ਼ ਹੀ ਮੰਗਦੇ ਸਨ। ਆਪ ਲਿਖਦੇ ਹਨ-

ਆਸਾ ਰਵਿਦਾਸ ਜੀ

**ਸੰਤ ਤੁਝੀ ਤਨੁ ਸੰਗਤਿ ਪ੍ਰਾਨ ॥ ਸਤਿਗੁਰ ਗਿਆਨ ਜਾਨੈ ਸੰਤ ਦੇਵਾਦੇਵ ॥੧॥ ਸੰਤ ਚੀ ਸੰਗਤਿ ਸੰਤ ਕਥਾ ਰਸੁ ਸੰਤ ਪ੍ਰੇਮ ਮਾਝੈ ਦੀਜੈ ਦੇਵਾਦੇਵ ॥੧॥ਰਹਾਉ॥ ਸੰਤ ਆਚਰਣ ਸੰਤ ਚੋ ਮਾਰਗੁ ਸੰਤ ਚ ਓਲ੍ਹਗ ਓਲ੍ਹਗਣੀ ॥੨॥ ਅਉਰ ਇਕ ਮਾਗਉ ਭਗਤਿ ਚਿੰਤਾਮਣਿ ॥ ਜਣੀ ਲਖਾਵਹੁ ਅਸੰਤ ਪਾਪੀਸਣਿ ॥੩॥ ਰਵਿਦਾਸੁ ਭਣੈ ਜੋ ਜਾਣੈ ਸੋ ਜਾਣੁ ॥ ਸੰਤ ਅਨੰਤਹ ਅੰਤਰੁ ਨਾਹੀ ॥੪॥੨॥**

**ਕਿਰਤ-ਕਾਰ ਦਾ ਤਿਆਗ -**

ਮੈਕਾਲਿਫ ਲਿਖਦਾ ਹੈ ਕਿ ਰਵਿਦਾਸ ਨੇ ਆਪਣੇ ਠਾਕੁਰ ਜੀ ਦੀ ਪੂਜਾ ਵਿਚ ਮਸਤ ਹੋ ਕੇ ਕਿਰਤ-ਕਾਰ ਛੱਡ ਦਿੱਤੀ, ਤੇ ਹੱਥ ਬਹੁਤ ਤੰਗ ਹੋ ਗਿਆ। ਸਾਡੇ ਦੇਸ ਦੇ ਧਰਮੀਆਂ ਨੇ ਇਹ ਭੀ ਇਕ ਅਜੀਬ ਖੇਡ ਰਚ ਰੱਖੀ ਹੈ। ਭਲਾ, ਭਗਤੀ ਕਰਨ ਵਾਲੇ ਨੂੰ ਆਪਣੀ ਰੋਟੀ ਕਮਾਉਣੀ ਕਿਉਂ ਔਖੀ ਹੋ ਜਾਂਦੀ ਹੈ? ਕੀ ਕਿਰਤ ਕਰਨੀ ਕੋਈ ਪਾਪ ਹੈ? ਜੇ ਇਹ ਪਾਪ ਹੈ, ਤਾਂ ਪਰਮਾਤਮਾ ਨੇ ਬੰਦਿਆਂ ਲਈ ਭੀ ਰੋਜ਼ੀ ਦਾ ਉਹੀ ਪਰਬੰਧ ਕਿਉਂ ਨਹੀਂ ਕਰ ਦਿੱਤਾ ਜੋ ਪੰਛੀ ਆਦਿਕਾਂ ਵਾਸਤੇ ਹੈ? ਪਰ ਅਸਲ ਗੱਲ ਇਹ ਹੈ ਕਿ ਅਸਾਡੇ ਦੇਸ ਵਿਚ ਸੰਨਿਆਸੀ ਆਦਿ ਜਮਾਤਾਂ ਦਾ ਇਤਨਾ ਅਸਰ ਬਣਿਆ ਹੋਇਆ ਹੈ ਕਿ ਲੋਕ ਇਹ ਸਮਝਣ ਲੱਗ ਪਏ ਹਨ ਜੁ ਅਸਲ ਭਗਤ ਉਹੀ ਹੈ ਜੋ ਸਾਰਾ ਦਿਨ ਮਾਲਾ ਫੇਰਦਾ ਰਹੇ, ਤੇ ਆਪਣੀ ਰੋਟੀ ਦਾ ਭਾਰ ਦੂਜਿਆਂ ਦੇ ਮੋਢੇ ਉਤੇ ਪਾਈ ਰੱਖੇ। ਅਜਿਹੇ ਖ਼ਿਆਲਾਂ ਦੇ ਅਸਰ ਹੇਠ ਜੋ ਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਕਿਤੇ ਕਿਸੇ ਸ਼ਬਦ ਵਿਚ ਕੋਈ ਰਤਾ ਮਾਤ੍ਰ ਇਸ਼ਾਰਾ ਭੀ ਪੜ੍ਹਦੇ ਹਨ ਤਾਂ ਤੁਰੰਤ ਨਤੀਜੇ ਕੱਢ ਲੈਂਦੇ ਹਨ ਕਿ ਬੰਦਗੀ ਅਤੇ ਕਿਰਤ-ਕਾਰ ਦਾ ਆਪੋ ਵਿਚ ਮੇਲ ਨਹੀਂ ਹੈ। ਸੋਰਠਿ ਰਾਗ ਵਾਲਾ ਗੁਰੂ ਨਾਨਕ ਦੇਵ ਜੀ ਦਾ ਸ਼ਬਦ (**"ਮਨੁ ਹਾਲੀ ਕਿਰਸਾਣੀ ਕਰਣੀ"**) ਪੜ੍ਹ ਕੇ ਕਈ ਲਿਖਾਰੀਆਂ ਨੇ ਕਹਾਣੀ ਜੋੜ ਲਈ ਕਿ ਸਤਿਗੁਰੂ ਨਾਨਕ ਦੇਵ ਜੀ ਨਾਮ ਵਿਚ ਇਤਨੇ ਮਸਤ ਰਹਿੰਦੇ ਸਨ ਕਿ ਉਹਨਾਂ ਕੰਮ-ਕਾਰ ਕਰਨਾ ਭੀ ਛੱਡ ਦਿੱਤਾ। ਬਾਬਾ ਫ਼ਰੀਦ ਜੀ ਦਾ ਸਲੋਕ (**"ਫ਼ਰੀਦਾ ਰੋਟੀ ਮੇਰੀ ਕਾਠ ਕੀ"**) ਪੜ੍ਹ ਕੇ ਲੋਕਾਂ ਇਹ ਖ਼ਿਆਲ ਬਣਾ ਲਿਆ ਕਿ ਫ਼ਰੀਦ ਜੀ ਨੇ ਰੋਟੀ ਖਾਣੀ ਛੱਡ ਦਿੱਤੀ ਸੀ, ਤੇ ਜਦੋਂ ਭੁੱਖ ਬਹੁਤ ਸਤਾਂਦੀ ਸੀ ਤਾਂ ਪੱਲੇ ਬੱਧੀ ਹੋਈ ਇਕ ਕਾਠ ਦੀ ਰੋਟੀ ਨੂੰ ਚੱਕ ਮਾਰ ਕੇ ਝੱਟ ਲੰਘਾ ਲੈਂਦੇ ਸਨ। ਇਸੇ ਤਰ੍ਹਾਂ, ਮਲੂਮ ਹੁੰਦਾ ਹੈ ਕਿ, ਭਗਤ ਰਵਿਦਾਸ ਜੀ ਦੇ ਹੇਠ-ਲਿਖੇ ਸ਼ਬਦ ਨੂੰ ਨਾ ਸਮਝ ਕੇ ਇਹ ਕਹਾਣੀ ਬਣ ਗਈ ਕਿ ਰਵਿਦਾਸ ਜੀ ਠਾਕੁਰ ਜੀ ਦੀ ਪੂਜਾ ਵਿਚ ਮਸਤ ਹੋ ਕੇ ਕਿਰਤ-ਕਾਰ ਛੱਡ ਬੈਠੇ-

ਸੋਰਠਿ ਰਵਿਦਾਸ ਜੀ

**ਚਮਰਟਾ ਗਾਂਠਿ ਨ ਜਨਈ ॥ ਲੋਗੁ ਗਠਾਵੈ ਪਨਹੀ ॥੧॥ ਰਹਾਉ ॥ ਆਰ ਨਹੀ ਜਿਹ ਤੋਪਉ ॥ ਨਹੀ ਰਾਂਬੀ ਠਾਉ ਰੋਪਉ ॥੧॥ ਲੋਗੁ ਗੰਠਿ ਗੰਠਿ ਖਰਾ ਬਿਗੂਚਾ ॥ ਹਉ ਬਿਨੁ ਗਾਂਠੇ ਜਾਇ ਪਹੂਚਾ ॥੨॥ ਰਵਿਦਾਸੁ ਜਪੈ ਰਾਮ ਨਾਮਾ ॥ ਮੋਹਿ ਜਮ ਸਿਉ ਨਾਹੀ ਕਾਮਾ ॥੩॥੭॥**

ਰਵਿਦਾਸ ਜੀ ਬਨਾਰਸ ਦੇ ਵਸਨੀਕ ਸਨ, ਤੇ, ਇਹ ਸ਼ਹਿਰ ਵਿਦਵਾਨ ਬ੍ਰਾਹਮਣਾਂ ਦਾ ਭਾਰਾ ਕੇਂਦਰ ਚਲਿਆ ਆ ਰਿਹਾ ਹੈ। ਬ੍ਰਾਹਮਣਾਂ ਦੀ ਅਗਵਾਈ ਵਿਚ ਇਥੇ ਮੂਰਤੀ-ਪੂਜਾ ਦਾ ਜ਼ੋਰ ਹੋਣਾ ਭੀ ਕੁਦਰਤੀ ਗੱਲ ਹੈ। ਇਕ ਪਾਸੇ ਉੱਚੀ ਜਾਤ ਦੇ ਵਿਦਵਾਨ ਲੋਕ ਮੰਦਰਾਂ ਵਿਚ ਜਾ ਜਾ ਕੇ ਮੂਰਤੀਆਂ ਪੂਜਣ, ਦੂਜੇ ਪਾਸੇ, ਇਕ ਬੜੀ ਨੀਵੀਂ ਜਾਤੀ ਦਾ ਕੰਗਾਲ ਤੇ ਗ਼ਰੀਬ ਰਵਿਦਾਸ ਇਕ ਪਰਮਾਤਮਾ ਦੇ ਸਿਮਰਨ ਦਾ ਹੋਕਾ ਦੇਵੇ-ਇਹ ਇਕ ਅਜੀਬ ਜਿਹੀ ਖੇਡ ਬਨਾਰਸ ਵਿਚ ਹੋ ਰਹੀ ਸੀ। ਬ੍ਰਾਹਮਣਾਂ ਦਾ, ਚਮਾਰ ਰਵਿਦਾਸ ਨੂੰ, ਉਸ ਦੀ ਨੀਵੀਂ ਜਾਤ ਦਾ ਚੇਤਾ ਕਰਾ ਕਰਾ ਕੇ ਉਸ ਨੂੰ ਮਖ਼ੌਲ ਕਰਨੇ ਭੀ ਸੁਭਾਵਿਕ ਜਿਹੀ ਗੱਲ ਸੀ। ਅਜਿਹੀ ਦਸ਼ਾ ਹਰ ਥਾਂ ਰੋਜ਼ਾਨਾ ਜੀਵਨ ਵਿਚ ਵੇਖੀ ਜਾ ਰਹੀ ਹੈ।

ਇਸ ਉੱਪਰ-ਦਿੱਤੇ ਸ਼ਬਦ ਵਿਚ ਰਵਿਦਾਸ ਜੀ ਲੋਕਾਂ


www.AKJ.Org

ਦੇ ਇਸ ਮਖ਼ੌਲ ਦਾ ਉੱਤਰ ਦੇਂਦੇ ਹਨ, ਤੇ, ਕਹਿੰਦੇ ਹਨ ਕਿ ਮੈਂ ਤਾਂ ਭਲਾ ਜਾਤ ਦਾ ਹੀ ਚਮਾਰ ਹਾਂ, ਪਰ ਲੋਕ ਉੱਚੀਆਂ ਕੁੱਲਾਂ ਦੇ ਹੋ ਕੇ ਭੀ ਚਮਾਰ ਬਣੇ ਪਏ ਹਨ। ਇਹ ਸਰੀਰ, ਮਾਨੋ, ਇਕ ਜੁੱਤੀ ਹੈ। ਗਰੀਬ ਮਨੁੱਖ ਮੁੜ ਮੁੜ ਆਪਣੀ ਜੁੱਤੀ ਗੰਢਾਂਦਾ ਹੈ ਕਿ ਬਹੁਤਾ ਚਿਰ ਕੰਮ ਦੇ ਜਾਏ। ਇਸੇ ਤਰ੍ਹਾਂ ਮਾਇਆ ਦੇ ਮੋਹ ਵਿਚ ਫਸੇ ਹੋਏ ਬੰਦੇ (ਚਾਹੇ ਉਹ ਉੱਚੀ ਕੁੱਲ ਦੇ ਭੀ ਹੋਣ) ਇਸ ਸਰੀਰ ਨੂੰ ਗਾਂਢੇ ਲਾਣ ਲਈ ਦਿਨ ਰਾਤ ਇਸੇ ਦੀ ਪਾਲਣਾ ਵਿਚ ਲੱਗੇ ਰਹਿੰਦੇ ਹਨ, ਤੇ ਪ੍ਰਭੂ ਨੂੰ ਵਿਸਾਰ ਕੇ ਖ਼ੁਆਰ ਹੁੰਦੇ ਹਨ। ਜਿਵੇਂ ਚਮਾਰ ਜੁੱਤੀ ਗੰਢਦਾ ਹੈ, ਤਿਵੇਂ ਮਾਇਆ-ਗ੍ਰਸਿਆ ਜੀਵ ਸਰੀਰ ਨੂੰ ਸਦਾ ਚੰਗੀਆਂ ਖ਼ੁਰਾਕਾਂ ਪੁਸ਼ਾਕਾਂ ਅਤੇ ਦਵਾਈ ਆਦਿਕ ਦੇ ਕੇ ਗਾਂਢੇ-ਤੋਪੇ ਲਾਉਂਦਾ ਰਹਿੰਦਾ ਹੈ। ਸੋ, ਸਾਰਾ ਜਗਤ ਹੀ ਚਮਾਰ ਬਣਿਆ ਪਿਆ ਹੈ। ਪਰ, ਰਵਿਦਾਸ ਜੀ ਆਖਦੇ ਹਨ, ਮੈਂ ਲੋਕਾਂ ਵਾਂਗ ਦਿਨ ਰਾਤ ਸਰੀਰ ਦੇ ਆਹਰ ਵਿਚ ਹੀ ਨਹੀਂ ਰਹਿੰਦਾ; ਮੈਂ ਪ੍ਰਭੂ ਦਾ ਨਾਮ ਸਿਮਰਨਾ ਆਪਣਾ ਮੁੱਖ ਧਰਮ ਬਣਾਇਆ ਹੈ। ਤਾਹੀਏਂ ਮੈਨੂੰ ਮੌਤ ਦਾ, ਸਰੀਰ ਦੇ ਨਾਸ ਹੋਣ ਦਾ, ਡਰ ਨਹੀਂ ਰਿਹਾ।

**ਭਗਤ ਜੀ ਦੀ ਅਵਤਾਰ-ਪੂਜਾ –**

ਭਗਤਾਂ ਦੀ ਬਾਣੀ ਵਿਚ ਕਿਸੇ ਅਵਤਾਰ ਆਦਿਕ ਦਾ ਨਾਮ ਵਰਤਿਆ ਵੇਖ ਕੇ ਇਹ ਨਤੀਜਾ ਕੱਢਣਾ ਭਾਰੀ ਭੁੱਲ ਹੋਵੇਗੀ ਕਿ ਫਲਾਣਾ ਭਗਤ ਫਲਾਣੇ ਅਵਤਾਰ ਦਾ ਉਪਾਸ਼ਕ ਸੀ। ਜੇ ਇਹੀ ਕਸਵੱਟੀ ਠੀਕ ਸਮਝੀ ਜਾਣੀ ਹੈ ਤਾਂ ਇਹ ਨਾਮ ਕਈ ਵਾਰੀ ਗੁਰੂ ਸਾਹਿਬਾਨ ਨੇ ਭੀ ਬਾਣੀ ਵਿਚ ਵਰਤੇ ਹਨ। ਆਸਾ ਦੀ ਵਾਰ ਵਿਚ ਸਤਿਗੁਰੂ ਨਾਨਕ ਦੇਵ ਜੀ ਦਾ ਸਲੋਕ ਅਸੀਂ ਹਰ ਰੋਜ਼ ਪੜ੍ਹਦੇ ਸੁਣਦੇ ਹਾਂ, ਜਿੱਥੇ ਸਤਿਗੁਰੂ ਜੀ ਨੇ ਲਫ਼ਜ਼ "ਕ੍ਰਿਸ਼ਨ" ਵਰਤਿਆ ਹੈ :

**ਏਕਕ੍ਰਿਸਨੰ ਸਰਬ ਦੇਵਾ ਦੇਵ ਦੇਵਾਤ ਆਤਮਾ ॥**
**ਆਤਮਾ ਬਾਸੁਦੇਵਸਿ ਜੇ ਕੋ ਜਾਣੈ ਭੇਉ ॥**
**ਨਾਨਕੁ ਤਾ ਕਾ ਦਾਸੁ ਹੈ ਸੋਈ ਨਿਰੰਜਨ ਦੇਉ ॥੪॥**

(ਆਸਾ ਦੀ ਵਾਰ, ਛਕਾ ੧੨)

ਅਸਲ ਗੱਲ ਇਹ ਹੈ ਕਿ ਇਹ ਲਫ਼ਜ਼ ਰਾਮ, ਕ੍ਰਿਸ਼ਨ, ਮਾਧੋ, ਗੋਬਿੰਦ, ਹਰਿ, ਰਮਈਆ, ਦਮੋਦਰ, ਮੁਰਾਰਿ ਆਦਿਕ ਸਾਰੇ ਹੀ ਪ੍ਰਮਾਤਮਾ ਅਕਾਲ ਪੁਰਖ ਵਾਸਤੇ ਵਰਤੇ ਗਏ।

ਭਗਤ ਰਵਿਦਾਸ ਜੀ ਦੇ ਕੁੱਲ ੪੦ ਸ਼ਬਦ ਹਨ, ਹੇਠ-ਲਿਖਿਆ ਸਿਰਫ਼ ਇਕ ਸ਼ਬਦ ਹੀ ਐਸਾ ਹੈ ਜਿਥੇ ਭਗਤ ਜੀ ਲਫ਼ਜ਼ "ਰਾਜਾ ਰਾਮ ਚੰਦ" ਵਰਤਦੇ ਹਨ-

**ਮੇਰੀ ਜਾਤਿ ਕਮੀਨੀ ਪਾਤਿ ਕਮੀਨੀ, ਓਛਾ ਜਨਮੁ ਹਮਾਰਾ ॥ ਤੁਮ ਸਰਨਾਗਤਿ ਰਾਜਾ ਰਾਮ ਚੰਦ, ਕਹਿ ਰਵਿਦਾਸ ਚਮਾਰਾ ॥੫॥੬॥** (ਸੋਰਠਿ)

ਇਸ ਸ਼ਬਦ ਵਿਚ ਸਧਾਰਨ ਤੌਰ ਤੇ ਜਗਤ ਦੀ ਅਸਾਰਤਾ ਦਾ ਜ਼ਿਕਰ ਹੈ ਕਿ ਇਹਨਾਂ ਨਾਸ਼ਵੰਤ ਪਦਾਰਥਾਂ ਵਿਚ ਮਮਤਾ ਬਣਾਣ ਦਾ ਕੋਈ ਲਾਭ ਨਹੀਂ। ਸਿਰਫ਼ ਅਖ਼ੀਰਲੀ ਤੁਕ ਵਿਚ ਅਰਦਾਸ ਹੈ ਕਿ ਇਸ ਮਮਤਾ ਤੋਂ ਬਚਣ ਲਈ, ਹੇ ਪ੍ਰਭੂ! ਮੈਂ ਤੇਰੀ ਸ਼ਰਨ ਆਇਆ ਹਾਂ। ਜੇ ਰਵਿਦਾਸ ਜੀ ਅਵਤਾਰ ਸ੍ਰੀ ਰਾਮ ਚੰਦਰ ਦੇ ਉਪਾਸ਼ਕ ਹੁੰਦੇ, ਤਾਂ ਉਹ ਆਪਣੇ ਇਸ ਇਸ਼ਟ ਦਾ ਜ਼ਿਕਰ ਉਹਨਾਂ ਸ਼ਬਦਾਂ ਵਿਚ ਖ਼ਾਸ ਤੌਰ ਤੇ ਕਰਦੇ, ਜਿਨ੍ਹਾਂ ਵਿਚ ਉਹ ਨਿਰੋਲ ਅਰਦਾਸ ਹੀ ਕਰ ਰਹੇ ਹਨ, ਜਾਂ, ਜਿਨ੍ਹਾਂ ਵਿਚ ਆਪਣੇ ਇਸ਼ਟ ਦੇ ਗੁਣ ਗਾਏ ਹੋਏ ਹਨ। ਕਿਤੇ ਨਾ ਕਿਤੇ ਤਾਂ ਆਪਣੇ ਇਸ ਇਸ਼ਟ ਦੇ ਕਿਸੇ ਕਾਰਨਾਮੇ ਦਾ ਜ਼ਿਕਰ ਕਰਦੇ। ਪਰ, ਐਸਾ ਕੋਈ ਇਕ ਸ਼ਬਦ ਭੀ ਨਹੀਂ ਮਿਲਦਾ। ਭਗਤ ਰਵਿਦਾਸ ਜੀ ਨੇ ਇਥੇ ਲਫ਼ਜ਼ "ਚੰਦ" ਉਸੇ ਤਰ੍ਹਾਂ ਵਰਤਿਆ ਹੈ ਜਿਵੇਂ ਭੱਟ ਨਲ ਨੇ ਗੁਰੂ ਰਾਮਦਾਸ ਸਾਹਿਬ ਦੀ ਵਡਿਆਈ ਵਿਚ ਸਵਈਏ ਉਚਾਰਨ ਵੇਲੇ। ਵੇਖੋ ਭੱਟ ਨਲ ਦਾ ਸਵਈਆ ਨੰ: ੪-

**"ਰਾਜੁ ਜੋਗੁ ਤਖਤੁ ਦੀਅਨੁ ਗੁਰ ਰਾਮਦਾਸ॥**
**ਪ੍ਰਥਮੇ ਨਾਨਕ ਚੰਦੁ ਜਗਤ ਭਯੋ ਆਨੰਦੁ**
**ਤਾਰਨਿ ਮਨੁਖ ਜਨ ਕੀਅਉ ਪ੍ਰਗਾਸ"॥**

ਲਫ਼ਜ਼ 'ਚੰਦ' ਤੋਂ ਭਾਵ ਹੈ 'ਚੰਦ ਵਰਗਾ ਸੋਹਣਾ' ਚੰਦ ਵਾਂਗ ਠੰਢ ਦੇਣ ਵਾਲਾ, ਸੋਹਣਾ, ਸ਼ਾਂਤੀ ਦਾ ਪੁੰਜ।

ਕਿਸੇ ਇਕ ਅਵਤਾਰ ਦਾ ਉਪਾਸ਼ਕ ਦੂਜੇ ਅਵਤਾਰ ਦੀ ਪੂਜਾ ਨਹੀਂ ਕਰ ਸਕਦਾ। ਪਰ ਰਵਿਦਾਸ ਜੀ ਨੇ ਲਫ਼ਜ਼ ਹਰਿ, ਰਾਜਾ ਰਾਮ, ਮਾਧੋ, ਮੁਰਾਰਿ ਆਦਿਕ ਵਰਤਣ ਵਿਚ ਕਿਸੇ ਤਰ੍ਹਾਂ ਦਾ ਕੋਈ ਵਿਤਕਰਾ ਨਹੀਂ ਕੀਤਾ।

ਭਗਤ ਰਵਿਦਾਸ ਜੀ ਉਸ ਪ੍ਰਭੂ ਦੇ ਉਪਾਸ਼ਕ ਸਨ ਜਿਸ ਦੀ ਬਾਬਤ ਉਹ ਆਪ ਹੀ ਲਿਖਦੇ ਹਨ-

**ਸੁਖ ਸਾਗਰੁ ਸੁਰ ਤਰ ਚਿੰਤਾ ਮਨਿ, ਕਾਮਧੇਨੁ ਬਸਿ ਜਾ ਕੇ॥ ਚਾਰਿ ਪਦਾਰਥ ਅਸਟ ਦਸਾ ਸਿਧਿ ਨਵਨਿਧਿ ਕਰ ਤਲ ਤਾ ਕੇ ॥੧॥ ਹਰਿ ਹਰਿ ਹਰਿ ਨ ਜਪਹਿ ਰਸਨਾ ॥ ਅਵਰ ਸਭ ਤਿਆਗਿ ਬਚਨ ਰਚਨਾ ॥੧॥ਰਹਾਉ॥** (ਸੋਰਠਿ)


www.AKJ.Org

## ਗੁਰਬਾਣੀ ਅਰਥ-ਬੋਧ

# ਆਰਤ, ਆਰਤਾ ਅਤੇ ਆਰਤੀ

(ਮਾਲਿਕ ਸਿੰਘ, ਕੈਮਿਸਟ ਇੰਚਾਰਜ, ਮਿਲਕ ਪਲਾਂਟ, ਮੁਹਾਲੀ (ਪੰਜਾਬ)

"ਗੁਰਬਾਣੀ ਇਸੁ ਜਗ ਮਹਿ ਚਾਨਣੁ" ਦੇ ਅਧਾਰ ਤੇ ਆਰਤ, ਆਰਤਾ ਅਤੇ ਆਰਤੀ, ਉਤੇ ਕੁਝ ਗੁਰਪ੍ਰਮਾਣਾਂ ਰਾਹੀਂ ਇਹ ਸਪੱਸ਼ਟ ਕਰਨ ਦਾ ਯਤਨ ਕੀਤਾ ਗਿਆ ਹੈ, ਕਿ "ਗੋਪਾਲ ਤੇਰਾ ਆਰਤਾ" ਵਿਚ ਆਇਆ ਸ਼ਬਦ "ਆਰਤਾ" ਆਰਤੀ ਦਾ ਪੁਲਿੰਗ ਨਹੀਂ ਹੈ। ਇਸ ਬਾਰੇ ਕਹਿ ਦੇਣਾ ਕਿ ਜਿਵੇਂ ਅਰਦਾਸ ਤੋਂ ਅਰਦਾਸਾ, ਹੋਲੀ ਤੋਂ ਹੋਲਾ ਆਦਿ ਸ਼ਬਦ ਪ੍ਰਚਲਤ ਹਨ ਤਿਵੇਂ ਹੀ ਭਗਤ ਧੰਨਾ ਜੀ ਨੇ ਆਰਤੀ ਤੋਂ ਆਰਤਾ ਸ਼ਬਦ ਘੜਿਆ ਸੀ। ਉਨ੍ਹਾਂ ਨੇ ਆਰਤੀ ਦੀ ਥਾਂ ਆਰਤਾ ਸ਼ਬਦ ਪ੍ਰਚਲਤ ਕੀਤਾ ਸੀ। ਇਹ ਧਾਰਨਾ ਬਿਲਕੁਲ ਗਲਤ ਅਤੇ ਨਿਰਮੂਲ ਹੈ। ਭਗਤ ਧੰਨਾ ਜੀ ਨਿਰਗੁਣ ਦੇ ਸੱਚੇ ਉਪਾਸ਼ਕ ਸਨ ਅਤੇ ਉਨ੍ਹਾਂ ਨੇ ਮੂਰਤੀਆਂ ਅੱਗੇ ਆਰਤੀ ਨਹੀਂ ਕੀਤੀ।

**ਆਰਤ ਦਾ ਅਰਥ** : ਸੰਸਕ੍ਰਿਤ ਲਫਜ਼ ਆਰਤ ਜਿਉਂ ਦਾ ਤਿਉਂ ਹੀ ਗੁਰਬਾਣੀ ਵਿਚ ਵਰਤਿਆ ਮਿਲਦਾ ਹੈ। ਆਰਤ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕੇਵਲ ਇਕੋ ਵਾਰੀ ਆਇਆ ਮਿਲਦਾ ਹੈ। ਇਸ ਆਰਤ ਦਾ ਅਰਥ ਹੈ : ਮੰਗਤਾ, ਭਿਖਾਰੀ, ਲੋੜਵੰਦ, ਪੀੜਿਤ, ਦੁਖੀਆ ਆਦਿ। ਇਹ ਗੁਰਪੰਕਤੀ ਇਸ ਤਰ੍ਹਾਂ ਹੈ...

"ਸ੍ਰਵਨਿ ਨ ਸੁਰਤਿ ਨੈਨ ਸੁੰਦਰ ਨਹੀ
ਆਰਤ ਦੁਆਰਿ ਰਟਤ ਪਿੰਗੁਰੀਆ॥" (ਪੰਨਾ ੨੦੩)

ਇਸ ਉਪਰੋਕਤ ਪੰਕਤੀ ਵਿਚ ਆਰਤ ਦਾ ਅਰਥ ਸਪੱਸ਼ਟ ਹੀ ਹੈ, ਕਿ ਹੇ ਅਕਾਲ ਪੁਰਖ ਮੈਂ ਤੇਰੇ ਦੁਆਰੇ ਉਤੇ (ਭਿਖਾਰੀ) ਪਿੰਗਲਾ ਪੁਕਾਰ ਰਿਹਾ ਹਾਂ। ਗੁਰਬਾਣੀ ਵਿਚ ਹੋਰ ਵੀ ਕਈ ਥਾਵਾਂ ਤੇ ਆਪਣੇ ਆਪ ਨੂੰ ਭਿਖਾਰੀ ਰੁਹਲਾ, ਟੁੰਡਾ, ਅਨਾਥ, ਅੰਧੁਲਾ, ਬਲਹੀਣ, ਗੁੰਗਾ ਆਦਿ ਕਰ ਕੇ ਕਿਹਾ ਹੈ। ਇਸ ਦਾ ਇਹ ਭਾਵ ਬਿਲਕੁਲ ਨਹੀਂ ਹੈ ਕਿ ਸਰੀਰ ਦੇ ਸਥੂਲ ਅੰਗ ਐਸੇ ਹਨ। ਦਰਅਸਲ ਪ੍ਰਭੂ ਤੱਕ ਸਥੂਲ ਅੰਗਾਂ ਦੀ ਪਹੁੰਚਣ ਦੀ ਅਸਮਰਥਾ ਦਾ ਪ੍ਰਗਟਾਵਾ ਕਰਕੇ ਨਿਮਰਤਾ ਦਿਖਾਈ ਗਈ ਹੈ ਅਤੇ ਇਹ ਵੀ ਪ੍ਰਭੂ ਦੇ ਦਰ ਤੇ ਪ੍ਰਾਰਥਨਾ (ਅਰਦਾਸ) ਦੀ ਇਕ ਜੁਗਤੀ ਹੈ, ਆਪਣੇ ਆਪ ਨੂੰ ਛੋਟਾ ਜਤਾਉਣ ਦੀ, ਯਥਾ ਗੁਰਪ੍ਰਮਾਣ :

"ਰੁਹਲਾ ਟੁੰਡਾ ਅੰਧੁਲਾ ਕਿਉ ਗਲਿ ਲਗੈ ਧਾਇ॥
(ਪੰਨਾ ੧੩੯)

ਅੰਧ ਗੁੰਗ ਪਿੰਗੁਲ ਮਤਿਹੀਨਾ ਪ੍ਰਭ ਰਾਖਹੁ ਰਾਖਨਹਾਰਾ॥ ਕਰਨ ਕਰਾਵਨਹਾਰ ਸਮਰਥਾ ਕਿਆ ਨਾਨਕ ਜੰਤ ਬਿਚਾਰਾ॥ (ਪੰ: ੫੩੦)

ਸੋ ਉਪਰੋਕਤ ਗੁਰਪ੍ਰਮਾਣਾਂ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਆਰਤ ਤੋਂ ਭਾਵ ਹੈ, ਮੰਗਤਾ, ਭਿਖਾਰੀ...ਤੇ ਉਹ ਵੀ ਪਿੰਗੁਲਾ ਮਨ ਕਰਕੇ "ਮੇਰਾ ਚਿਤੁ ਨ ਚਲੈ, ਮਨਿ ਭਇਓ ਪੰਗੁ" ਨਾ ਕਿ ਸਰੀਰ ਅੰਗਾਂ ਕਰਕੇ।

**ਆਰਤਾ** ਸ਼ਬਦ ਵੀ ਸਾਰੀ ਬਾਣੀ ਅੰਦਰ ਕੇਵਲ ਇਕੋ ਵਾਰੀ ਹੀ ਵਰਤਿਆ ਮਿਲਦਾ ਹੈ ਤੇ ਉਹ ਵੀ ਭਗਤ ਧੰਨਾ ਜੀ ਦੁਆਰਾ ਹੇਠ ਲਿਖੇ ਸ਼ਬਦ ਵਿਚ,-

ਗੋਪਾਲ ਤੇਰਾ ਆਰਤਾ ॥ ਜੋ ਜਨ ਤੁਮਰੀ ਭਗਤਿ ਕਰੰਤ ਤਿਨ ਕੇ ਕਾਜ ਸਵਾਰਤਾ॥੧॥ਰਹਾਉ॥ ਦਾਲਿ ਸੀਧਾ ਮਾਗਉ ਘੀਉ ॥ ਹਮਰਾ ਖੁਸੀ ਕਰੈ ਨਿਤ ਜੀਉ ॥ ਪਨੀਆ ਛਾਦਨੁ ਨੀਕਾ ॥ ਅਨਾਜੁ ਮਗਉ ਸਤ ਸੀਕਾ ॥੧॥ ਗਊ ਭੈਸ ਮਗਉ ਲਾਵੇਰੀ ॥ ਇਕ ਤਾਜਨਿ ਤੁਰੀ ਚੰਗੇਰੀ ॥ ਘਰ ਕੀ ਗੀਹਨਿ ਚੰਗੀ ॥ ਜਨੁ ਧੰਨਾ ਲੇਵੈ ਮੰਗੀ ॥੨॥ (ਪੰਨਾ ੬੯੫)

**ਆਰਤਾ ਦੇ ਅਰਥ** : ਸੰਸਕ੍ਰਿਤ ਲਫਜ਼ ਆਰਤ ਤੋਂ ਹੀ ਆਰਤਾ ਬਣਿਆ ਹੈ ਤੇ ਗੁਰਬਾਣੀ ਵਿਚ ਭਗਤ ਧੰਨਾ ਜੀ ਨੇ ਇਸ ਨੂੰ ਜਿਉਂ ਦਾ ਤਿਉਂ ਹੀ ਵਰਤਿਆ ਹੈ। ਭਗਤ ਜੀ ਉਪਰੋਕਤ ਰਹਾਉ ਦੀ ਪੰਕਤੀ ਵਿਚ, ਜਿਸ ਵਿਚ ਸ਼ਬਦ ਦਾ ਕੇਂਦਰੀ ਭਾਵ ਹੈ, ਇਉਂ ਕਹਿੰਦੇ ਹਨ ਕਿ ਹੇ ਅਕਾਲ ਪੁਰਖ ਮੈਂ ਤੇਰਾ ਭਿਖਾਰੀ ਹਾਂ ਤੇ ਨਿਸ਼ਚਿੰਤ ਹੋ ਕੇ ਭਗਤੀ ਕਰਨ ਲਈ ਮੇਰੇ ਸਰੀਰ ਦੀਆਂ ਨਿਤਾਪ੍ਰਤਿ ਦੀਆਂ ਲੋੜਾਂ ਜ਼ਰੂਰਤਾਂ-ਪੂਰੀਆ ਕਰੋ। ਅਗਲੇ ਦੋਨਾ ਹੀ ਬੰਦਾਂ ਵਿਚ ਨਿਤਾਪ੍ਰਤਿ ਦੀਆ ਲੋੜਾਂ ਦਾ ਵੇਰਵਾ ਕਰਦੇ ਹੋਏ ਦੋ ਵਾਰੀ "ਮਗਉ" ਸ਼ਬਦ ਅਤੇ ਇਕ ਵਾਰੀ "ਮਾਗਉ" ਅਤੇ ਅੰਤਲੀ ਪੰਕਤੀ ਵਿਚ ਮੰਗੀ ਸ਼ਬਦ ਵਰਤੇ ਹਨ। ਗੁਰਬਾਣੀ ਅੰਦਰ ਇਹ ਦੇਖਿਆ ਜਾ ਸਕਦਾ ਹੈ ਕਿ ਕੇਵਲ ਭਗਤ ਧੰਨਾ ਜੀ ਨੇ ਹੀ ਆਪਣੇ ਆਪ ਨੂੰ ਭਿਖਾਰੀ ਨਹੀਂ ਕਿਹਾ ਸਗੋਂ ਸਾਰੇ ਹੀ ਭਗਤਾਂ, ਗੁਰੂਆਂ ਆਦਿ ਨੇ ਆਪਣੇ



www.AKJ.Org

ਆਪ ਨੂੰ ਕਈ ਵਾਰੀ ਇਹੋ ਜਿਹੇ ਸ਼ਬਦਾਂ ਰਾਹੀਂ ਪ੍ਰਭੂ ਦੇ ਦਰ ਤੇ ਫਰਿਆਦ ਕੀਤੀ ਹੈ ਅਤੇ ਪ੍ਰਭੂ ਦਾ ਭਿਖਾਰੀ ਬਣਨਾ ਇਕ ਫਖਰ ਮਾਣ ਤੇ ਵਡਿਆਈ ਦੀ ਗੱਲ ਹੈ। ਯਥਾ ਗੁਰਵਾਕ :

"ਹਮ ਭੀਖਕ ਭੇਖਾਰੀ ਤੇਰੇ ਤੂ ਨਿਜਪਤਿ ਹੈ ਦਾਤਾ ।
(ਪੰਨਾ ੬੬੬)

"ਤੂ ਪ੍ਰਭ ਦਾਤਾ ਦਾਨਿ ਮਤਿ ਪੂਰਾ
ਹਮ ਥਾਰੇ ਭੇਖਾਰੀ ਜੀਉ॥" (ਪੰਨਾ ੫੯੭)

"ਤੋਂ ਸੇ ਨ ਨਾਥ ਅਨਾਥ ਨ ਮੋ ਸਰਿ, ਤੋਸੋ ਨ ਦਾਨੀ ਨਾ ਮੋ ਸੇ ਭਿਖਾਰੀ॥ (ਭਾਈ ਗੁਰਦਾਸ ਜੀ)

ਫਿਰ ਇਥੇ ਹੀ ਬਸ ਨਹੀਂ, ਬਾਣੀ ਵਿਚ ਤਾਂ ਇਹ ਹੀ ਕਿਹਾ ਗਿਆ ਹੈ ਕਿ ਹੋਰ ਤਾ ਥਾਂ ਮੰਗਣ ਦੀ ਹੈ ਹੀ ਨਹੀਂ, ਅਸੀ ਸਭ ਕੁਝ ਪ੍ਰਭੂ ਪਾਸੋ ਹੀ ਮੰਗਣਾ ਹੈ। ਯਥਾ ਗੁਰਵਾਕ:

ਮੈ ਤਾਣੁ ਦੀਬਾਣੁ ਤੂ ਹੈ ਮੇਰੇ ਸੁਆਮੀ,
ਮੈ ਤੁਧੁ ਆਗੇ ਅਰਦਾਸਿ॥
ਮੈ ਹੋਰੁ ਥਾਉ ਨਾਹੀ ਜਿਸੁ ਪਹਿ ਕਰਉ ਬੇਨੰਤੀ,
ਮੇਰਾ ਦੁਖੁ ਸੁਖੁ ਤੁਝ ਹੀ ਪਾਸੇ ॥ (ਪੰਨਾ ੭੩੫)
ਸਾਜਨੋ ਤੂ ਮੀਤੁ ਮੇਰਾ॥ਗ੍ਰਿਹਿ ਤੇਰੈ ਸਭੁ ਕੇਹੁ ॥੧॥ਰਹਾਉ॥
ਮਾਨੁ ਮਾਂਗਉ ਤਾਨ ਮਾਂਗਉ ਧਨੁ ਲਖਮੀ ਸੁਤ ਦੇਹ ॥
(ਪੰਨਾ ੧੩੦੮)

ਦਰਅਸਲ ਸਾਰਾ ਸੰਸਾਰ ਹੀ ਪ੍ਰਭੂ ਦੇ ਦਰ ਦਾ ਭਿਖਾਰੀ ਹੈ, ਮੰਗਤਾ ਹੈ, ਤੇ ਕੇਵਲ ਇੱਕ ਕਰਤਾ ਪੁਰਖ ਹੀ ਸਭ ਦਾ ਦਾਤਾ ਹੈ। ਯਥਾ ਗੁਰਵਾਕ : ਜਗਤੁ ਭਿਖਾਰੀ ਫਿਰਤੁ ਹੈ, ਸਭ ਕੋ ਦਾਤਾ ਰਾਮ॥ (ਪੰਨਾ ੧੪੨੮)

ਇਕੁ ਦਾਤਾ ਸਭੁ ਜਗਤੁ ਭਿਖਾਰੀਆ ਹਰਿ ਜਾਚਹਿ ਸਭ ਮੰਗ ਮੰਗਨਾ॥ (ਪੰਨਾ ੧੩੧੩)

ਇਸ ਤਰ੍ਹਾਂ ਭਗਤ ਕਬੀਰ ਦਾਸ ਜੀ ਕਹਿੰਦੇ ਹਨ ਕਿ 'ਮਾਗਉ ਕਾਹਿ ਰੰਕ ਸਭ ਦੇਖਉ ਤੁਮਹੀ ਤੇ ਮੇਰੋ ਨਿਸਤਾਰੁ' ਸੋ ਉਪਰੋਕਤ ਗੁਰਪ੍ਰਮਾਣਾਂ ਤੋਂ ਸਾਬਤ ਹੋ ਜਾਂਦਾ ਹੈ ਕਿ ਭਗਤ ਧੰਨਾ ਜੀ ਨੇ ਆਰਤਾ ਸ਼ਬਦ ਆਪਣੇ ਆਪ ਨੂੰ ਪ੍ਰਭੂ ਦਾ ਮੰਗਤਾ, ਭਿਖਾਰੀ ਕਹਿ ਕੇ ਵਰਤਿਆ ਹੈ, ਨਾ ਕਿ ਆਰਤੀ ਸ਼ਬਦ ਤੋਂ ਆਰਤਾ ਇਕ ਪੁਲਿੰਗ ਸ਼ਬਦ ਬਣਾਇਆ ਹੈ। ਆਉ ਹੁਣ ਦੇਖੀਏ, ਕਿ ਉਪਰੋਕਤ ਭਗਤ ਧੰਨਾ ਜੀ ਦੇ ਪੂਰੇ ਸ਼ਬਦ ਵਿਚ ਪ੍ਰਚਲਤ ਆਰਤੀ ਵਾਲੀ ਕਿਸੇ ਵੀ ਵਸਤੂ ਦਾ ਜਿਵੇਂ ਦੀਵਾ, ਤੇਲ, ਘਿਉ, ਫੁੱਲ, ਧਾਗਾ ਆਦਿ ਦਾ ਜ਼ਿਕਰ ਕੀਤਾ ਮਿਲਦਾ ਹੈ? ਉਤਰ ਹੈ ਨਹੀ। ਜਿੰਨ੍ਹਿ ਵੀ ਆਰਤੀ ਸਬੰਧੀ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹੋਰ ਜਿੱਥੇ ਕਿਥੇ ਵੀ ਆਏ ਹਨ ਉਥੇ ਸਭ ਵਿਚ ਹੀ ਪ੍ਰਚਲਤ ਆਰਤੀ ਸਮੱਗਰੀ ਦਾ ਜ਼ਿਕਰ ਹੈ। ਇਹ ਵੱਖਰੀ ਗੱਲ ਹੈ, ਕਿ ਹਰ ਥਾਂ ਤੇ ਇਸ ਆਰਤੀ ਵਾਲੀ ਸਮੱਗਰੀ ਦਾ ਖੰਡਨ ਕਰਕੇ ਪ੍ਰਭੂ ਦੇ ਨਾਮ ਨੂੰ ਹੀ ਸਮੱਗਰੀ ਲਈ ਵਰਤਿਆ ਹੈ। ਨਾਮ ਦੀ ਆਰਤੀ ਹੈ ਤੇ ਇਸ ਵਿਚ ਵਰਤੀ ਜਾ ਰਹੀ ਸਾਰੀ ਸਮੱਗਰੀ ਦੀਵਾ, ਬੱਤੀ, ਘਿਉ ਆਦਿ ਸਭ ਨਾਮ ਹੀ ਹੈ। ਯਥਾ ਗੁਰਵਾਕ :

ਦੀਵਾ ਮੇਰਾ ਏਕੁ ਨਾਮੁ ....॥ (ਪੰਨਾ ੩੫੮)

ਨਾਮੁ ਤੇਰਾ ਦੀਵਾ ਨਾਮੁ ਤੇਰੋ ਬਾਤੀ ਨਾਮੁ ਤੇਰੋ ਤੇਲੁ ਲੇ ਮਾਹਿ ਪਸਾਰੇ॥ ਨਾਮ ਤੇਰੇ ਕੀ ਜੋਤਿ ਲਗਾਈ ਭਇਓ ਉਜਿਆਰੋ ਭਵਨ ਸਗਲਾਰੇ॥ ਨਾਮੁ ਤੇਰੋ ਤਾਗਾ ਨਾਮੁ ਫੂਲ ਮਾਲਾ ਭਾਰ ਅਠਾਰਹ ਸਗਲ ਜੂਠਾਰੇ ॥
(ਪੰਨਾ ੬੯੪)

ਉਪਰੋਕਤ ਵਿਚਾਰ ਦੀ ਪ੍ਰੋੜਤਾ ਹੋਰ ਵੀ ਗੁਰਮਤਿ ਪ੍ਰਚੱਲਤ ਗ੍ਰੰਥਾ ਤੋਂ ਮਿਲ ਜਾਂਦੀ ਹੈ। ਜਿਵੇਂ ਕਿ ਪ੍ਰੋ. ਸਾਹਿਬ ਸਿੰਘ ਜੀ ਲਿਖਦੇ ਹਨ ਕਿ : 'ਗੋਪਾਲ ਤੇਰਾ ਆਰਤਾ', ਹੇ ਪ੍ਰਿਥਵੀ ਦੇ ਪਾਲਨਹਾਰ ਪ੍ਰਭੂ! ਮੈਂ ਤੇਰੇ ਦਰ ਦਾ ਮੰਗਤਾ ਹਾਂ, ਮੇਰੀਆਂ ਲੋੜਾਂ ਪੂਰੀਆਂ ਕਰੋ। ਪਰ ਕਿਉਂਕਿ ਲਫਜ਼ ਆਰਤੀ ਸ਼ਬਦ ਆਰਤਾ ਨਾਲ ਮਿਲਦਾ ਜੁਲਦਾ ਹੈ। ਇਸ ਲਈ ਇਸ ਸ਼ਬਦ ਨੂੰ ਵੀ ਧਨਾਸਰੀ ਰਾਗ ਵਿਚ ਦਰਜ ਕੀਤਾ ਗਿਆ ਹੈ। ਉਂਝ 'ਆਰਤੀ' ਬਾਰੇ ਇਸ ਵਿਚ ਕੋਈ ਜ਼ਿਕਰ ਨਹੀਂ ਹੈ। ਕਿਉਂਕਿ ਆਰਤੀ ਵਿਚ ਫੁੱਲ, ਦੀਵੇ ਆਦਿ ਹੋਣੇ ਜ਼ਰੂਰੀ ਹਨ।" (ਹਵਾਲਾ ਪੋਥੀ ਨੰ: 5 ਪੰਨਾ ੧੮੮)

ਇਸ ਤੋਂ ਛੁੱਟ ਹੋਰ ਪੰਥਕ ਪ੍ਰਸਿੱਧ ਵਿਦਵਾਨਾਂ ਅਤੇ ਟੀਕਾਕਾਰਾਂ ਭਾਈ ਵੀਰ ਸਿੰਘ ਜੀ ਤੇ ਗਿਆਨੀ ਹਰਬੰਸ ਸਿੰਘ ਜੀ ਨੇ ਵੀ ਆਪਣੇ ਗ੍ਰੰਥਾਂ ਵਿਚ ਉਪਰੋਕਤ ਅਰਥਾਂ ਨਾਲ ਸਹਿਮਤੀ ਵਾਲੇ ਹੀ 'ਆਰਤਾ' ਸ਼ਬਦ ਦੇ ਅਰਥ ਲਿਖੇ ਹਨ।

**ਆਰਤੀ ਦੀ ਥਾਂ ਤੇ ਆਰਤਾ ਕਿਵੇਂ ਪ੍ਰਚਲਤ ਹੋਇਆ:** ਹੁਣ ਪ੍ਰਸ਼ਨ ਇਹ ਉਠਦਾ ਹੈ ਕਿ ਜਦ ਗੁਰਬਾਣੀ ਦੇ ਅਧਾਰ ਤੇ ਆਰਤਾ ਸ਼ਬਦ ਦਾ ਅਰਥ, ਮੰਗਤਾ (ਭਿਖਾਰੀ) ਹੀ ਬਣਦਾ ਹੈ, ਤਾਂ ਇਹ ਕਿਵੇਂ ਪ੍ਰਚਲਤ ਹੋਇਆ? ਇਸ ਦੇ ਉੱਤਰ ਲਈ ਮਹਾਨ ਕੋਸ਼ (ਭਾਈ ਕਾਨ੍ਹ ਸਿੰਘ) ਵਿਚ ਦਿੱਤੇ ਹਵਾਲੇ ਤੋਂ ਸੰਕੇਤ ਮਿਲ ਜਾਂਦਾ ਹੈ, ਕਿ ਆਰਤੀ ਦੇ ਅਰਥਾਂ ਵਿਚ ਆਰਤਾ ਦਾਂ ਪ੍ਰਚਾਰ ਉਦਾਸੀ ਤੇ ਮਹੰਤਾਂ ਨੇ ਉਦੋਂ ਪ੍ਰਚਲਤ ਕੀਤਾ ਜਾਪਦਾ ਹੈ ਜਦੋਂ ਸਿੰਘ ਸਭਾ ਲਹਿਰ ਤੋਂ ਪਹਿਲਾਂ


www.AKJ.Org

ਗੁਰਦੁਆਰਿਆਂ, ਧਰਮ ਅਸਥਾਨਾਂ ਦਾ ਪ੍ਰਬੰਧ ਉਨ੍ਹਾਂ ਦੇ ਹੱਥਾਂ ਵਿਚ ਸੀ। ਉਨ੍ਹਾਂ ਨੇ ਹੀ ਆਪਣੀ ਪੂਜਾ ਪ੍ਰਤਿਸ਼ਟਾ ਦੀ ਖ਼ਾਤਰ ਅਤੇ ਜਿਥੇ ਅਨਮਤਿ ਦੀਆਂ ਹੋਰ ਰਸਮਾਂ ਰੀਤੀ ਰਿਵਾਜਾਂ ਦਾ ਸਿੱਖੀ ਵਿਚ ਮਿਲ ਗੋਭਾ ਕੀਤਾ, ਉਥੇ ਅਨਮਤਿ ਵਿਚ ਪ੍ਰਚਲਤ ਆਰਤੀ ਦੇ ਢੰਗ ਦੇ ਨਾਲ ਨਾਲ ਧੰਨਾ ਜੀ ਨੂੰ ਮੂਰਤੀ ਪੂਜਾ ਦਾ ਹਾਮੀ ਦਰਸਾਉਣ ਖ਼ਾਤਰ ਉਨ੍ਹਾਂ ਦੇ ਸ਼ਬਦ "ਗੋਪਾਲ ਤੇਰਾ ਆਰਤਾ" ਵਾਲਾ ਸ਼ਬਦ ਨਾਲ ਜੋੜ ਕੇ ਪ੍ਰਚਲਤ ਕੀਤਾ ਜਾਪਦਾ ਹੈ ਜਿਵੇਂ ਕਿ :

"ਗੋਪਾਲ ਤੇਰਾ ਆਰਤਾ" ਤੇਰਾ ਆਰਤਾ ਸਰਣਾਗਤ ਹੈ। ਕਈ ਅਨਜਾਣ ਇਸ ਸ਼ਬਦ ਨੂੰ ਆਰਤੀ ਦੇ ਸ਼ਬਦ ਨਾਲ ਪੜ੍ਹਦੇ ਹਨ ਅਤੇ ਆਖਦੇ ਹਨ ਕਿ ਧੰਨੇ ਜੱਟ ਦਾ ਆਰਤੀ ਦੀ ਥਾਂ ਆਰਤਾ ਹੈ। ਭਾਵੇਂ ਇਸ ਥਾਂ ਆਰਤਾ ਸ਼ਬਦ ਆਰਤੀ ਦੇ ਅਰਥਾਂ ਵਿਚ ਨਹੀਂ ਹੈ ਪਰ ਸਿੱਖਾਂ ਨੇ ਇਸ ਨੂੰ ਇਸ ਅਰਥ ਵਿਚ ਵਰਤਿਆ ਹੈ। ਅਕਸਰ ਉਦਾਸੀ ਸਾਧੂ ਆਰਤੀ ਵੇਲੇ ਪੜ੍ਹਦੇ ਹਨ:
"ਆਰਤਾ ਕੀਜੈ ਨਾਨਕ ਸ਼ਾਹ ਪਾਤਸ਼ਾਹ ਕਾ, ਦੀਨ ਦੁਨੀਆਂ ਦੇ ਬਾਦਸ਼ਾ ਦਾ।" (ਮਹਾਨ ਕੋਸ਼, ਭਾਈ ਕਾਨ੍ਹ ਸਿੰਘ ਜੀ)

ਬੜੀ ਅਜੀਬ ਹਾਲਤ ਹੈ ਕਿ ਕਿਥੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਗਨ ਨਾਥ ਪੁਰੀ ਵਿਚ ਆਰਤੀ ਦੀ ਵਿਧੀ ਦਾ ਖੰਡਨ ਕੀਤਾ ਤੇ ਕਿਥੇ ਉਸੇ ਤਰੀਕੇ ਨਾਲ ਅਸੀਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਆਰਤਾ ਉਸੇ ਤਰੀਕੇ ਨਾਲ ਕਰਨਾ ਪ੍ਰਚਲਤ ਕਰਦੇ ਰਹੇ। ਕੈਸੀ ਹਾਸੋ ਹੀਣੀ ਵਿਚਾਰਧਾਰਾ ਹੈ। ਇਸੇ ਲੜੀ ਵਿਚ ਆਉ ਇਕ ਹੋਰ ਗੁਰਬਾਣੀ ਦਾ ਸ਼ਬਦ ਜੋ ਕਿ ਆਰਤੀ ਦੇ ਨਾਲ ਤੇ ਭਗਤ ਧੰਨਾ ਜੀ ਦੇ "ਗੋਪਾਲ ਤੇਰਾ ਆਰਤਾ" ਤੋਂ ਬਾਅਦ ਪੜ੍ਹਨ ਦਾ ਰਿਵਾਜ ਬਣ ਗਿਆ ਹੈ, ਉਸ ਤੇ ਵਿਚਾਰ ਕਰੀਏ। ਇਹ ਸ਼ਬਦ ਇਸ ਤਰ੍ਹਾਂ ਹੈ :
ਭੂਖੇ ਭਗਤਿ ਨ ਕੀਜੈ ॥ ਯਹ ਮਾਲਾ ਅਪਨੀ ਲੀਜੈ॥ ਹਉ ਮਾਂਗਉ ਸੰਤਨ ਰੇਨਾ॥ ਮੈ ਨਾਹੀ ਕਿਸੀ ਕਾ ਦੇਨਾ ॥੧॥ ਮਾਧੋ ਕੈਸੀ ਬਨੈ ਤੁਮ ਸੰਗੇ ॥ ਆਪਿ ਨ ਦੇਹੁ ਤ ਲੇਵਉ ਮੰਗੇ ॥ ਰਹਾਉ ॥ ਦੁਇ ਸੇਰ ਮਾਂਗਉ ਚੂਨਾ ॥ ਪਾਉ ਘੀਉ ਸੰਗਿ ਲੂਨਾ ॥ ਅਧ ਸੇਰੁ ਮਾਂਗਉ ਦਾਲੇ ॥ ਮੋ ਕਉ ਦੋਨਉ ਵਖਤ ਜਿਵਾਲੇ ॥੨॥ ਖਾਟ ਮਾਂਗਉ ਚਉਪਾਈ ॥ ਸਿਰਹਾਨਾ ਅਵਰ ਤੁਲਾਈ॥ ਊਪਰਿ ਕਉ ਮਾਂਗਉ ਖੀਂਧਾ ॥ ਤੇਰੀ ਭਗਤਿ ਕਰੈ ਜਨੁ ਥੀਂਧਾ ॥੩॥ ਮੈ ਨਾਹੀ ਕੀਤਾ ਲਬੋ ॥ ਇਕੁ ਨਾਉ ਤੇਰਾ ਮੈ ਫਬੋ ॥ ਕਹਿ ਕਬੀਰ ਮਨੁ ਮਾਨਿਆ ॥ ਮਨੁ ਮਾਨਿਆ ਤਉ ਹਰਿ ਜਾਨਿਆ ॥੪॥ (ਪੰਨਾ ੬੫੬)

ਉਪਰੋਕਤ ਸ਼ਬਦ ਭਗਤ ਕਬੀਰ ਜੀ ਦਾ ਸੋਰਠ ਰਾਗ ਵਿਚ ਉਚਾਰਨ ਕੀਤਾ ਹੋਇਆ ਹੈ। ਇਸ ਦੇ ਰਹਾਉ ਦੀ ਪੰਕਤੀ "ਆਪਿ ਨ ਦੇਹੁ ਤ ਲੇਵਉ ਮੰਗੇ" ਅਤੇ "ਗੋਪਾਲ ਤੇਰਾ ਆਰਤਾ" ਭਗਤ ਧੰਨਾ ਜੀ ਦੇ ਸ਼ਬਦ ਦੀ ਰਹਾਉ ਦੀਆਂ ਪੰਕਤੀਆਂ ਦਾ ਭਾਵ ਮਿਲਦਾ ਜੁਲਦਾ ਹੈ। ਪੂਰੇ ਸ਼ਬਦ ਦਾ ਵੀ ਭਾਵ ਇਕੋ ਜੇਹਾ ਹੀ ਹੈ। ਇਸ ਲਈ ਇਸ ਸ਼ਬਦ ਨੂੰ ਵੀ ਆਰਤੀ ਵਾਲੇ ਸ਼ਬਦਾਂ ਵਿਚ ਸ਼ਾਮਿਲ ਕਰ ਲਿਆ ਗਿਆ ਹੈ। ਇਹ ਕੇਵਲ ਤੇ ਕੇਵਲ ਇਸ ਲਈ ਹੀ ਜੋੜਿਆ ਜਾਪਦਾ ਹੈ, ਕਿ ਜੋ ਵਸਤਾਂ ਸ੍ਰੀ ਧੰਨਾ ਜੀ ਮੰਗ ਰਹੇ ਹਨ, ਲਗਭਗ ਉਹ ਹੀ ਪਦਾਰਥ ਸ੍ਰੀ ਕਬੀਰ ਜੀ ਮੰਗ ਰਹੇ ਹਨ। ਹਾਲਾਂ ਕਿ ਇਸ ਕਬੀਰ ਜੀ ਦੇ ਉਪਰੋਕਤ ਸ਼ਬਦ ਵਿਚ ਵੀ ਪ੍ਰਚਲਤ ਆਰਤੀ ਦੀ ਸਮੱਗਰੀ ਦਾ ਕੋਈ ਵੀ ਜ਼ਿਕਰ ਨਹੀਂ ਮਿਲਦਾ ਜਦ ਕਿ ਕਬੀਰ ਜੀ ਦਾ ਹੀ ਆਰਤੀ ਸਬੰਧੀ ਪ੍ਰਭਾਤੀ ਰਾਗ ਪੰਨਾ ੧੩੫੦ ਤੇ ਆਇਆ ਸ਼ਬਦ ਉਸ ਅਕਾਲ ਪੁਰਖ ਦੀ ਸੱਚੀ ਆਰਤੀ ਕਰਨਾ ਸਿੱਧ ਕਰਦੇ ਹਨ। ਇਸ ਸ਼ਬਦ ਦੀ ਅਖੀਰ ਦੀ ਪੰਕਤੀ "ਕਬੀਰ ਦਾਸ ਤੇਰੀ ਆਰਤੀ ਕੀਨੀ" ਨਿਰੰਕਾਰ ਦੀ ਉਪਾਸ਼ਨਾ ਹੀ ਦ੍ਰਿੜ੍ਹ ਕਰਾਉਂਦੀ ਹੈ। ਸੋ ਉਪਰੋਕਤ ਦੋਨਾਂ ਸ਼ਬਦਾਂ ਵਿਚ ਭਗਤ ਧੰਨਾ ਜੀ" ਗੋਪਾਲ ਤੇਰਾ ਆਰਤਾ" ਅਤੇ ਭਗਤ ਕਬੀਰ ਜੀ ਦੇ ਸ਼ਬਦ 'ਭੂਖੇ ਭਗਤਿ ਨ ਕੀਜੈ' ਵਿਚ ਆਰਤੀ ਦੇ ਸ਼ਬਦਾਂ ਨਾਲ ਕਿਸੇ ਰੂਪ-ਖੰਡਨ ਜਾਂ ਹੱਕ ਵਿਚ ਕੋਈ ਸੰਕੇਤ ਨਹੀਂ ਮਿਲਦਾ ਅਤੇ ਇਨ੍ਹਾਂ ਦੋਨੋਂ ਹੀ ਸ਼ਬਦਾਂ ਦਾ ਹੋਰ ਆਰਤੀ ਦੇ ਸ਼ਬਦਾਂ ਨਾਲ ਕੋਈ ਸਬੰਧ ਨਹੀਂ ਸਥਾਪਤ ਕੀਤਾ ਜਾ ਸਕਦਾ।

ਸੋ ਉਪਰੋਕਤ ਵਿਚਾਰਧਾਰਾ ਅਤੇ ਗੁਰਬਾਣੀ ਦੇ ਪ੍ਰਮਾਣਾਂ ਤੋਂ ਨਿਰਪੱਖਤਾ ਨਾਲ ਇਹ ਸਾਰ, ਸਿੱਟਾ ਕੱਢਿਆ ਜਾ ਸਕਦਾ ਹੈ ਕਿ ਆਰਤਾ ਸ਼ਬਦ ਦਾ ਭਾਵ ਭਿਖਾਰੀ ਅਥਵਾ ਮੰਗਤਾ ਤੋਂ ਹੈ। ਆਰਤੀ ਵਾਲੇ ਹੋਰ ਸ਼ਬਦਾਂ ਨਾਲ ਇਸ ਦਾ ਸਬੰਧ ਬਿਲਕੁਲ ਨਹੀਂ ਹੈ। ਇਹ ਵੱਖਰੀ ਗੱਲ ਹੈ ਕਿ ਗੁਰਬਾਣੀ ਦਾ ਹਰ ਸ਼ਬਦ ਹੀ ਅਕਾਲ ਪੁਰਖ ਨਾਲ ਜੋੜਦਾ ਹੈ ਪਰ ਭਗਤ ਧੰਨਾ ਜੀ ਦੇ ਕੇਵਲ ਆਰਤਾ ਸ਼ਬਦ ਨੂੰ ਮੁੱਖ ਰੱਖ ਕੇ ਅਤੇ ਆਰਤੀ ਦੇ ਪ੍ਰਥਾਇ ਆਰਤਾ ਸਮਝਣਾ ਜਿਥੇ ਵੱਡਾ ਭੁਲੇਖਾ ਹੈ, ਉਥੇ ਭਗਤ ਧੰਨਾ ਜੀ ਨੂੰ ਇਕ ਨਿਰਗੁਣ ਦੇ ਉਪਾਸ਼ਕ ਤੋਂ ਹਟਾ ਕੇ ਮੂਰਤੀ ਪੂਜਾ ਨਾਲ ਜੋੜਨਾ ਹੈ ਜੋ ਕਿ ਘੋਰ ਨਿਰਾਦਰ ਅਤੇ ਨਿਰਮੂਲ ਹੈ।

ਬਾਕੀ ਸਹੀ ਵਿਚਾਰ ਤਾਂ ਗੁਰ-ਕਰਤਾਰ ਆਪ ਹੀ ਜਾਣਦਾ ਹੈ। ਇਹ ਥੋੜਾ ਉਪਰਾਲਾ ਜਰੂਰ ਹੈ।

"ਕਰਤੇ ਕੀ ਮਿਤਿ ਕਰਤਾ ਜਾਣੈ ਕੈ ਜਾਣੈ ਗੁਰੁ ਸੂਰਾ।

(ਚਲਦਾ)



www.AKJ.Org

# ਸ਼ਹਾਦਤ–ਗਾਥਾ ਵਿਚ ਬੰਦਾ ਬਹਾਦਰ

(ਪਾਂਧੀ ਨਨਕਾਣਵੀ)

...ਅੰਤ ਮੁਗਲ ਬਾਦਸ਼ਾਹ ਫਰੁਖ਼ਸੀਅਰ ਨੇ ਸਿੱਖ ਕੌਮ ਦੇ ਅਦੁੱਤੀ ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਅਤੇ ਉਸ ਦੇ 24 ਬਹਾਦਰ ਸਾਥੀ ਸਿੰਘਾਂ ਨੂੰ ਕਤਲ ਕਰਾਉਣ ਦਾ ਫੈਸਲਾ ਕਰ ਲਿਆ। ਕਤਲ ਵੀ ਉਸੇ ਧੂਮ ਧਾਮ ਨਾਲ ਜਿਵੇਂ ਉਸਨੇ 740 ਸੂਰਬੀਰ, ਬਿਰਧ ਤੇ ਨੌਜਵਾਨ ਸਿੰਘਾਂ ਨੂੰ ਦਿੱਲੀ, ਕੋਤਵਾਲੀ ਦੇ ਨੇੜੇ ਸ਼ਰ੍ਹਾ-ਏ-ਆਮ, ਸੌ ਸੌ ਕਰ ਕੇ ਰੋਜ਼ਾਨਾ ਕਤਲ ਕਰਾਇਆ ਸੀ। ਜਿਸਦਾ ਚਰਚਾ ਕੇਵਲ ਮੁਗਲ ਰਾਜ ਦੀ ਰਾਜਧਾਨੀ, ਦਿੱਲੀ ਵਿਚ ਹੀ ਨਹੀਂ ਹੋਇਆ, ਬਲਕਿ ਹਿੰਦੁਸਤਾਨ ਭਰ ਦੇ ਦੂਰ-ਦਰਾਜ਼ ਇਲਾਕਿਆਂ ਵਿਚ ਵੀ ਹਰ ਇਕ ਦੀ ਜ਼ਬਾਨ ਤੇ ਸੀ। ਤੇ ਇੰਜ ਬਾਦਸ਼ਾਹ ਫਰੁਖ਼ਸੀਅਰ ਸਮਝਦਾ ਸੀ, ਕਿ ਹਿੰਦੁਸਤਾਨ ਦੇ ਆਵਾਮ, ਉਸਦੀ ਖ਼ੂਨ ਤਿਹਾਈ ਸ਼ਮਸ਼ੀਰ ਅੱਗੇ, ਧੌਣ ਸੁੱਟ ਕੇ ਆਪੋ ਆਪਣੇ ਸਮਾਜਿਕ ਕੰਮਾ ਵਿਚ ਲੱਗੇ ਰਹਿਣਗੇ, ਅਤੇ ਸਿੱਖਾਂ ਦੇ ਹਸ਼ਰ ਦੇ ਅਫਸਾਨੇ ਸੁਣ ਸੁਣ ਕੇ, ਮੁਗਲਾ ਦੇ ਤਖ਼ਤ ਅੱਗੇ ਅੱਖ ਉੱਚੀ ਕਰਨ ਦੀ ਵੀ ਜੁਰਅੱਤ ਨਹੀਂ ਕਰ ਸਕਣਗੇ। -ਪਰ ਜਦੋਂ ਉਹ ਡੂੰਘਾਈ ਨਾਲ, ਆਪਣੇ ਦਿਲ ਵਿਚ ਵਿਚਾਰ ਕਰਦਾ, ਤਾਂ ਉਸ ਨੂੰ ਇੰਜ ਮਹਿਸੂਸ ਹੁੰਦਾ, ਜਿਵੇਂ ਕਿ ਉਹ ਸਿੱਖਾ ਦੇ ਕਤਲ, ਕਰਵਾ ਕੇ ਵੀ ਹਾਰ ਗਿਆ ਹੋਵੇ ਅਤੇ ਬਾਬਾ ਬੰਦਾ ਸਿੰਘ ਦੇ ਹਮਰਾਹੀ ਸਿੱਖ, ਖ਼ੁਸ਼ੀ ਖ਼ੁਸ਼ੀ ਆਪਣੇ ਸੀਸ ਕਟਵਾ ਕੇ ਵੀ ਜਿੱਤ ਗਏ ਹੋਣ, ਅਤੇ ਉਸਦਾ ਮੂੰਹ ਚਿੜ੍ਹਾ ਰਹੇ ਹੋਣ। ਪਰ ਉਸ ਵੇਲੇ ਤਾ ਉਸਦੀ ਨਾ-ਮੁਰਾਦੀ ਦੀ ਹੱਦ ਨਹੀਂ ਸੀ ਰਹੀ, ਜਦੋਂ ਕਿ ਚੰਦਾ ਕੁ ਸਾਲਾਂ ਦੇ ਇਕ ਸਿੱਖ ਬੱਚੇ ਨੇ ਵੀ, ਹਜ਼ਾਰਾਂ ਤਮਾਸ਼ਬੀਨਾਂ, ਦੇਸੀ ਵਿਦੇਸ਼ੀ ਤਾਰੀਖ਼ਦਾਨਾ ਦੇ ਭਰਪੂਰ ਮਜਮੇ ਦੇ ਰੂਬਰੂ, ਆਪਣੀ ਬੁੱਢੀ ਮਾਂ ਦੀਆਂ ਦੁਹਾਈਆਂ, ਕੁਰਲਾਹਟਾ ਤੇ ਹੰਝੂਆਂ ਹਾੜ੍ਹਿਆ ਦੇ ਬਾਵਜੂਦ, ਰਿਹਾਅ ਹੋਣ ਤੋਂ ਇਨਕਾਰ ਕਰ ਦਿਤਾ ਸੀ, ਤੇ ਉਸ ਨੇ ਕੂਕ ਕੂਕ ਕੇ ਕਿਹਾ ਸੀ :

ਮੈਂ ਸਿੱਖ ਹਾਂ ਗੁਰੂ ਗੋਬਿੰਦ ਸਿੰਘ ਸੱਚੇ ਪਾਤਸ਼ਾਹ ਦਾ, ਮੇਰੀ ਮਾਂ ਝੂਠ ਬੋਲਦੀ ਹੈ, ਸਿਰਫ਼ ਮੇਰੀ ਜਾਨ ਬਚਾਉਣ ਲਈ। ਤੁਸੀ ਸਿੱਖਾ ਦਾ ਕਤਲ ਕਰਦੇ ਹੋ, ਮੈਨੂੰ ਵੀ ਛੇਤੀ ਕਤਲ ਕਰੋ, ਤਾ ਜੋ ਮੈਂ ਵੀ ਆਪਣੇ ਸ਼ਹੀਦ ਵੀਰਾਂ ਤੇ ਬਜ਼ੁਰਗਾਂ ਦੇ ਕਾਫਲੇ ਵਿਚ ਸ਼ਾਮਲ ਹੋ ਸਕਾਂ।

...ਤੇ ਫਰੁਖ਼ਸੀਅਰ ਨੂੰ ਇਸ ਬੱਚੇ ਦੀ ਰਿਹਾਈ ਦਾ ਹੁਕਮ ਸਾਦਰ ਕਰਕੇ ਵੀ ਆਪਣੇ ਮਕਸਦ ਵਿਚ ਮੂੰਹ ਦੀ ਖਾਣੀ ਪਈ ਸੀ। ਉਹ ਤਾ ਇਸ ਬੱਚੇ ਦੀ ਰਿਹਾਈ ਦੇ ਪੱਜ, ਸਿੱਖ ਕੌਮ ਦੇ ਇਸ ਅਦੁੱਤੀ ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਨੂੰ, ਇਕ ਤਰ੍ਹਾਂ ਨਾਲ ਸ਼ਰਮਸਾਰ ਕਰਨਾ ਚਾਹੁੰਦਾ ਸੀ, ਕਿ ਦੇਖ, ਤੇਰੇ ਹੀ ਇਕ ਸਾਥੀ ਨੌਜਵਾਨ ਸਿੱਖ ਨੇ ਮੌਤ ਤੋਂ ਡਰ ਕੇ ਇਹ ਆਖਿਆ ਹੈ ਕਿ ਮੈਂ ਗੁਰੂ ਦਾ ਸਿੱਖ ਨਹੀਂ ਆਂ...ਤੇ ਇੰਜ ਮੁਗਲਾਂ ਦੇ ਤਖ਼ਤ ਦੇ ਰੂਬਰੂ ਘੁਟਨੇ ਟੇਕ ਦਿਤੇ ਹਨ। ਉਹ ਤਾਂ ਇਸ ਘਟਨਾ ਨੂੰ ਲੈ ਕੇ ਸਿੱਖ ਕੌਮ ਦੇ ਹੌਸਲੇ ਨੂੰ ਬੇ-ਹੌਸਲਾ ਕਰਨਾ ਚਾਹੁੰਦਾ ਸੀ, ਪਰ ਇਸ ਪਾਸਿਉਂ ਵੀ ਉਹਨੂੰ ਨਮੋਸ਼ੀ ਦਾ ਮੂੰਹ ਵੇਖਣਾ ਪਿਆ ਸੀ। ਤੇ ਬਾਬਾ ਬੰਦਾ ਸਿੰਘ ਬਹਾਦਰ ਦੀ ਬਹਾਦਰ ਸੁਪਤਨੀ ਨੂੰ ਵੀ ਉਹ ਆਪਣੀ ਬੇਗਮ ਬਣਾਉਣ ਵਿਚ ਸਫਲਤਾ ਪ੍ਰਾਪਤ ਨਹੀਂ ਸੀ ਕਰ ਸਕਿਆ, ਹਾਲਾਂਕਿ ਉਸ ਨੇ ਨਰਮਾਈ, ਲੋਭ ਲਾਲਚ, ਧਮਕੀ ਅਤੇ ਹੋਰ ਹਰ ਤਰ੍ਹਾਂ ਦੀ ਸਖ਼ਤੀ ਕਰਨ ਦੇ ਸਾਰੇ ਹੁਰਬੇ ਵੀ ਵਰਤ ਵੇਖੇ ਸਨ। ਇਸ ਮੁਹਾਜ਼ ਤੇ ਵੀ ਉਹ ਬੰਦਾ ਸਿੰਘ ਬਹਾਦਰ ਨੂੰ ਹਰਾਉਣ ਅਤੇ ਉਸ ਦੇ ਨਾਂ ਨੂੰ ਕਲੰਕਤ ਕਰਨ ਵਿਚ ਅਸਫਲ ਰਿਹਾ ਸੀ। ਤੇ ਬਾਦਸ਼ਾਹ ਨੇ ਵੇਖਿਆ, ਕਿ ਪੰਜਾਂ ਕੁ ਮਹੀਨਿਆ ਤੋਂ ਮੌਤ ਦੀਆਂ ਘੁੱਪ ਹਨੇਰੀਆ ਕੋਠੜੀਆਂ ਵਿਚ ਬੰਦ, ਬਾਬਾ ਬੰਦਾ ਸਿੰਘ ਬਹਾਦਰ ਅਤੇ ਉਸਦੇ 24 ਸੂਰਮੇ ਜਰਨੈਲ, ਜਿਹਾ ਕਿ ਭਾਈ ਬਾਜ ਸਿੰਘ, ਭਾਈ ਫਤਹ ਸਿੰਘ, ਭਾਈ ਆਲੀ ਸਿੰਘ ਤੇ ਹੋਰ, ਇੰਜ ਹੀ ਸਹਿਜ ਅਵਸਥਾ ਵਿਚ ਵਿਚਰਦੇ ਰਹੇ ਸਨ, ਤੇ ਹਰ ਤਰ੍ਹਾਂ ਦੀਆ ਸਖ਼ਤੀਆਂ, ਉਹਨਾਂ ਗੁਰਸਿੱਖਾਂ ਨੂੰ ਡਾਵਾਂ ਡੋਲ ਨਹੀ ਸਨ ਕਰ ਰਹੀਆਂ। ਇਸ ਤੋਂ ਇਲਾਵਾ ਉਹਨਾਂ ਵਿਚੋਂ ਕਿਸੇ ਇਕ ਨੇ ਵੀ ਸੋਨਾ, ਚਾਂਦੀ, ਹਥਿਆਰ ਅਤੇ ਦੱਬੇ ਹੋਏ ਖ਼ਜ਼ਾਨੇ ਦੀ ਨਿਸ਼ਾਨ ਦੇਹੀ ਤਕ ਨਹੀਂ ਸੀ ਕੀਤੀ, ਤੇ ਹੁਣ ਉਸ ਸੋਚਿਆ, ਕਿ ਹੁਣ ਇਹਨਾਂ ਨੂੰ ਵੀ ਮੌਤ ਦੇ ਘਾਟ ਉਤਾਰ ਹੀ ਦੇਣਾ ਚਾਹੀਦਾ ਹੈ, ਤਾਂ ਜੋ ਹਿੰਦੁਸਤਾਨੀਆ ਦੇ ਦਿਲਾਂ ਤੇ ਉਸ ਦਾ ਰੁਅਬ ਦਾਬ ਜੰਮ ਸਕੇ। ਇਹ ਸੋਚ ਕੇ ਫਰਖ਼ੁਸੀਅਰ ਨੇ ਆਪਣੇ ਵਜ਼ੀਰਾਂ, ਮਸ਼ੀਰਾਂ, ਮੀਰ ਆਤਿਸ਼, ਸਰਬਰਾਹ ਖ਼ਾਂ (ਕੋਤਵਾਲ), ਅਤੇ ਹੋਰ ਅਹਿਦੀਆਂ ਨੂੰ ਬੁਲਾ ਕੇ, ਆਪਣੇ ਇਸ ਇਰਾਦੇ ਤੋਂ, ਉਹਨਾਂ ਨੂੰ ਜਾਣੂ ਕਰਵਾ ਦਿਤਾ, ਅਤੇ ਦਿੱਲੀ ਦੇ ਆਵਾਮ ਨੂੰ ਵੀ ਇਸ 'ਕਤਲ ਦੇ ਜਸ਼ਨਾਂ' ਵਿਚ ਸ਼ਾਮਲ ਹੋਣ ਦਾ ਸੱਦਾ ਦੇ ਦਿਤਾ, ਅਤੇ ਲੋਕਾਂ ਵਿਚ ਇਸ ਦਾ ਖ਼ੂਬ ਪ੍ਰਚਾਰ ਕੀਤਾ ਗਿਆ। ਤੇ


www.AKJ.Org

ਫਿਰ 9 ਜੂਨ 1716 ਈ: ਨੂੰ ਬੰਦਾ ਸਿੰਘ ਬਹਾਦਰ ਅਤੇ ਉਸਦੇ ਸਾਥੀ ਜਰਨੈਲਾਂ ਨੂੰ ਤ੍ਰਿਪੋਲੀਆ ਬੰਦੀਖਾਨੇ ਦੀਆਂ ਹਨੇਰੀਆਂ ਕੋਠੜੀਆ ਚੋਂ ਬਾਹਰ ਕੱਢਿਆ ਗਿਆ। ਚਵੀਂ ਪਾਸੀਂ ਤਕੜਾ ਫੌਜੀ ਪਹਿਰਾ ਲਗਾ ਦਿਤਾ ਗਿਆ, ਤਾਂ ਜੋ ਉਹਨਾਂ ਚੋਂ ਜੇ ਕੋਈ ਨੱਸਣ ਦਾ ਯਤਨ ਕਰੇ, ਤਾਂ ਅਸਫਲ ਹੋ ਜਾਏ। ਇਕ ਹੋਰ ਫੌਜੀ ਦਸਤੇ ਨੇ ਇਹਨਾਂ ਸਮੂਹ ਸੂਰਬੀਰ ਸਿੰਘਾਂ ਨੂੰ ਆਪਣੇ ਘੇਰੇ ਵਿਚ ਲੈ ਲਿਆ। ਬੰਦੀਖਾਨੇ 'ਚੋਂ ਨਿਕਲਦਿਆਂ ਹੀ ਭਾਵੇਂ ਕੈਦੀ ਯੋਧਿਆਂ ਨੂੰ ਆਪਸ ਵਿਚ ਮਿਲਣ ਨਹੀਂ ਸੀ ਦਿੱਤਾ ਗਿਆ, ਫਿਰ ਵੀ ਉਹ ਸਾਰੇ ਉੱਚੀ ਉੱਚੀ 'ਵਾਹਿਗੁਰੂ ਜੀ ਕੀ ਫਤਹ' ਦੇ ਜੈਕਾਰੇ ਗਜਾ ਰਹੇ ਸਨ। ਖ਼ੁਦ ਫਰੁਖਸੀਅਰ, ਵਜ਼ੀਰ ਅਬੱਦੁਲਾ, ਮੀਰ ਆਤਿਸ਼, ਕੋਤਵਾਲ, ਅਤੇ ਉੱਚ ਫੌਜੀ ਮੁਖੀ ਇਸ ਮੌਕੇ ਤੇ ਹਾਜ਼ਰ ਸਨ, ਅਤੇ ਸਿੱਖ ਕੈਦੀਆਂ ਦੀਆਂ ਹਰਕਤਾਂ ਤੇ ਕਰੜੀ ਨਿਗਰਾਨੀ ਰੱਖ ਰਹੇ ਸਨ। ਫਰੁਖ਼ਸੀਅਰ ਦੇ ਚਿਹਰੇ ਤੇ ਹਵਾਈਆਂ ਉੱਡ ਰਹੀਆ ਸਨ, ਕਿਉਂਕਿ ਪੰਜਾਂ ਕੁ ਮਹੀਨਿਆ ਦੀ ਸਖ਼ਤੀ ਅਤੇ ਬੰਦੀ ਵੀ, ਇਹਨਾਂ ਸਮੂਹ ਸਿੱਖਾਂ ਦੇ ਮਨੋਬਲ ਨੂੰ ਡਾਵਾਂ ਡੋਲ ਨਹੀਂ ਸੀ ਕਰ ਸਕੀ, ਤੇ ਉਹ ਪਹਿਲੇ ਦਿਨ ਵਾਂਗ ਹੀ ਚੜ੍ਹਦੀ ਕਲਾ ਦੇ ਰੌ ਵਿਚ ਸਨ। ਫਰੁਖ਼ਸੀਅਰ ਨੇ ਵੇਖਿਆ, ਕਿ ਬੰਦਾ ਸਿੰਘ ਬਹਾਦਰ ਦੇ ਚਿਹਰੇ ਤੋਂ ਇਕ ਤਰ੍ਹਾਂ ਨਾਲ ਪੂਰਨ ਸ਼ਾਂਤੀ ਤੇ ਸੰਤੁਸ਼ਟਤਾ ਝਲਕਾਂ ਮਾਰ ਰਹੀ ਸੀ। ਉਸ ਦੀਆਂ ਤਿੱਖੀਆਂ ਅੱਖਾਂ 'ਚੋਂ ਅਨੋਖਾ ਹੀ ਨੂਰ ਤੇ ਸਰੂਰ ਝਲਕਦਾ ਸੀ। ਫਰੁਖਸੀਅਰ ਇਹ ਸਭ ਕੁਝ ਵੇਖ ਕੇ ਝੁੰਝਲਾ ਉਠਿਆ, ਕਿਉਂਕਿ ਕਿਸੇ ਵੀ ਯੋਧੇ ਸਿੰਘ ਦੇ ਚਿਹਰੇ ਤੇ ਉਹਨੂੰ ਉਦਾਸੀ ਦੀ ਝਲਕ ਤੱਕ ਨਹੀਂ ਸੀ ਵਿਖਾਈ ਦੇ ਰਹੀ। ਹਾਲਾਂਕਿ ਉਹ ਚੰਗੀ ਤਰ੍ਹਾਂ ਜਾਣਦੇ ਸਨ, ਕਿ ਅੱਜ ਉਹ ਇਸ ਮਨੁੱਖੀ ਜਾਮੇ ਨੂੰ ਤਿਆਗਣ ਵਾਲੇ ਹਨ। ...ਤੇ ਇਹਨਾਂ ਸਮੂਹ ਸਿੱਖ ਜਰਨੈਲਾਂ ਨੂੰ ਸੰਗਲਾਂ ਵਿਚ ਨੂੜ ਕੇ ਗੱਡਿਆਂ ਤੇ ਬਿਠਾ ਦਿੱਤਾ ਗਿਆ, ਅਤੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਲੋਕਾਂ ਵਿਚ ਠਿਠ ਕਰਨ ਲਈ, ਲਾਲ ਰੰਗ ਦਾ ਪਹਿਰਾਵਾ ਪਹਿਨਾਇਆ ਗਿਆ, ਅਤੇ ਫਿਰ ਹਾਥੀ ਤੇ ਬਿਠਾ ਦਿਤਾ ਗਿਆ। ਇਸ ਵੇਲੇ, ਚਵ੍ਹਾਂ ਕੁ ਸਾਲਾਂ ਦੇ ਉਸ ਦੇ ਸ਼ਹਿਜ਼ਾਦੇ ਅਜੈ ਸਿੰਘ ਨੂੰ, ਉਸਦੀ ਮਾਂ ਕੋਲੋਂ ਖੋਹ ਕੇ ਲਿਆਂਦਾ ਗਿਆ, ਤੇ ਉਸ ਨੂੰ ਵੀ ਬੰਦਾ ਸਿੰਘ ਬਹਾਦਰ ਦੀ ਗੋਦ ਵਿਚ ਦੇ ਦਿੱਤਾ ਗਿਆ। ਅਜੈ ਸਿੰਘ ਨੇ ਅੱਜ ਪਹਿਲੀ ਵਾਰ ਆਪਣੇ ਬਹਾਦਰ ਪਿਤਾ ਦੀ ਗੋਦ ਮਾਣੀ ਹੈ। ਉਹ ਬੰਦਾ ਸਿੰਘ ਦੀ ਛਾਤੀ ਨਾਲ ਚਿੰਬੜਿਆ, ਪਰ ਬੰਦਾ ਸਿੰਘ ਬਿਲਕੁਲ ਅਹਿਲ ਤੇ ਅਡੋਲ ਹੀ ਬੈਠਾ ਰਿਹਾ, ਪਰ ਉਸ ਦਾ ਹੱਥ ਬਰਾਬਰ ਅਜੈ ਸਿੰਘ ਦੇ ਸਿਰ ਤੇ ਫਿਰਦਾ ਰਿਹਾ, ਤੇ ਉਸਦੇ ਦਿਲ ਚੋਂ ਆਵਾਜ਼ ਆਉਂਦੀ ਰਹੀ :

"ਜਿਸ ਕੀ ਬਸਤੁ ਤਿਸੁ ਆਗੈ ਰਾਖੈ ॥
ਪ੍ਰਭ ਕੀ ਆਗਿਆ ਮਾਨੈ ਮਾਥੈ ॥
ਉਸਤੇ ਚਉਗੁਨ ਕਰੈ ਨਿਹਾਲੁ ॥
ਨਾਨਕ ਸਾਹਿਬੁ ਸਦਾ ਦਇਆਲੁ ॥"

ਵਾਹ ! ਧੰਨ ਹਨ, ਬਾਬਾ ਬੰਦਾ ਸਿੰਘ ਜੀ। ਹੋਰ ਕੋਈ ਆਮ ਬਾਪ ਹੁੰਦਾ, ਤਾਂ ਉਹ ਜਜ਼ਬਾਤ ਦੇ ਰੌਅ ਵਿਚ ਵਹਿ ਕੇ ਭੁੱਬਾਂ ਮਾਰ-2 ਕੇ ਕੁਰਲਾ ਉਠਦਾ, ਤੇ ਆਪਣੇ ਮਾਸੂਮ ਪੁੱਤਰ ਦਾ ਮੂੰਹ ਮੱਥਾ ਚੁੰਮਦਾ ਨਾ ਥੱਕਦਾ, ਪਰ ਬਾਬਾ ਬੰਦਾ ਸਿੰਘ ਦੇ ਬੁਲ੍ਹ ਪਹਿਲਾਂ ਦੀ ਤਰ੍ਹਾਂ ਹੀ ਫਰਕਦੇ ਰਹੇ, ਅਤੇ ਉਸਦੇ ਚਿਹਰੇ ਤੇ ਪਹਿਲਾਂ ਦੀ ਤਰ੍ਹਾਂ ਹੀ ਸ਼ਾਂਤੀ, ਧੀਰਜ ਅਵਸਥਾ ਦੀ ਪ੍ਰਤੀਕ ਬਰਕਰਾਰ ਰਹੀ, ਪਰ ਬੰਦਾ ਸਿੰਘ, ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਚਰਨਾਂ ਵਿਚ, ਸੱਚੇ ਹਿਰਦਿਉਂ ਇਉਂ ਅਰਦਾਸਾਂ ਕਰਨ ਵਿਚ ਮਗਨ ਸੀ :

ਸੱਚੇ ਪਾਤਸ਼ਾਹੋ, ਆਪਣੇ ਭੁੱਲੜ ਬੱਚਿਆਂ ਨੂੰ ਹਿੰਮਤ ਬਖ਼ਸ਼ਣਾ, ਬਿਰਧ ਬਾਣੇ ਦੀ ਲਾਜ ਰੱਖਣਾ ਸੱਚੇ ਪਾਤਸ਼ਾਹੋ, ਕਿ ਅਸੀਂ ਤੇਰੇ ਚਰਨਾਂ ਦੇ ਭੌਰੇ, ਖੁਸ਼ੀ-2 ਸ਼ਹਾਦਤ ਦੀ ਪ੍ਰੇਮ ਗਲੀ ਨੂੰ ਪਾਰ ਕਰ ਸਕੀਏ। ਸੱਚੇ ਪਾਤਸ਼ਾਹੋ, ਆਪਣੇ ਚਰਨਾ ਦੀ ਪ੍ਰੀਤੀ ਬਖ਼ਸ਼ੋ ਪਾਤਸ਼ਾਹ :

"ਰਾਜ ਨਾ ਚਾਹਉ, ਮੁਕਤ ਨਾ ਚਾਹਉ,
ਮਨ ਪ੍ਰੀਤ ਚਰਨ ਕਮਲਾ ਰੇ ॥"

ਪਾਤਸ਼ਾਹੋ...ਇਹ ਆਪਣੇ ਨਾਦਾਨ ਤੇ ਮਾਸੂਮ ਅਜੈ ਸਿੰਘ ਨੂੰ ਵੀ ਸਿੱਖੀ ਦਾਨ ਤੇ ਸ਼ਹਾਦਤ ਦਾ ਦਾਨ ਬਖ਼ਸ਼ੋ, ਤਾਂ ਜੋ ਇਹ ਮਾਸੂਮ ਵੀ ਖ਼ੁਸ਼ੀ ਖ਼ੁਸ਼ੀ ਸ਼ਹਾਦਤ ਦੀ ਪਰਮ ਪਦਵੀ ਪ੍ਰਾਪਤ ਕਰ ਸਕੇ ਅਤੇ ਗੁਰੂ ਚਰਨਾਂ ਵਿਚ ਨਿਵਾਸ ਕਰ ਸਕੇ।"

...ਇਧਰ ਫਰੁਖਸੀਅਰ ਨੇ ਫੌਜੀਆਂ ਨੂੰ ਨੰਗੀਆਂ ਤਲਵਾਰਾਂ ਨਾਲ, ਇਹਨਾਂ ਗੁਰਸਿੱਖਾਂ ਦੀ ਨਿਗਰਾਨੀ ਲਈ ਨਿਯੁਕਤ ਕੀਤਾ ਅਤੇ ਇਹਨਾਂ ਨੂੰ ਵਿਸ਼ੇਸ਼ ਹਦਾਇਤਾਂ ਦਿਤੀਆਂ, ਕਿ ਜੇ ਕੋਈ ਕੈਦੀ ਸਿੱਖ ਦੌੜਨ ਦੀ ਕੋਸ਼ਿਸ਼ ਕਰੇ, ਤਾਂ ਉਸਦਾ ਸਿਰ, ਉਸੇ ਸਮੇਂ ਬਿਨਾਂ ਹੁਕਮ ਲਏ ਹੀ, ਕਲਮ ਕਰ ਦਿਤਾ ਜਾਏ। ...ਤੇ ਇਉਂ ਇਹਨਾਂ ਗੁਰਸਿੱਖਾਂ ਨੂੰ ਦਿੱਲੀ ਸ਼ਹਿਰ ਦੇ ਬਾਜ਼ਾਰਾਂ ਵਿਚ ਇਕ ਜਲੂਸ ਦੀ ਸ਼ਕਲ ਵਿਚ


www.AKJ.Org

ਲਿਜਾਇਆ ਤੇ ਘੁਮਾਇਆ ਗਿਆ। ਦਿੱਲੀ ਦੇ ਲੋਕ ਹੁੰਮ ਹੁੰਮਾ ਕੇ, ਉਸੇ ਤਰ੍ਹਾਂ ਬਾਜ਼ਾਰਾਂ ਤੇ ਗਲੀਆਂ ਵਿਚ ਨਿਕਲੇ, ਜਿਵੇਂ ਕਿ ਪੰਜ ਕੁ ਮਹੀਨੇ ਪਹਿਲਾਂ ਬਾਬਾ ਬੰਦਾ ਸਿੰਘ ਤੇ ਉਸਦੇ ਸਾਥੀ ਸਿੱਖਾਂ ਦੇ ਜਲੂਸ ਨੂੰ ਵੇਖਣ ਲਈ ਆਏ ਸਨ। ਓਦੋਂ ਉਸ ਜਲੂਸ ਦੀ ਅਗਵਾਈ ਜ਼ਕਰੀਆ ਖ਼ਾਨ, ਸੂਬੇਦਾਰ ਲਾਹੌਰ ਦਾ ਪੁੱਤਰ ਕਰ ਰਿਹਾ ਸੀ, ਤੇ ਹੁਣ ਖ਼ੁਦ ਮੁਗ਼ਲ ਬਾਦਸ਼ਾਹ ਫਰੁਖ਼ਸੀਅਰ, ਜਲੂਸ ਵਿਚ ਹਾਥੀ ਤੇ ਸਵਾਰ ਹੋ ਕੇ ਸ਼ਾਮਲ ਹੋਇਆ ਸੀ। ਇਹਨਾਂ ਤਮਾਸ਼ਬੀਨਾਂ ਵਿਚ, ਕਈ ਅਜਿਹੇ ਮੁਸਲਮਾਨ ਇਨਸਾਨੀਅਤ ਨਾਲ ਭਰਪੂਰ, ਹਿਰਦੇ ਵਿਚ ਦਰਦ ਰਖਣ ਵਾਲੇ ਵੀ ਹੋਣਗੇ ਜ਼ਰੂਰ, ਪਰ ਇਹਨਾਂ ਬਾਰੇ ਇਤਿਹਾਸ ਖ਼ਾਮੋਸ਼ ਹੈ। ਆਖ਼ਰ ਦਿੱਲੀ ਦੀ ਗਹਿਮਾ-ਗਹਿਮੀ ਨੂੰ ਛੱਡ ਕੇ, ਜਲੂਸ ਮਹਿਰੌਲੀ ਪਹੁੰਚਿਆ। ਬਾਬਾ ਬੰਦਾ ਸਿੰਘ ਬਹਾਦਰ ਨੂੰ ਆ-ਜਹਾਨੀ ਬਾਦਸ਼ਾਹ ਬਹਾਦਰ ਸ਼ਾਹ ਦੇ ਮਕਬਰੇ ਦੇ ਇਰਦ ਗਿਰਦ ਘੁਮਾਇਆ ਗਿਆ, ਤੇ ਫਿਰ ਇਕ ਉਜਾੜ ਤੇ ਵੀਰਾਨ ਥਾਂ ਤੇ ਬਾਬਾ ਬੰਦਾ ਸਿੰਘ ਤੇ ਉਸਦੇ ਸਾਥੀ ਜਰਨੈਲਾਂ ਤੇ ਸਰਦਾਰਾਂ ਨੂੰ ਇਕੱਤਰ ਕੀਤਾ ਗਿਆ। ਬਾਬਾ ਬੰਦਾ ਸਿੰਘ ਬਹਾਦਰ ਨੇ ਚੌਕੜੀ ਮਾਰ ਲਈ, ਤੇ ਅਜੈ ਸਿੰਘ ਨੂੰ ਫਿਰ ਉਸਦੀ ਗੋਦ ਵਿਚ ਦੇ ਦਿਤਾ ਗਿਆ। ਪਿਉ ਪੁੱਤਰ ਦਾ ਇਹ ਆਖ਼ਰੀ ਮਿਲਾਪ ਸੀ। ਬਾਦਸ਼ਾਹ ਫਰੁਖਸੀਅਰ ਖ਼ੁਦ ਮੌਕੇ ਤੇ ਆ ਗਿਆ। ਦਿੱਲੀ ਦੇ ਕੁਝ ਚੋਣਵੇਂ ਵੱਡੇ ਵੱਡੇ ਲੋਕ, ਤੇ ਤਾਰੀਖ਼ਦਾਨ ਵੀ ਇਸ ਮੌਕੇ ਤੇ ਮੌਜੂਦ ਸਨ। ਦੂਰ ਦੂਰ ਤਕ ਹਿਫਾਜ਼ਤੀ ਇੰਤਜ਼ਾਮ ਲਈ, ਫੌਜ ਪਹਿਰੇ ਤੇ ਤਾਇਨਾਤ ਕਰ ਦਿੱਤੀ ਗਈ ਸੀ। ਕੁਝ ਪਲ ਫਰੁਖ਼ਸੀਅਰ ਨੇ ਕੁਝ ਸੋਚਿਆ ਤੇ ਫਿਰ ਅੱਗੇ ਵਧ ਕੇ ਉਹ ਬਾਬਾ ਬੰਦਾ ਸਿੰਘ ਬਹਾਦਰ ਨੂੰ ਇਉਂ ਸੰਬੋਧਨ ਹੋਇਆ:

ਫਰੁਖਸੀਅਰ : ਹੂੰ ! ਬੰਦਾ ਸਿੰਘ, ਹੁਣ ਤੇਰੀ ਜ਼ਿੰਦਗੀ ਦੇ ਆਖ਼ਰੀ ਲਮਹੇ ਹਨ। ਇਸ ਪਿਛੋਂ ਤੂੰ ਕਤਲ ਕਰ ਦਿੱਤਾ ਜਾਏਗਾ। ਬੋਲ, ਤੂੰ ਕਿਵੇਂ ਮਹਿਸੂਸ ਕਰ ਰਿਹੈਂ, ਇਸ ਵਕਤ, ਆਪਣੀ ਮੌਤ ਨੂੰ, ਆਪਣੇ ਰੂ-ਬਰੂ ਵੇਖ ਕੇ?

ਬੰਦਾ ਸਿੰਘ : (ਬੜੀ ਸਹਿਜ ਅਵਸਥਾ ਵਿਚ ਹੀ)

"ਕਬੀਰ, ਜਿਸ ਮਰਨੇ ਤੇ ਜਗੁ ਡਰੈ, ਮੇਰੇ ਮਨ ਆਨੰਦੁ॥
ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ॥੨੨॥

ਫਰੁਖ਼ਸੀਅਰ : ਅਗਰ ਤੂੰ ਆਪਣੀ ਜ਼ਿੰਦਗੀ ਦਰਾਜ਼ ਕਰਨ ਦਾ ਖ਼ਾਹਿਸ਼ਮੰਦ ਹੋਵੇਂ, ਤਾਂ ਦੀਨ ਮੁਹੰਮਦੀ ਅਖ਼ਤਿਆਰ ਕਰ ਕੇ ਆਪਣੀ ਜਾਨ ਬਚਾ ਸਕਦੈਂ।

ਬੰਦਾ ਸਿੰਘ : ਫਰੁਖ਼ਸੀਅਰ, ਤੂੰ ਨਾਦਾਨ ਏਂ। ਤੂੰ ਸਾਡੇ ਸਿੱਖ ਧਰਮ ਬਾਰੇ ਅਨਜਾਣ ਏਂ। ਜੇ ਸਤਿਗੁਰੂ ਗੋਬਿੰਦ ਸਿੰਘ ਮਹਾਂਪੁਰਖ ਦੇ, ਛੇ ਤੇ ਅੱਠ ਸਾਲਾਂ ਦੇ ਬੀਰ ਸਪੁੱਤਰ ਸਿੱਖ ਧਰਮ ਖ਼ਾਤਰ, ਮੌਤ ਨਾਲ ਬਗ਼ਲਗੀਰ ਹੋ ਸਕਦੇ ਨੇ, ਤਾਂ ਮੈਂ ਤੇ ਆਪਣੀ ਜ਼ਿੰਦਗੀ ਦਾ ਬਿਹਤਰੀਨ ਸਫਰ ਤੈਅ ਕਰ ਚੁੱਕਾਂ, ਮੇਰੇ ਲਈ ਜ਼ਿੰਦਗੀ ਕੀ ਵੁਕਤ ਰਖਦੀ ਏ। ਮੈਂ ਤੇ ਹਮੇਸ਼ਾਂ ਹੀ ਸ਼ਹਾਦਤ ਪ੍ਰਾਪਤ ਕਰਨ ਲਈ ਤਤਪਰ ਰਿਹਾਂ।

ਫਰੁਖ਼ਸੀਅਰ : (ਕੁਝ ਸਖ਼ਤ ਲਹਿਜੇ ਵਿਚ) ਹੂੰ ! ਮਗਰ, ਜਦੋਂ ਤੇਰੇ ਬੇਟੇ ਦਾ ਕਲੇਜਾ ਚਾਕ ਕਰ ਕੇ, ਤੇਰੇ ਮੂੰਹ ਵਿਚ ਠੋਸਿਆ ਗਿਆ, ਮੌਤ ਤੇ ਜ਼ਿੰਦਗੀ ਦਾ ਫਰਕ ਵੀ ਤੈਨੂੰ ਓਦੋਂ ਹੀ ਪਤਾ ਲਗੇਗਾ। ਬੰਦਾ ਸਿੰਘ! ਅਜੇ ਮੌਕਾ ਹੈ, ਸੋਚ ਸਮਝ ਲੈ, ਅੱਛੀ ਤਰ੍ਹਾਂ।

ਬੰਦਾ ਸਿੰਘ : ਫਰੁਖ਼ਸੀਅਰ, ਚਾਂਦਨੀ ਚੌਕ ਵਿਚ, ਧਰਮ ਅੰਰ ਇਨਸਾਨੀ ਆਜ਼ਾਦੀ ਖ਼ਾਤਰ, ਆਪਣਾ ਸੀਸ ਕਟਵਾਉਣ ਵਾਲੇ ਸਤਿਗੁਰੂ ਤੇਗ ਬਹਾਦਰ ਜੀ ਦਾ ਫੁਰਮਾਨ ਹੈ:

"ਚਿੰਤਾ ਤਾਕੀ ਕੀਜੀਐ, ਜੋ ਅਨਹੋਨੀ ਹੋਇ॥
ਇਹ ਮਾਰਗੁ ਸੰਸਾਰ ਕੋ, ਨਾਨਕ ਥਿਰੁ ਨਹੀ ਕੋਇ॥"

ਫਰੁਖ਼ਸੀਅਰ : ਇਹ ਕੀ ਪੜ੍ਹਦਾ ਹੈ ਕਾਜ਼ੀ ਸਹਿਬ?

ਕਾਜ਼ੀ : ਹਜ਼ੂਰ, ਇਹ ਆਪਣੇ ਪੀਰ ਦਾ ਕਲਾਮ ਪੜ੍ਹਦੈ, ਅੰਰ ਇਸ ਤਰ੍ਹਾਂ ਆਪਣੀ ਮੌਤ ਦਾ ਖ਼ੌਫ ਦੂਰ ਕਰਨਾ ਚਾਹੁੰਦੈ।

ਬੰਦਾ ਸਿੰਘ : ਫਰੁਖ਼ਸੀਅਰ, ਸੁਣ

"ਕਬੀਰ, ਮਰਤਾ ਮਰਤਾ ਜਗੁ ਮੂਆ,
ਮਰ ਭੀ ਨ ਜਾਨਿਆ ਕੋਇ॥
ਐਸੇ ਮਰਨੇ ਜੋ ਮਰੈ, ਬਹੁਰਿ ਨ ਮਰਨਾ ਹੋਇ॥੨੯॥

ਫ਼ਰੁਖਸੀਅਰ : ਮਗਰ ਤੂੰ ਖ਼ੁਦ ਇਕ ਆਲਮ ਫਾਜ਼ਲ ਹੋ ਕੇ, ਆਖ਼ਰ ਇਹ ਜ਼ੁਲਮ ਕਿਉਂ ਤੋੜੇ? ਏਨੀ ਤਬਾਹੀ ਕਿਉਂ ਮਚਾਈ ਸਾਡੀ ਸਲਤਨਤ ਵਿਚ?

ਬੰਦਾ ਸਿੰਘ : (ਉਸੇ ਤਰ੍ਹਾਂ ਸਹਿਜਤਾ ਵਿਚ) ਫਰੁਖ਼ਸੀਅਰ! ਮੈਂ ਆਪਣੇ ਕਰਤੱਵ ਦਾ ਪਾਲਨ ਕੀਤਾ ਹੈ, ਅੰਰ ਮਹਾਂਪੁਰਖ, ਗੁਰੂ ਗੋਬਿੰਦ ਸਿੰਘ, ਸੱਚੇ ਪਾਤਸ਼ਾਹ ਦੇ ਫੁਰਮਾਨ ਦੇ ਮੁਤਾਬਿਕ ਹੀ ਖੰਡਾ ਖੜਕਾਇਆ ਹੈ। ਉਹਨਾਂ ਦੀ ਜ਼ਿੰਦਗੀ ਦਾ ਉਦੇਸ਼ ਹੀ ਹਰ ਗੁਰਸਿੱਖ ਦਾ ਉਦੇਸ਼ ਰਿਹਾ ਹੈ। ਸੱਚੇ ਸਾਹਿਬ ਦਾ ਫੁਰਮਾਨ ਹੈ:

"ਇਹੈ ਕਾਜ ਧਰਾ ਹਮ ਜਨਮੰ ॥


www.AKJ.Org

ਸਮਝ ਲੇਹੁ ਸਾਧੂ ਸਭ ਮਨਮੰ ॥
ਧਰਮ ਚਲਾਵਨ, ਸੰਤ ਉਬਾਰਨ ॥
ਦੁਸ਼ਟ ਸਭਨ ਕੋ ਮੂਲ ਉਪਾਰਨ ॥"

**ਫਰੁਖ਼ਸੀਅਰ** : (ਭੱਖ ਕੇ) ਬੋਲ ਕਾਫਰ! ਤੈਨੂੰ ਕੈਸੀ ਮੌਤ ਪਸੰਦ ਹੈ?

**ਬੰਦਾ ਸਿੰਘ** : ਜਿਹੋ ਜਿਹੀ ਮੌਤ ਫਰੁਖ਼ਸੀਅਰ,..ਤੂੰ ਆਪਣੇ ਲਈ ਪਸੰਦ ਕਰਦਾ ਹੈਂ।

**ਸਰਬਰਾਹ ਖਾਨ** : (ਗ਼ੁੱਸੇ ਵਿਚ ਭੁੜਕ ਕੇ) ਬਕਵਾਸ ਮੱਤ ਕਰੋ ਬੰਦਾ ਸਿੰਘ। ਤੂੰ ਜਾਣਦਾ ਨਹੀਂ, ਤੂੰ ਕਿਸ ਦੇ ਰੂਬਰੂ ਆਪਣੀ ਜ਼ਬਾਨ ਚਲਾ ਰਿਹੈਂ ।

**ਬੰਦਾ ਸਿੰਘ** : (ਮੁਸਕਰਾ ਕੇ) ਫਰੁਖ਼ਸੀਅਰ! ਤਾਅ ਨਾ ਖਾ, ਬਈ ਗੁਮਾਨ ਨਾ ਕਰ, ਕਿਉਂਕਿ ਗੁਰੂ ਤੇਗ ਬਹਾਦਰ ਸਾਹਿਬ ਦਾ ਫੁਰਮਾਨ ਹੈ :

"ਰਾਮ ਗਇਓ, ਰਾਵਨੁ ਗਇਓ ਜਾ ਕਉ ਬਹੁ ਪਰਵਾਰ॥
ਕਹੁ ਨਾਨਕ ਥਿਰੁ ਕਛੁ ਨਹੀ ਸੁਪਨੇ ਜਿਉ ਸੰਸਾਰਿ॥"

**ਫਰੁਖ਼ਸੀਅਰ** : ਅਸੀਂ ਤੇਰੇ ਸ਼ੀਰਖ਼ੋਰ ਬੱਚੇ ਨੂੰ ਪਹਿਲਾਂ ਕਤਲ ਕਰਾਵਾਂਗੇ। ਫੜ ਇਹ ਕਟਾਰ, ਔਰ ਚਾਕ ਕਰ ਦੇ ਕਲੇਜਾ ਆਪਣੇ ਬੱਚੇ ਦਾ...ਆਪਣੇ ਹੱਥਾਂ ਨਾਲ।

**ਬੰਦਾ ਸਿੰਘ** : (ਉਸੇ ਤਰ੍ਹਾਂ ਸਹਿਜ ਅਵਸਥਾ ਵਿਚ ਹੀ) ਮੈਂ ਤੇ ਫਰੁਖ਼ਸੀਅਰ, ਕਦੇ ਆਪਣੇ ਦੁਸ਼ਮਣ ਦੇ ਬੱਚੇ ਤੇ ਵੀ ਹੱਥ ਨਹੀਂ ਉਠਾਇਆ, ਆਪਣੀ ਸਾਰੀ ਜ਼ਿੰਦਗੀ ਵਿਚ, ਫਿਰ ਇਹ ਤੇ ਮੇਰਾ ਆਪਣਾ ਖ਼ੂਨ ਹੈ।

**ਫਰੁਖ਼ਸੀਅਰ** : ਤੂੰ ਨਹੀਂ ਕਰੇਂਗਾ, ਤਾਂ ਅਸੀਂ ਕਤਲ ਕਰਵਾ ਦਿਆਂਗੇ। ਇਸ ਦਾ ਪੇਟ ਚਾਕ ਕਰ ਕੇ ਕਲੇਜਾ ਤੇਰੇ ਮੂੰਹ ਵਿੱਚ ਠੋਸ ਦਿਆਂਗੇ...ਹਾ-ਹਾ-ਹਾ...।

(ਸ਼ੈਤਾਨੀ ਹਾਸਾ ਹੱਸਦਾ ਹੈ। ਪਰੰਤੂ ਸਭ ਤਰਫ ਸੱਨਾਟਾ ਛਾਇਆ ਰਹਿੰਦਾ ਹੈ।)

**ਬੰਦਾ ਸਿੰਘ** : (ਧੀਰਜ ਨਾਲ) ਸ਼ੀਰਖ਼ੋਰ ਬੱਚਿਆਂ ਦੇ ਖ਼ੂਨ ਵਿਚ ਹੱਥ ਰੰਗਣ ਵਾਲੇ ਵਜ਼ੀਰ ਖ਼ਾਨ ਦੀ ਰੂਹ ਨੂੰ ਵੀ ਜ਼ਰਾ ਪੁੱਛ ਦੇਖਣਾ, ਔਰ 'ਸਰਹਿੰਦ' ਦੀ ਦਰੋ ਦੀਵਾਰ ਨੂੰ ਵੀ ਪੁੱਛ ਦੇਖਣਾ ਪਹਿਲਾਂ।

**ਫਰੁਖ਼ਸੀਅਰ** : ਦੇਖ ਬੰਦਾ ਸਿੰਘ, ਇਕ ਤਰਫ ਸ਼ਾਹਾਨਾ ਜ਼ਿੰਦਗੀ ਹੈ, ਰਾਜ ਪਾਟ ਹੈ, ਔਰ ਦੂਸਰੀ ਤਰਫ ਮੌਤ ਦੀ ਬਰੀਕ ਗਲੀ। ਤੂੰ ਆਖ਼ਰੀ ਵਾਰ ਫਿਰ ਸੋਚ ਲੈ।

**ਬੰਦਾ ਸਿੰਘ** : ਫਰੁਖ਼ਸੀਅਰ...
"ਜੋ ਉਪਜਿਓ ਸੋ ਬਿਨਸਿ ਹੈ, ਪਰੋ ਆਜੁ ਕੈ ਕਾਲ॥
ਨਾਨਕ ਹਰਿ ਗੁਨ ਗਾਇ ਲੇ, ਛਾਡਿ ਸਗਲ ਜੰਜਾਲ॥"

**ਫਰੁਖ਼ਸੀਅਰ** : ਮਗਰ ਬੰਦਾ ਸਿੰਘ, ਇੱਕ ਗੱਲ ਯਾਦ ਰਖੀਂ, ਅਸੀਂ ਤੈਨੂੰ ਆਸਾਨ ਔਰ ਆਮ ਜਿਹੀ ਮੌਤ ਨਹੀਂ ਮਰਨ ਦਿਆਂਗੇ,...ਚਾਂਦਨੀ ਚੌਂਕ ਵਿਚ ਕਤਲ ਹੋਏ ਸੱਤ ਸੌ ਤੇਰੇ ਹਮਰਾਹੀ ਸਿੱਖਾਂ ਵਾਂਗ, ਕਿਉਂਕਿ ਤੂੰ ਮੁਗ਼ਲ ਹਕੂਮਤ ਦਾ ਬਾਗ਼ੀ ਹੈਂ, ਅਜ਼ੀਮ ਬਾਗ਼ੀ।

**ਬੰਦਾ ਸਿੰਘ** : (ਅੱਖਾਂ ਬੰਦ ਕਰ ਕੇ)
"ਬਲੁ ਹੋਆ ਬੰਧਨ ਛੁਟੇ ਸਭ ਕਿਛੁ ਹੋਤ ਉਪਾਇ॥
ਨਾਨਕ ਸਭ ਕਿਛੁ ਤੁਮਰੈ ਹਾਥ ਮੈ ਤੁਮ ਹੀ ਹੋਤ ਸਹਾਇ॥"

**ਫਰੁਖ਼ਸੀਅਰ** : ਬੰਦਾ ਸਿੰਘ, ਕੁਛ ਹੋਸ਼ ਦੀ ਗੱਲ ਕਰ, ਅੱਖਾਂ ਖੋਹਲ ਕੇ ਦੇਖ, ਕਿ ਤੂੰ ਇਹ ਗੁਫਤਗੂ ਕਿਸ ਨਾਲ ਕਰ ਰਿਹੈਂ? ਤੂੰ ਸਾਡੇ ਰੂ-ਬਰੂ ਏਂ ਬੰਦਾ ਸਿੰਘ, ਸ਼ਹਿਨਸ਼ਾਹੇ ਮੁਗ਼ਲੀਆ, ਫਰੁਖ਼ਸੀਅਰ ਦੇ ਰੂ-ਬਰੂ, ਜਿਸਦੀ ਜ਼ਬਾਨ ਚੋਂ ਨਿਕਲਿਆ ਇਕ ਜੁਮਲਾ, ਤੇਰੀ ਬੱਦ-ਤਰੀਂ ਮੌਤ ਵੀ ਬਣ ਸਕਦੈ,...ਔਰ ਤੈਨੂੰ ਸ਼ਾਹਾਨਾ ਜ਼ਿੰਦਗੀ ਵੀ ਬਖ਼ਸ਼ ਸਕਦੈ।

**ਬੰਦਾ ਸਿੰਘ** : (ਪਹਿਲਾਂ ਵਾਂਗ ਹੀ)
"ਕੀਜੈ ਤਵਾਜ਼ਿਆ ਨਾ ਕੀਜੇ ਗੁਮਾਨ ॥
ਨ ਰਹਿਸੀ ਇਹ ਦੁਨੀਆ, ਨ ਰਹਿਸੀ ਦੀਵਾਨ ॥
ਹਾਥੀ ਵ ਘੋੜੇ ਵ ਲਸ਼ਕਰ ਹਜ਼ਾਰ ॥
ਹੋਵੇਂਗੇ ਗਰਕ ਕੁਛ ਲਾਗੈ ਨਾ ਬਾਰ ॥
ਦੁਨੀਆ ਕਾ ਦੀਵਾਨਾ ਕਹੇ ਮੁਲਖ਼ ਮੇਰਾ ॥
ਆਈ ਮੌਤ ਸਿਰ ਪਰ, ਨਾਂ ਤੇਰਾ ਨਾਂ ਮੇਰਾ ॥
ਕੇਤੀ ਗਈ ਦੇਖ ਵਾਜੇ ਵਜਾਇ ॥
ਵਹੀ ਏਕ ਰਹਿਸੀ, ਜੋ ਸਾਚਾ ਖ਼ੁਦਾਇ॥"

**ਫਰੁਖ਼ਸੀਅਰ** : (ਤੜਫ ਕੇ) ਬਸ, ਬਸ, ਬਹੁਤ ਹੋ ਚੁੱਕਾ, ਬਹੁਤ ਹੋ ਚੁੱਕਾ।

**ਬੰਦਾ ਸਿੰਘ** : ਹਾਕਮ ਕਹਾਵੈਂ, ਹਕੂਮਤ ਨ ਹੋਇ ॥
ਦੁਨੀਆਂ ਦਾ ਦੀਵਾਨਾ ਫਿਰੈ ਮਸਤ ਲੋਇ ॥
ਲੂਟੇ ਮੁਲਕ ਔਰ ਪਹਿਰ ਵ ਖਾਇ ॥
ਦੋਜ਼ਕ ਕੀ ਆਤਸ਼ ਮਾਰੇਗੀ ਜਲਾਇ ॥
ਗਰਬ ਸਿਉ ਨ ਦੇਖੋ, ਦੁਨੀਆ ਕੇ ਦੀਵਾਨੇ ॥


www.AKJ.Org

ਹਮੇਸ਼ਾਂ ਨ ਰਹਿਗੀ, ਤੂੰ ਐਸੀ ਨ ਜਾਨੋ ॥
ਉਠਾਵੇ ਸਭਾ ਉਸ ਕੋ ਲਾਗੇ ਨ ਬਾਰ ॥
ਕਿਸ ਕੀ ਯਿਹ ਦੁਨੀਆਂ, ਕਿਸ ਕੇ ਘਰ ਬਾਰ॥"

ਫਰੁਖ਼ਸੀਅਰ : (ਗੁੱਸੇ ਵਿਚ ਟਹਿਲਦਾ ਹੋਇਆ) ਸਾਡੇ ਸਬਰ ਦਾ ਪੈਮਾਨਾ ਲਬਰੇਜ਼ ਹੋ ਚੁੱਕਾ ਹੈ। ਮੀਰ ਆਤਿਸ਼, ਸਰਬਰਾਹ ਖ਼ਾਂ।

ਸਰਬਰਾਹ ਖਾਂ : ਹੁਕਮ ਆਲਮ ਪਨਾਹ ?

ਮੀਰ ਆਤਿਸ਼ : ਹੁਕਮ ਹਜ਼ੂਰ ?

ਫਰੁਖ਼ਸੀਅਰ : (ਅੱਖਾਂ ਲਾਲ ਕਰ ਕੇ) ਇਸ ਦੇ ਸ਼ੀਰਖ਼ੋਰ ਬੱਚੇ ਦਾ ਪੇਟ ਚਾਕ ਕਰ ਦਿਓ...ਔਰ ਉਸ ਦਾ ਕਲੇਜਾ ਇਸ ਬੇ-ਲਗਾਮ ਦੇ ਮੂੰਹ ਵਿਚ ਠੋਸ ਦਿਉ, ਫੌਰੀ।

ਬੰਦਾ ਸਿੰਘ : ਫਰੁਖ਼ਸੀਅਰ, ਸਾਡੇ ਲਈ ਇਹ ਕੋਈ ਨਵੀਂ ਗੱਲ ਨਹੀ, ਜੋ ਤੂੰ ਕਰ ਰਿਹੈਂ, ਕਿਉਂਕਿ ਫੁਰਮਾਨ ਹੈ :
"ਮਰਣ ਮੁਣਸਾ ਸੂਰਿਆ ਹਕੁ ਹੈ, ਜੋ ਹੋਇ ਮਰਨੋ ਪਰਵਾਣੋ॥"

ਫਰੁਖ਼ਸੀਅਰ : (ਗੁੱਸੇ ਵਿਚ ਕੰਬਦਾ ਹੋਇਆ) ਔਰ ਫਿਰ ਕਾਫਰ ਦੀਆ ਅੱਖਾ ਕੱਢ ਦਿੱਤੀਆਂ ਜਾਣ, ਜਿਹਨਾਂ ਨਾਲ ਇਹ ਸਾਡੇ ਵੱਲ ਬੜੀ ਬੇਬਾਕੀ ਨਾਲ ਦੇਖਣ ਦੀ ਜੁਰਅੱਤ ਕਰ ਰਿਹੈ।

ਸਰਬਰਾਹ ਖ਼ਾਨ : ਤਾਮੀਲੇ ਹੁਕਮ ਹੋਏਗਾ, ਆਲਮ ਪਨਾਹ।

ਬੰਦਾ ਸਿੰਘ : (ਕੁਛ ਮੁਸਕਰਾ ਕੇ) ਫਰੁਖ਼ਸੀਅਰ, ਉਹ ਵਕਤ ਦੂਰ ਨਹੀਂ, ਜਦੋਂ ਤੇਰੀਆਂ ਅੱਖਾਂ ਵੀ, ਮੇਰੀਆਂ ਅੱਖਾਂ ਵਾਂਗ ਹੀ ਕੱਢ ਦਿੱਤੀਆਂ ਜਾਣਗੀਆਂ। ਆਪਣੇ ਸਿਰ ਤੇ ਕੂਕਦੀ ਮੌਤ ਨੂੰ ਵੀ ਅੱਖਾਂ ਉਘਾੜ ਕੇ ਵੇਖ ਜ਼ਰਾ।

ਫਰੁਖ਼ਸੀਅਰ : ਜਲਾਦੋ, ਇਸ ਪਿਛੋਂ ਇਸ ਦੇ ਹੱਥ, ਪੈਰ, ਵਾਰੋ ਵਾਰੀ ਛਾਂਗ ਦਿਤੇ ਜਾਣ...ਔਰ ਗਰਮ-ਗਰਮ ਸਲਾਖਾਂ ਨਾਲ, ਇਸ ਦੇ ਜਿਸਮ ਦੀ ਬੋਟੀ ਬੋਟੀ ਨੋਚ ਲਈ ਜਾਏ, ਇੱਲਾ ਦੀ ਤਰ੍ਹਾਂ।

ਸਰਬਰਾਹ ਖ਼ਾਨ : ਜਲਾਦੋ, ਤਿਆਰ ਹੋ ਜਾਉ।

ਫਰੁਖ਼ਸੀਅਰ : ਸਰਬਰਾਹ ਖ਼ਾਂ, ਇਸ ਪਿਛੋ ਇਹਨਾਂ ਚਵੀਸ, ਇਸ ਦੇ ਸਾਥੀਆ ਨੂੰ ਪੁਛਿਆ ਜਾਏ, ਜੇ ਇਸਲਾਮ ਕਬੂਲ ਕਰਦੇ ਹੋਣ ਤਾਂ ਦਰੁਸਤ, ਵਰਨਾ ਇਹਨਾਂ ਨੂੰ ਵੀ ਇਕ ਇੱਕ ਕਰ ਕੇ ਮੌਤ ਦੇ ਘਾਟ ਉਤਾਰ ਦਿੱਤਾ ਜਾਵੇ........

...ਸੋ ਇਸ ਤਰ੍ਹਾਂ ਬਾਦਸ਼ਾਹ ਦੇ ਹੁਕਮ ਦੀ ਤਾਮੀਲ ਆਰੰਭ ਹੋ ਗਈ। ਜੱਲਾਦ ਨੇ ਅਜੈ ਸਿੰਘ ਨੂੰ ਬੰਦਾ ਸਿੰਘ ਦੀ ਗੋਦੀ ਵਿਚੋਂ ਬਾਹਰ ਧੂਹ ਲਿਆ, ਤੇ ਫਿਰ ਖੰਜਰ ਦੇ ਇਕੋ ਵਾਰ ਨਾਲ, ਅਜੈ ਸਿੰਘ ਦਾ ਪੇਟ ਚਾਕ ਕਰ ਦਿੱਤਾ। ਬੱਚਾ ਚਿਲਾਇਆ, ਔਰ ਤੜਫਿਆ ਹੈ। ਜੱਲਾਦ ਨੇ ਦਿਲ ਕੱਢ ਕੇ ਬੰਦਾ ਸਿੰਘ ਦੇ ਮੂੰਹ ਵਿਚ ਪਾਉਣ ਦੇ ਯਤਨ ਕੀਤੇ ਹਨ, ਮਗਰ ਬੰਦਾ ਸਿੰਘ ਨੇ ਥੁੱਕ ਦਿੱਤਾ ਹੈ। ਫਰੁਖ਼ਸੀਅਰ ਗੁੱਸੇ ਵਿਚ ਅੱਗ-ਬਗੋਲਾ ਹੋ ਉਠਿਆ ਹੈ। ਫਿਰ ਹੁਕਮ ਅਨੁਸਾਰ ਬੰਦਾ ਸਿੰਘ ਦੀਆਂ ਅੱਖਾਂ ਕੱਢ ਦਿਤੀਆਂ ਗਈਆਂ ਹਨ, ਪਰ ਸ਼ਾਬਾਸ਼ ਹੈ, ਕਲਗੀਧਰ, ਮਰਦ ਅਗੰਮੜੇ ਦੇ ਬੀਰ ਸਪੁੱਤਰ ਦੇ, ਜੋ ਸਭ ਕੁਝ ਬਰਦਾਸ਼ਤ ਕਰੀ ਜਾ ਰਿਹਾ ਹੈ। ਫਿਰ ਹੱਥ ਪੈਰ ਛਾਂਗ ਦਿੱਤੇ ਗਏ ਹਨ। ਖ਼ੂਨ ਦੇ ਫੁਹਾਰੇ ਚਲ ਪਏ ਹਨ। ਲੋਕ ਸਹਿਮੇ ਹੋਏ ਖੜੇ ਰਹਿੰਦੇ ਹਨ। ਫਿਰ ਜਲਾਦਾਂ ਨੇ ਲੰਮੀਆਂ ਤੇ ਗਰਮ ਸੀਖਾਂ ਨਾਲ ਉਸ ਦੇ ਜਿਸਮ ਦਾ ਮਾਸ ਨੋਚਿਆ ਹੈ, ਅੰਤ ਉਸ ਦੀ ਰੂਹ ਪ੍ਰਵਾਜ਼ ਕਰਕੇ, ਗੁਰੂ ਚਰਨਾਂ ਵਿਚ ਜਾ ਬਿਰਾਜਦੀ ਹੈ। ਤੇ ਇਸ ਪਿਛੋਂ, ਬਾਬਾ ਬੰਦਾ ਸਿੰਘ ਦੇ ਸੂਰਬੀਰ ਸਾਥੀ ਸਿੰਘਾਂ ਨੂੰ ਵੀ ਇਕ ਇਕ ਕਰ ਕੇ, ਸ਼ਹੀਦ ਕਰ ਦਿੱਤਾ ਗਿਆ ਹੈ। ਤੇ ਬਾਦਸ਼ਾਹ, ਲਾਲ ਕਿਲ੍ਹੇ, ਵੱਲ ਰਵਾਨਾ ਹੋ ਜਾਂਦਾ ਹੈ।

ਤੇ ਇਉਂ ਬਾਬਾ ਬੰਦਾ ਸਿੰਘ ਬਹਾਦਰ, ਬਾਬਾ ਅਜੈ ਸਿੰਘ, ਭਾਈ ਫਤਿਹ ਸਿੰਘ, ਭਾਈ ਬਾਜ ਸਿੰਘ, ਆਦਿ ਉਸ ਦੇ ਮਰਜੀਵੜੇ ਸਾਥੀ ਸਿੰਘ ਵੀ ਖਿੜੇ ਮੱਥੇ ਸ਼ਹਾਦਤਾਂ ਪਾ ਕੇ ਗੁਰੂ ਚਰਨਾਂ ਵਿਚ ਜਾ ਨਿਵਾਸ ਕਰਦੇ ਹਨ। ਪਰ ਇਹ ਅਜ਼ੀਮ ਤੇ ਲਾਸਾਨੀ ਸ਼ਹਾਦਤ, ਸਿੱਖ ਕੌਮ ਵਿਚ ਇਕ ਅਜਿਹੀ ਨਵੀਂ ਰੂਹ ਫੂਕਦੀ ਹੈ, ਕਿ ਕੁਝ ਸਮੇਂ ਪਿਛੋਂ, ਸਿੱਖ ਮੁਗ਼ਲ ਹਕੂਮਤ ਦਾ ਜੂਲਾ ਦੇਸ਼ ਦੇ ਗਲੋਂ ਲਾਹੁਣ ਲਈ ਇਕ ਲੰਮੇ ਸੰਘਰਸ਼ ਵਿਚ ਕੁੱਦ ਪੈਂਦੇ ਹਨ, ਅਤੇ ਅੰਤ ਜ਼ਾਲਮ ਤੇ ਲੋਕ-ਵਿਰੋਧੀ ਮੁਗ਼ਲ ਹਕੂਮਤ ਦਾ ਜੂਲਾ ਸਦਾ ਲਈ ਉਤਾਰ ਸੁੱਟਦੇ ਹਨ, ਅਤੇ ਇਉਂ ਸੁਤੰਤਰਤਾ ਨੂੰ, ਦੇਸ਼ ਹਿੰਦੁਸਤਾਨ ਦੀ ਸਰਦਲ ਤੇ ਲਿਆ ਖੜਾ ਕਰਦੇ ਹਨ।

## ਦਸਮ ਦੁਆਰ

ਸਾਡੇ ਸ਼ਰੀਰ ਵਿੱਚ ਨੌਂ ਦਰਵਾਜੇ (ਅੱਖਾਂ, ਨਾਸਾਂ, ਕੰਨ, ਮੂੰਹ ਆਦਿ) ਤਾਂ ਪ੍ਰਗਟ ਹਨ ਪਰ ਦਸਵਾਂ ਦੁਆਰ ਸਾਡੇ ਸੀਸ (ਸਿਰ) ਵਿੱਚ ਗੁਪਤ ਹੈ। ਦਸਮ ਦੁਆਰ ਸਾਡੇ ਸ਼ਰੀਰ ਵਿੱਚ ਸੱਚ ਖੰਡ ਹੈ ਜਿੱਥੇ ਪਰਮਆਤਮਾ (ਪ੍ਰਮਾਤਮਾ) ਦਾ ਨਿਵਾਸ ਹੈ ਜਿਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਥਨ ਕੀਤਾ ਹੈ:
"ਨਉ ਘਰ ਥਾਪੇ ਥਪਾਣਹਾਰੈ,
ਦਸਵੈ ਵਾਸਾ ਅਲਖ ਅਪਾਰੈ"। (ਪੰਨਾ ੧੦੩੬)
ਅਜੇਹੇ ਪਵਿੱਤਰ ਅਸਥਾਨ (ਸੀਸ) ਨੂੰ ਕੇਸਕੀ (ਛੋਟੀ ਦਸਤਾਰ) ਨਾਲ ਹਰ ਵੇਲੇ ਢਕ ਕੇ ਰੱਖਣਾ ਚਾਹੀਦਾ ਹੈ ਤਾਂ ਜੋ ਰਾਹਾਂ ਗਲੀਆਂ ਦਾ ਕੂੜਾ ਕਰਕਟ ਉਡ ਪੁਡ ਕੇ ਸਾਡੇ ਸਿਰ ਵਿੱਚ ਨਾ ਪਵੇ।
ਨਗਨ ਹੋਇ ਬਾਹਰ ਫਿਰੈ, ਨਗਨ ਸੀਸ ਜੋ ਖਾਇ ।
ਨਗਨ ਪ੍ਰਸਾਦਿ ਜੋ ਬਾਂਟਈ, ਤਨਖਾਹੀ ਬਡੋ ਕਹਾਇ।
(ਰਹਿਤਨਾਮਾ)


www.AKJ.Org

# ਸੋਈ ਪਿਆਰੇ ਮੇਲ

(ਪ੍ਰਿੰਸੀਪਲ ਗੁਰਮੁਖ ਸਿੰਘ ਜੀ)

ਮਾਸਟਰ ਜੋਗਿੰਦਰ ਸਿੰਘ ਜੀ ਬੜੂੰਦੀ ਅਖੰਡ ਕੀਰਤਨੀ ਜਥੇ ਦੇ ਆਦਰਸ਼ਕ ਸਿੱਖ ਜੀਵਨੀ ਜੀਉਣ ਵਾਲੇ ਗੁਰਸਿੱਖਾਂ ਵਿਚੋਂ ਇਕ ਸਨ। ਆਪ ਜੀ ਦਾ ਜਨਮ 1-11-1900 ਵਿਚ ਪਿੰਡ ਬੜੂੰਦੀ ਜ਼ਿਲਾ ਸੰਗਰੂਰ ਵਿਖੇ ਹੋਇਆ। ਆਪ ਨੇ ਮੈਟ੍ਰਿਕ ਪਾਸ ਕਰਨ ਉਪਰੰਤ ਟੀਚਿੰਗ ਲਾਈਨ ਵਿਚ ਸੇਵਾ ਕਰਨ ਹਿੱਤ ਉਸ ਸਮੇਂ ਦਾ ਜੇ. ਏ. ਵੀ. ਦਾ ਕੋਰਸ ਕਰਕੇ 1925 ਵਿਚ ਗੁਰੂ ਹਰਿ ਗੋਬਿੰਦ ਹਾਈ ਸਕੂਲ, ਗੁਰੂ ਸਰ ਸੁਧਾਰ ਵਿਚ ਟੀਚਰ ਲਗ ਗਏ। ਜਿਥੇ ਆਪ ਨੇ 1925 ਤੋਂ 1937 ਤਕ ਅਤੇ ਫਿਰ 1940 ਤੋਂ 59 ਤਕ 31 ਸਾਲ ਸਰਵਿਸ ਕੀਤੀ। 1937 ਤੋਂ 40 ਤਕ ਆਪ ਨੇ ਸ੍ਰੀ ਦਰਬਾਰ ਸਾਹਿਬ ਤਰਨਤਾਰਨ ਸਾਹਿਬ ਵਿਖੇ ਸਕੱਤਰ ਦੇ ਅਹੁਦੇ ਤੇ ਕੰਮ ਕੀਤਾ। ਬੜੂੰਦੀ ਤੋਂ ਗੁਰੂਸਰ ਸੁਧਾਰ 16 ਕਿਲੋਮੀਟਰ ਪੈਂਡਾ ਹੈ। ਰੋਜ਼ਾਨਾ ਆਪ ਨੇ ਸਾਈਕਲ ਤੇ ਪਿੰਡੋਂ ਆਉਣਾ। ਤੁਰਨ ਲਗਿਆਂ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਅਰੰਭ ਕਰ ਲੈਣਾ, ਸਕੂਲ ਅਪੜਨ ਤਕ ਪਾਠ ਦਾ ਇਕ ਭੋਗ ਪਾ ਲੈਂਦੇ। 3-7-1964 ਨੂੰ ਆਪ ਗੁਰੂ ਗੁਰੂ ਜਪਦੇ ਜਪਾਂਦੇ ਗੁਰਚਰਨਾਂ ਵਿਚ ਜਾ ਬਿਰਾਜੇ।

ਆਪ ਦੇ ਦੋਵੇਂ ਪੈਰ ਜਮਾਂਦਰੂ ਹੀ ਮੁੜੇ ਹੋਏ ਸਨ। ਗੋਡੇ ਤੋਂ ਹੇਠਲੀਆਂ ਲੱਗਾਂ ਭੀ ਠੀਕ ਤਰਾਂ ਵਿਕਸਤ ਨਹੀਂ ਸਨ, ਪਰ ਉਪਰਲਾ ਸਾਰਾ ਧੜ ਭਰਵਾਂ ਸੀ। ਸੋਹਣੇ ਸਜੀਲੇ ਦੀਦਾਰੀ ਸਿੰਘ ਸਨ। ਨਾਰੰਗਵਾਲ ਵਿਖੇ ਆਪ ਦੇ ਸ੍ਰੀ ਅਖੰਡ ਪਾਠ ਕਰਦੇ ਸਮੇਂ ਭਾਈ ਜੁਗਿੰਦਰ ਸਿੰਘ, ਮਾਲ ਅਫਸਰ, ਰਿਆਸਤ ਪਟਿਆਲਾ, ਦੇ ਮਨ ਵਿਚ ਆਪ ਨਾਲ ਆਪਣੀ ਲੜਕੀ ਦੀ ਸ਼ਾਦੀ ਕਰਨ ਦਾ ਫੁਰਨਾ ਉਠਿਆ ਜੋ ਉਹਨਾਂ ਭਾਈ ਸਾਹਿਬ ਰਣਧੀਰ ਸਿੰਘ ਜੀ ਨਾਲ ਸਾਂਝਾ ਕੀਤਾ। ਭਾਈ ਸਾਹਿਬ ਨੇ ਸਪਸ਼ਟ ਦੱਸ ਦਿਤਾ ਕਿ ਲੜਕਾ ਗੁਰਸਿੱਖੀ ਦੇ ਪੱਖੋਂ ਹਰ ਤਰ੍ਹਾਂ ਚੜ੍ਹਦੀਆਂ ਕਲਾਂ ਵਿਚ ਹੈ, ਪਰ ਲੱਤਾਂ ਪੈਰਾਂ ਦਾ ਨੁਕਸ ਜਮਾਂਦਰੂ ਹੈ। ਪੁਰਾਤਨ ਗੁਰ ਸਿੱਖ ਭੀ ਧੰਨ ਸਨ ਜਿਨਾ ਨੇ ਆਪਣੀ ਪਦ-ਪਦਵੀ ਦਾ ਕੋਈ ਗੁਮਾਨ ਨਾ ਕਰਦੇ ਹੋਏ ਇੱਕ ਗਰੀਬ ਪਰਿਵਾਰ ਦੇ ਗੁਣਵਾਨ ਸਿੱਖ ਨਾਲ, ਆਪਣੀ ਬੱਚੀ ਦਾ ਅਨੰਦ ਕਾਰਜ ਕਰ ਦਿਤਾ। ਪੁਰਾਤਨ ਗੁਰ ਸਿੱਖ ਸ਼ਕਲਾਂ ਸੂਰਤਾਂ, ਧੰਨ ਦੌਲਤ, ਪਦ ਪਦਵੀਆਂ ਨੂੰ ਨਜਰ ਅੰਦਾਜ਼ ਕਰਕੇ ਕੇਵਲ ਗੁਣਾਂ ਦੀ ਸਾਂਝ ਹੀ ਕਰਦੇ ਸਨ।

ਆਪ ਦਾ ਅੰਮ੍ਰਿਤ ਛਕਣ ਤੋਂ ਪਹਿਲਾਂ ਦਾ ਨਾਮ ਹਰਿਨਾਮ ਸਿੰਘ ਸੀ। ਅੰਮ੍ਰਿਤ ਪਾਨ ਕਰਨ ਉਪਰੰਤ ਜੁਗਿੰਦਰ ਸਿੰਘ ਨਾਮ ਰੱਖਿਆ ਗਿਆ। ਗੁਰੂਸਰ ਸੁਧਾਰ ਦੇ ਖਾਲਸਾ ਹਾਈ ਸਕੂਲ ਦੀ ਇਕ ਗੱਲ ਤੋਂ ਉਹਨਾਂ ਦੇ ਗੁਰਸਿੱਖੀ ਜੀਵਨ ਬਾਰੇ ਸੰਕੇਤ ਮਿਲਦਾ ਹੈ। ਇਸ ਖਾਲਸਾ ਸਕੂਲ ਅੰਦਰ ਇਕ ਗੁਰਦੁਆਰਾ ਸਾਹਿਬ ਸੀ। ਗ੍ਰੰਥੀ ਦੀ ਸੇਵਾ ਇਕ ਨਿਹੰਗ ਸਿੰਘ ਜੀ ਨਿਭਾਉਂਦੇ ਹੁੰਦੇ ਸਨ। ਉਹ ਆਪਣੇ ਅਸੂਲ ਦੇ ਇਤਨੇ ਪੱਕੇ ਸਨ ਕਿ ਹੁਕਮਨਾਮਾ ਲੈਣ ਦੀ ਸੇਵਾ ਜਾਂ ਉਹ ਆਪ ਕਰਦੇ ਜਾਂ ਭਾਈ ਸਾਹਿਬ ਮਾਸਟਰ ਜੁਗਿੰਦਰ ਸਿੰਘ ਜੀ ਨੂੰ ਕਰਨ ਦਿੰਦੇ। ਕਿਸੇ ਹੋਰ ਨੂੰ ਉਹ ਇਹ ਸੇਵਾ ਨਹੀਂ ਸੀ ਕਰਨ ਦਿੰਦੇ। ਇਸ ਤੋਂ ਸੰਕੇਤ ਮਿਲਦਾ ਹੈ ਕਿ ਉਹ ਨਿਹੰਗ ਸਿੰਘ ਭੀ ਜੀਵਨ ਵਾਲਾ ਗੁਰਮੁਖ ਪਿਆਰਾ ਸੀ, ਅਤੇ ਉਨ੍ਹਾਂ ਨੂੰ ਭਾਈ ਸਾਹਿਬ ਜੁਗਿੰਦਰ ਸਿੰਘ ਜੀ ਦੇ ਅੰਤਰ ਆਤਮੇ ਭੈ ਭਾਵਨੀ ਦੀ ਸੁਗੰਧੀ ਆਉਂਦੀ ਸੀ, ਨਹੀਂ ਤਾਂ ਹੁਕਮਨਾਮਾ ਲੈਣ ਦੀ ਸੇਵਾ ਸਕੂਲ ਦੇ ਸਟਾਫ ਵਿਚੋਂ ਕੋਈ ਭੀ ਕਰ ਸਕਦਾ ਸੀ ਪਰ ਇਹ ਗੁੱਝੀਆਂ ਰਮਜ਼ਾਂ ਹੁੰਦੀਆ ਹਨ ਜਿਨਾ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ।

ਭਾਈ ਸਾਹਿਬ ਰਣਧੀਰ ਸਿੰਘ ਜੀ ਨਾਲ ਆਪ ਜੀ ਦਾ ਮੇਲ ਮਿਲਾਪ ਕਿਵੇਂ ਹੋਇਆ, ਇਸ ਬਾਰੇ ਤਾਂ ਪਤਾ ਨਹੀਂ ਲੱਗ ਸਕਿਆ, ਪਰ ਬੜੂੰਦੀ ਅਤੇ ਨਾਰੰਗਵਾਲ ਕੋਈ ਦੂਰ ਦੂਰ ਨਹੀ ਹਨ। ਭਾਈ ਸਾਹਿਬ ਦੀਆਂ ਪੰਥਕ ਸੇਵਾਵਾਂ ਅਤੇ ਫਿਰ ਜੇਲ੍ਹ ਯਾਤਰਾ ਜਾਂ ਉਹਨਾਂ ਦੇ ਜੀਵਨ ਨਾਲ ਸਬੰਧਤ ਹੋਰ ਅਨੇਕਾਂ ਘਟਨਾਵਾਂ ਨੇ ਨੌਜਵਾਨ ਮਾਸਟਰ ਜੋਗਿੰਦਰ ਸਿੰਘ ਜੀ ਨੂੰ ਉਸ ਇਲਾਕੇ ਦੇ ਹੋਣ ਕਰਕੇ ਜ਼ਰੂਰ ਪ੍ਰਭਾਵਤ ਕੀਤਾ ਹੋਵੇਗਾ। ਲਗਦੈ ਭਾਈ ਸਾਹਿਬ ਦੇ 1931 ਵਿਚ ਜੇਲ੍ਹ ਤੋਂ ਰਿਹਾ ਹੋਣ ਤੋਂ ਪਹਿਲਾਂ ਹੀ ਅੰਮ੍ਰਿਤ ਛੱਕ ਕੇ ਆਪ ਤਿਆਰ-ਬਰ-ਤਿਆਰ ਹੋ ਚੁੱਕੇ ਸਨ ਅਤੇ ਅਖੰਡਪਾਠਾਂ ਵਿਚ ਵੀ ਆਪ ਸੇਵਾ ਕਰਦੇ ਆ ਰਹੇ ਸਨ। 1933 ਵਿਚ ਭਾਈ ਸਾਹਿਬ ਜੀ ਨਾਲ ਆਪਦੇ ਬਹੁਤ ਹੀ ਨਿਕਟ ਸਬੰਧ ਹੋਣਗੇ ਜਿਸ ਕਾਰਣ ਉਹਨਾਂ ਆਪ ਦਾ ਅਨੰਦਕਾਰਜ ਪਟਿਆਲਾ ਰਿਆਸਤ ਦੇ ਮਾਲ ਅਫਸਰ ਦੀ ਲੜਕੀ ਨਾਲ ਕਰਵਾਇਆ।

ਇਹ ਭੀ ਦੱਸਿਆ ਗਿਆ ਹੈ ਕਿ ਭਾਈ ਸਾਹਿਬ ਜਦੋਂ ਪੁਸਤਕਾਂ ਦੀ ਰਚਨਾ ਕਰਦੇ ਹੁੰਦੇ ਸਨ ਤਾਂ ਉਹਨਾਂ ਦੀ ਲਿਖਾਈ ਕੋਈ ਕੋਈ ਹੀ ਪੜ੍ਹ ਸਕਦਾ ਸੀ। ਮਾਸਟਰ ਜੋਗਿੰਦਰ ਸਿੰਘ ਜੀ ਨੇ ਇਹ ਸੇਵਾ ਆਪਣੇ ਜਿੰਮੇ ਲੈ ਲਈ ਹੋਈ ਸੀ ਕਿ ਭਾਈ ਸਾਹਿਬ ਦੇ ਸਮੁੱਚੇ ਖਰੜਿਆਂ ਨੂੰ ਪ੍ਰੈਸ ਵਿਚ ਭੇਜਣ ਤੋਂ ਪਹਿਲਾਂ ਖੁਸ਼ਖਤ ਕਰਕੇ ਦੁਬਾਰਾ ਲਿਖਣਾ, ਨਾਲੇ ਹਵਾਲੇ ਵਜੋਂ ਦਿੱਤੀਆਂ ਗੁਰਬਾਣੀ ਦੀਆਂ ਲਗਾਂ ਮਾਤ੍ਰਾਂ ਆਦਿ ਨੂੰ ਸੋਧ ਕੇ ਲਿਖਣਾ। 'ਗੁਰਮਤਿ ਮੰਡਨ ਮਨਮਤ ਖੰਡਨ' ਪੁਸਤਕ ਭਾਈ ਸਹਿਬ ਨੇ ਬੋਲ ਕੇ ਮਾਸਟਰ ਜੀ ਨੂੰ ਲਿਖਵਾਈ ਸੀ। ਇਉਂ ਭਾਈ ਸਾਹਿਬ ਦੀਆਂ ਸਾਰੀਆਂ ਪੁਸਤਕਾਂ ਨੂੰ 1933 ਤੋਂ ਸੇਵਾ ਆਰੰਭ ਕੇ ਸਾਡੇ

(ਬਾਕੀ ਪੰਨਾ ੪੦ ਤੇ)



www.AKJ.Org

# ਬਾਪੂ ਜੀ ਤੇ ਬੱਚੇ (੬)

ਬੱਚਿਆਂ ਨੇ ਬਾਪੂ ਜੀ ਨੂੰ ਆ ਫਤਿਹ ਗਜਾਈ। ਬਾਪੂ ਜੀ "ਵਾਹਿਗੁਰੂ ਜੀ ਕੀ ਫਤਹ" ਕਹਿੰਦੇ ਹੋਏ ਉਠ ਖਲੋਤੇ ਅਤੇ ਇਹ ਕਹਿ ਕੇ ਪੌੜੀਆਂ ਉੱਤਰ ਗਏ ਕਿ ਬੱਚਿਓ! ਤੁਸੀਂ ਬੈਠੋ ਮੈਂ ਆਉਂਦਾ ਹਾਂ। ਬੱਚੇ ਆਪੋ ਵਿੱਚ ਇਉਂ ਗੱਲਾਂ ਕਰਨ ਲੱਗ ਪਏ -

ਪ੍ਰਭਜੋਤ : ਅੰਮ੍ਰਿਤਪਾਲ ! ਤੂੰ ਰਾਤੀ ਕਿੰਨੇ ਵਜੇ ਸੁੱਤਾ ਸੀ?

ਅੰਮ੍ਰਿਤਪਾਲ : ਮੈਨੂੰ ਤੇ ਰਾਤੀਂ ਡਰ ਈ ਲਗਦਾ ਰਿਹਾ। ਮੰਮੀ ਰਸੋਈ ਵਿੱਚ ਕੰਮ ਕਰਦੀ ਰਹੀ, ਮੈਨੂੰ ਕੱਲੇ (ਇਕੱਲੇ) ਨੂੰ ਨੀਂਦ ਈ ਨਾ ਆਈ, ਡਰ ਈ ਲਗਦਾ ਰਿਹਾ।

ਪ੍ਰਭਜੋਤ : ਤਾਂ ਤੇ ਤੂੰ ਬੜਾ ਡਰਾਕਲ ਏਂ। ਮੈਂ ਤਾਂ ਕੀਰਤਨ ਦੀ ਟੇਪ ਲਾ ਲੈਂਦਾ ਆਂ, ਕੀਰਤਨ ਸੁਣਦੇ ਸੁਣਦੇ ਨੂੰ ਈ ਨੀਂਦ ਆ ਜਾਂਦੀ ਆ। ਤੂੰ ਟੈਲੀਵੀਜਨ ਨਾ ਦੇਖਿਆ ਕਰ। ਤੂੰ ਵੀ ਕੀਰਤਨ ਦੀ ਟੇਪ ਲਾ ਲਿਆ ਕਰ।

ਅੰਮ੍ਰਿਤਪਾਲ : ਫਿਲਮ ਚਲਦੀ ਹੋਵੇ ਤਾਂ ਉਠਿਆ ਈ ਨੀਂ ਜਾਂਦਾ। ਜਿੱਦਣ ਫਿਲਮ ਵਿੱਚ ਭੂਤਾਂ, ਡਾਕੂਆਂ, ਲੜਾਈ ਦੇ ਸੀਨ ਆਉਣ, ਪਿਆ ਵੀ ਓਹੋ ਜੇਹੇ ਡਰਾਉਣੇ ਸੁਫਨੇ ਆਉਂਦੇ ਰਹਿੰਦੇ ਆ।

ਪ੍ਰਭਜੋਤ : ਤੂੰ ਫੇਰ ਫਿਲਮਾਂ ਨਾ ਦੇਖਿਆ ਕਰ?

ਅੰਮ੍ਰਿਤਪਾਲ : ਜਦ ਮੰਮੀ ਦੇਖਣ ਲਗ ਜਾਂਦੀ ਆ ਤਾਂ ਮੈਂ ਬੀ ਕੋਲ ਬਹਿ ਜਾਂਦਾ ਆਂ।

ਪ੍ਰਭਜੋਤ : ਭਾ ਜੀ ਸ਼ਾਮ ਨੂੰ ਰਹਰਾਸਿ ਦਾ ਪਾਠ ਕਰਦੇ ਆ ਤੂੰ ਵੀ ਆ ਜਾਇਆ ਕਰ। ਨਾਲੇ ਉਹ ਤੇ ਸ਼ਬਦ ਵੀ ਪੜ੍ਹਦੇ ਆ। ਮੈਂ ਖੜਤਾਲਾਂ ਬਜਾਉਂਦਾ ਹੁੰਦਾ ਆਂ, ਤੂੰ ਆ ਕੇ ਜੋੜੀ ਵਜਾਇਆ ਕਰ।

ਅੰਮ੍ਰਿਤਪਾਲ : ਮੈਨੂੰ ਤੇ ਜੋੜੀ ਵਜਾਉਣੀ ਨੀਂ ਔਂਦੀ।

ਪ੍ਰਭਜੋਤ : ਮੈਨੂੰ ਕਿਹੜੀਆਂ ਖੜਤਾਲਾਂ ਵਜਾਉਣੀਆਂ ਔਂਦੀਆਂ। ਤੂੰ ਵੀ ਜੋੜੀ ਤੇ ਹੌਲੀ ਹੌਲੀ ਹੱਥ ਮਾਰਿਆ ਕਰ, ਆਪੇ ਈ ਤਾਲ ਪੂਰਾ ਹੁੰਦਾ ਰਹੂ।....... ਭਾ ਜੀ ਨੂੰ ਕਿਹੜਾ ਵਾਜਾ ਆਉਂਦਾ ਸੀ। ਹੌਲੀ ਹੌਲੀ ਉਹ ਸੁਰਾਂ ਦਬਾਉਣ ਲੱਗ ਪਿਆ। ਮੰਮੀ ਨੇ ਉਹਨੂੰ "ਦਰਸਨੁ ਦੇਖਿ ਜੀਵਾ ਗੁਰ ਤੇਰਾ" ਵਾਲਾ ਸ਼ਬਦ ਸਿਖਾ ਦਿੱਤਾ। ਹੁਣ ਉਹਨੇ ਆਪੇ ਹੀ ਕਈ ਸ਼ਬਦ ਵਾਜੇ ਤੇ ਕੱਢ ਲਏ ਆ। (ਏਨੇ ਨੂੰ ਭਾ ਜੀ ਕੁਲਜੀਤ ਸਿੰਘ) ਵੀ ਆ ਜਾਂਦਾ ਹੈ।

ਅੰਮ੍ਰਿਤਪਾਲ : ਭਾ ਜੀ ; ਮੈਨੂੰ ਵੀ ਕੀਰਤਨ ਸਿਖਾ ਦਏਂਗਾ?

ਕੁਲਜੀਤ ਸਿੰਘ : ਤੂੰ ਤੇ ਟੈਲੀਵੀਯਨ ਮੂਹਰਿਓਂ ਈ ਨਹੀਂ ਉਠਦਾ, ਤੈਂ ਕੀ ਕੀਰਤਨ ਸਿੱਖਣਾ?

ਅੰਮ੍ਰਿਤਪਾਲ : ਨਹੀਂ ਭਾ ਜੀ ! ਮੈਂ ਹੁਣ ਟੈਲੀਵੀਜਨ ਦੇਖਣਾ ਛੱਡ ਦੇਣਾ ਆ। ਜਿੱਦਣ ਮੈਂ ਫਿਲਮਾਂ ਵਿਚ ਡਰਾਉਣੇ ਸੀਨ ਦੇਖ ਲੈਂਦਾ ਆਂ ਮੈਨੂੰ ਸਾਰੀ ਰਾਤ ਡਰ ਲਗਦਾ ਰਹਿੰਦਾ, ਬੜੇ ਡਰਾਉਣੇ ਸੁਫਨੇ ਆਉਂਦੇ ਆ।

ਕੁਲਜੀਤ ਸਿੰਘ : ਸੁਫਨੇ ਤਾਂ ਉੱਦਾਂ ਦੇ ਈ ਆਉਂਦੇ ਆ ਜਿੱਦਾਂ ਦੀਆਂ ਗੱਲਾਂ ਕਰਦੇ ਜਾਂ ਦੇਖਦੇ ਸੁਣਦੇ ਤੁਸੀਂ ਸੌਂਗੇ। ਬਾਣੀ ਪੜ੍ਹਦੇ ਸੁਣਦੇ ਸੌਂ ਜਾਵੋ ਤਾਂ ਡਰ ਨੇੜੇ ਨਹੀਂ ਆਉਂਦਾ।

ਪ੍ਰਭਜੋਤ : ਬਾਪੂ ਜੀ ਕਹਿੰਦੇ ਸੀ ਕਿ "ਸੋਹਿਲੇ" ਦਾ ਪਾਠ ਕਰ ਕੇ ਸੌਣ ਨਾਲ ਰਾਤ ਨੂੰ ਡਰ ਨਹੀਂ ਲਗਦਾ।

ਅੰਮ੍ਰਿਤਪਾਲ : ਮੈਨੂੰ ਤੇ ਪਾਠ ਨਹੀਂ ਆਉਂਦਾ।

ਕੁਲਜੀਤ ਸਿੰਘ : ਤੂੰ "ਵਾਹਿਗੁਰੂ ਵਾਹਿਗੁਰੂ" ਕਰਦਾ ਸੌਂ ਜਾਇਆ ਕਰ।

ਪ੍ਰਭਜੋਤ : ਪਰਸੋਂ ਭਿੰਦਰ ਆਇਆ ਸੀ। ਉਹ ਕਹਿੰਦਾ ਸੀ, ਸੌਣ ਵੇਲੇ "ਸੋਹਿਲੇ" ਦਾ ਪਾਠ ਕਰ ਕੇ "ਵਾਹਿਗੁਰੂ ਵਾਹਿਗੁਰੂ" ਕਰਦੇ ਸੌਂ ਜਾਓ। ਨਾਲੇ ਤਾਂ ਨੀਂਦ ਬਹੁਤ ਸੋਹਣੀ ਆਉਂਦੀ ਆ, ਨਾਲੇ ਸੁਫਨੇ ਵੀ ਬਹੁਤ ਵਧੀਆ, ਡਰ ਵੀ ਨਹੀਂ ਲਗਦਾ।

ਅੰਮ੍ਰਿਤਪਾਲ : ਵਧੀਆ ਸੁਫਨੇ ਕਿੱਦਾਂ ਦੇ?

ਕੁਲਜੀਤ ਸਿੰਘ : ਗੁਰਦੁਆਰੇ ਸਾਧ ਸੰਗਤ ਵਿੱਚ ਕੀਰਤਨ ਸੁਣਨ, ਲੰਗਰ ਛਕਣ ਦੇ।

ਅੰਮ੍ਰਿਤਪਾਲ : ਪ੍ਰਸ਼ਾਦ ਵੀ ਮਿਲਦਾ ਆ?

ਕੁਲਜੀਤ ਸਿੰਘ : ਮਿਲ ਈ ਜਾਂਦਾ।

ਪ੍ਰਭਜੋਤ : ਭਾ ਜੀ ! ਬਾਪੂ ਜੀ ਦੱਸਦੇ ਸੀ ਕਿ ਜਿਹਨੂੰ ਸੁਫਨੇ ਵਿੱਚ ਕੜਾਹ ਪ੍ਰਸਾਦ ਮਿਲੇ ਉਹ ਵੱਡੇ ਭਾਗਾਂ ਵਾਲਾ ਹੁੰਦਾ ਆ।

(ਏਨੇ ਨੂੰ ਬਾਪੂ ਜੀ ਆ ਜਾਂਦੇ ਹਨ। "ਵੱਡੇ ਭਾਗਾਂ ਵਾਲਾ" ਸੁਣ ਕੇ ਪੁੱਛਦੇ ਹਨ)

ਬਾਪੂ ਜੀ : ਕੌਣ ਵੱਡੇ ਭਾਗਾਂ ਵਾਲਾ ਹੁੰਦਾ ਹੈ?

ਪ੍ਰਭਜੋਤ : ਬਾਪੂ ਜੀ ! ਤੁਸੀਂ ਦੱਸਿਆ ਸੀ ਕਿ ਜਿਹਨੂੰ ਸੁਫਨੇ ਵਿੱਚ ਗੁਰੂ ਦੁਆਰਿਓਂ ਕੜਾਹ ਪ੍ਰਸ਼ਾਦ ਮਿਲੇ ਉਹ ਵੱਡੇ ਭਾਗਾਂ ਵਾਲਾ ਹੁੰਦਾ ਆ।

ਬਾਪੂ ਜੀ : ਇਸ ਵਿੱਚ ਕੀ ਸ਼ੱਕ ਹੈ? ਕੜਾਹ ਪ੍ਰਸ਼ਾਦ "ਗੁਰ ਪ੍ਰਸਾਦਿ" ਹੈ, ਗੁਰ ਕਿਰਪਾ ਹੈ। ਜਿਸ ਬੰਦੇ ਦੇ ਭਾਗ (ਕਿਸਮਤ) ਜਾਗਦੇ ਹਨ ਉਹ ਗੁਰੂ ਦੁਆਰੇ ਜਾਂਦਾ ਹੈ, ਸਾਧ ਸੰਗਤ ਵਿੱਚ ਬੈਠ ਕੇ ਕਥਾ, ਕੀਰਤਨ, ਪਾਠ ਸੁਣਦਾ ਜਾਂ ਕਰਦਾ



www.AKJ.Org

ਹੈ। ਲੰਗਰ ਵਿੱਚ ਜਾ ਕੇ ਲੰਗਰ ਪਕਾਉਣ, ਵਰਤਾਉਣ, ਭਾਂਡੇ ਮਾਂਜਣ ਦੀ ਸੇਵਾ ਕਰਦਾ ਹੈ, ਸੰਗਤਾਂ ਦੇ ਜੋੜਿਆਂ ਤੇ ਘੋੜਿਆਂ ਦੀ ਸੰਭਾਲ ਕਰਦਾ ਹੈ, ਦਰੀਆਂ ਝਾੜਦਾ ਤੇ ਝਾੜੂ ਬੁਹਾਰੀ ਦਿੰਦਾ ਹੈ, ਗੁਰੂ ਘਰ ਦੀ ਸਫਾਈ ਕਰਦਾ ਹੈ। ਸਤਿਗੁਰੂ ਜੀ ਆਪਣੇ ਸਿੱਖ ਦੀ ਪ੍ਰੇਮ ਸਹਿਤ ਕੀਤੀ ਨਿਸ਼ਕਾਮ ਸੇਵਾ ਤੋਂ ਪ੍ਰਸੰਨ ਹੋ ਕੇ ਉਸ ਨੂੰ "ਪ੍ਰਸਾਦਿ" ਦਿੰਦੇ ਹਨ...........?

ਅੰਮ੍ਰਿਤਪਾਲ : ਕੀ ਲੰਗਰ ਵੀ ਪ੍ਰਸਾਦ ਹੈ।

ਬਾਪੂ ਜੀ : ਹਾਂ ।

ਅੰਮ੍ਰਿਤਪਾਲ : ਉਹ ਕਿੱਦਾਂ?

ਬਾਪੂ ਜੀ : ਬੱਚਿਓ ! ਮੁੱਖ ਤੌਰ ਤੇ "ਪ੍ਰਸ਼ਾਦਿ" ਦੋ ਪ੍ਰਕਾਰ ਦਾ ਹੈ- (1) ਕੜਾਹ ਪ੍ਰਸ਼ਾਦ ਅਥਵਾ ਸਰੀਰਕ ਭੋਜਨ (2) ਅੰਮ੍ਰਿਤ ਨਾਮ ਭਾਵ ਆਤਮਕ ਭੋਜਨ।

ਸਰੀਰ ਦੀ ਤਕੜਾਈ ਵਾਸਤੇ ਸਾਨੂੰ ਲੰਗਰ (ਅੰਨ ਜਲ) ਦੀ ਲੋੜ ਹੈ ਅਤੇ ਆਤਮਕ ਬਲ ਵਾਸਤੇ ਨਾਮ ਬਾਣੀ ਦਾ ਆਹਾਰ (ਭੋਜਨ) ਚਾਹੀਦਾ ਹੈ। ਸਰੀਰ ਭਾਵੇਂ ਕਿੰਨਾ ਵੀ ਤਕੜਾ ਕਿਉਂ ਨਾ ਹੋਵੇ, ਜੇ ਉਸ ਵਿੱਚ ਰਹਿੰਦੀ ਹੋਈ ਆਤਮਾ ਨੂੰ ਨਾਮ ਬਾਣੀ ਦੀ ਯੋਗ ਖੁਰਾਕ ਨਹੀਂ ਮਿਲੇਗੀ ਤਾਂ ਉਹ ਡਰਾਕਲ ਹੀ ਰਹੇਗਾ। ਅੰਮ੍ਰਿਤ ਦੀ ਬੂੰਦ ਪੀਤੀ ਚਿੜੀਆਂ ਵੀ ਹੱਟੇ ਕੱਟੇ ਬਾਜ ਨੂੰ ਝਪਟਾ ਮਾਰ ਕੇ ਹੇਠਾਂ ਸੁੱਟ ਲੈਣਗੀਆਂ।

ਪ੍ਰਭਜੋਤ ਸਿੰਘ : ਬਾਪੂ ਜੀ ! ਨਿੱਕੀਆਂ ਜਿਹੀਆ ਚਿੜੀਆਂ ਐਡੇ ਵੱਡੇ ਬਾਜ ਨੂੰ ਕਿਵੇਂ ਢਾ ਸਕਦੀਆਂ ਆ?

ਬਾਪੂ ਜੀ : ਬੱਚਾ ! ਇਹ ਅੰਮ੍ਰਿਤ ਦੀ ਸ਼ਕਤੀ ਹੈ। ਖੰਡੇ ਬਾਟੇ ਦਾ ਅੰਮ੍ਰਿਤ ਜਿਸ ਦੇ ਅੰਦਰ ਰਸ ਧਸ ਜਾਂਦਾ ਹੈ, ਉਹ ਗਿੱਦੜਾਂ ਤੋਂ ਸ਼ੇਰ ਬਣ ਜਾਂਦਾ ਹੈ। ਨਿਤਾਣੇ, ਨਿਮਾਣੇ ਤੇ ਲਿਤਾੜੇ ਹੋਏ ਨਿਰਬਲ ਬੰਦੇ ਵੀ ਜਰਵਾਣਿਆਂ ਦਾ ਮੂੰਹ ਭੰਨਣਨੂੰ ਤਿਆਰ ਹੋ ਜਾਂਦੇ ਹਨ।

ਕੁਲਜੀਤ ਸਿੰਘ : ਬਾਪੂ ਜੀ ! ਕੀ ਕੜਾਹ ਪ੍ਰਸ਼ਾਦ ਵੀ ਅੰਮ੍ਰਿਤ ਹੈ?

ਬਾਪੂ ਜੀ : ਕੜਾਹ ਪ੍ਰਸਾਦਿ ਪੰਚਾਮ੍ਰਿਤ ਹੈ।

ਕੁਲਜੀਤ ਸਿੰਘ : ਪੰਚਾਮ੍ਰਿਤ ਦਾ ਕੀ ਮਤਲਬ ?

ਬਾਪੂ ਜੀ : ਪੰਜਾਂ ਚੀਜ਼ਾਂ – ਆਟਾ, ਮਿੱਠਾ (ਖੰਡ, ਗੁੜ ਆਦਿ), ਘਿਓ, ਪਾਣੀ ਤੇ ਅਗਨੀ ਦੁਆਰਾ ਤਿਆਰ ਕੀਤਾ ਅੰਮ੍ਰਿਤ।

ਕੁਲਜੀਤ ਸਿੰਘ : ਤੇ ਖੰਡੇ ਬਾਟੇ ਦਾ ਅੰਮ੍ਰਿਤ ਕਿਹੜਾ ਹੋਇਆ?

ਬਾਪੂ ਜੀ : ਅੰਮ੍ਰਿਤ ਸੰਚਾਰ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਪੰਜ ਪਿਆਰੇ ਸਰਬ ਲੋਹ ਦੇ ਬਾਟੇ ਵਿੱਚ ਨਿਰਮਲ ਜਲ ਤੇ ਪਤਾਸੇ ਪਾ ਕੇ ਖੰਡੇ ਨਾਲ ਘੋਲਦੇ ਹਨ ਅਤੇ ਨਾਲ ਦੀ ਨਾਲ ਪੰਜਾਂ ਬਾਣੀਆ ਦਾ ਪਾਠ ਕਰੀ ਜਾਂਦੇ ਹਨ। ਇਉਂ ਅੰਮ੍ਰਿਤ ਤਿਆਰ ਹੋ ਜਾਂਦਾ ਹੈ ਜਿਸ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਕਿਹਾ ਜਾਂਦਾ ਹੈ।

ਕੁਲਜੀਤ ਸਿੰਘ : ਬਾਪੂ ਜੀ ! ਉਹ ਪੰਜ ਬਾਣੀਆਂ ਕਿਹੜੀਆਂ ਹਨ?

ਬਾਪੂ ਜੀ : ਜਪੁ, ਜਾਪੁ, ਸਵੱਯੇ (ਸ੍ਰਾਵਗ ਸੁਧ ਸਮੂਹ' ਵਾਲੇ) ਚੌਪਈ ਤੇ ਅਨੰਦ ਸਾਹਿਬ।

ਕੁਲਜੀਤ ਸਿੰਘ : ਤੁਸੀਂ ਨਾਮ ਅੰਮ੍ਰਿਤ ਵੀ ਦੱਸਿਆ ਹੈ, ਉਹ ਕਿਹੜਾ ਹੈ?

ਬਾਪੂ ਜੀ : ਅੰਮ੍ਰਿਤ ਸੰਚਾਰ ਸਮੇਂ ਜਿਹੜਾ ਨਾਮ (ਗੁਰਮੰਤ੍ਰ) ਦ੍ਰਿੜ੍ਹ ਕਰਵਾਇਆ ਜਾਂਦਾ ਹੈ ਉਸ ਨੂੰ ਅੰਮ੍ਰਿਤ ਨਾਮ ਜਾਂ ਨਾਮ ਅੰਮ੍ਰਿਤ ਕਿਹਾ ਜਾਂਦਾ ਹੈ।

ਕੁਲਜੀਤ ਸਿੰਘ : ਕੀ ਬਾਣੀ ਵੀ ਅੰਮ੍ਰਿਤ ਹੈ ?

ਬਾਪੂ ਜੀ : ਕਿਉਂ ਨਹੀਂ? "ਸਾਚੀ ਬਾਣੀ ਮੀਠੀ ਅੰਮ੍ਰਿਤ ਧਾਰ, ਜਿਨਿ ਪੀਤੀ ਤਿਸੁ ਮੋਖ ਦੁਆਰੁ॥"

ਕੁਲਜੀਤ ਸਿੰਘ : "ਮੋਖ ਦੁਆਰੁ" ਦਾ ਕੀ ਮਤਲਬ?

ਬਾਪੂ ਜੀ : ਮੋਖ ਦੁਆਰ ਦਾ ਮਤਲਬ ਹੈ ਮੁਕਤੀ ਦਾ ਦਰ।

ਕੁਲਜੀਤ ਸਿੰਘ : "ਅੰਮ੍ਰਿਤ ਧਾਰ" ਵਾਲੀ ਤੁਕ ਦਾ ਫਿਰ ਕੀ ਅਰਥ ਹੋਇਆ?

ਬਾਪੂ ਜੀ : ਦੁੱਧ ਦੀ ਧਾਰ ਵਾਂਗ ਧੁਰ ਦਰਗਾਹੋਂ (ਸੱਚ ਖੰਡ) ਮਿੱਠੀ ਅੰਮ੍ਰਿਤ ਧਾਰ ਸੱਚੀ ਬਾਣੀ ਜਿਸ ਨੇ ਵੀ ਪੀਤੀ ਭਾਵ ਪੜ੍ਹੀ, ਸੁਣੀ, ਗਾਈ, ਉਸ ਨੂੰ ਮੁਕਤੀ ਮਿਲ ਗਈ।

ਕੁਲਜੀਤ ਸਿੰਘ : ਬਾਪੂ ਜੀ! ਮੁਕਤੀ ਕੀ ਹੁੰਦੀ ਆ?

ਬਾਪੂ ਜੀ : ਮਾਇਆ ਦੇ ਬੰਧਨਾਂ ਅਥਵਾ ਵਿਕਾਰਾਂ ਤੋਂ ਖਲਾਸੀ, ਜੰਮਣ ਮਰਨ ਤੋਂ ਛੁਟਕਾਰਾ।

ਅੰਮ੍ਰਿਤਪਾਲ : ਬਾਪੂ ਜੀ ! ਜਿਹੜਾ ਅਸੀਂ ਗੁਰਦਵਾਰੇ ਲੰਗਰ ਛਕਦੇ ਆਂ, ਉਹ ਵੀ ਅੰਮ੍ਰਿਤ ਆ?

ਬਾਪੂ ਜੀ : ਹਾਂ।

ਅੰਮਿਤਪਾਲ : ਉਹ ਕਿੱਦਾਂ?

ਬਾਪੂ ਜੀ : ਨਾਮ ਜਪਦੇ, ਬਾਣੀ ਪੜ੍ਹਦੇ ਰਹਿਤਵਾਨ ਸਿੰਘ ਸਿੰਘਣੀਆਂ ਦਾ ਸੁੱਚਮ ਸਹਿਤ ਤਿਆਰ ਕੀਤਾ ਲੰਗਰ ਅੰਮ੍ਰਿਤ ਭੋਜਨ ਹੈ। ਬੇਅੰਮ੍ਰਿਤੀਆਂ ਦਾ, ਜਾਂ ਐਧਰ ਓਧਰ ਦੀਆਂ ਗੱਪਾਂ ਮਾਰਦਿਆਂ ਤਿਆਰ ਕੀਤਾ ਪਕਵਾਨ ਗੁਰੂ ਕਾ ਲੰਗਰ ਨਹੀਂ ਕਿਹਾ ਜਾ ਸਕਦਾ।

ਕੁਲਜੀਤ ਸਿੰਘ : ਵਿਆਹਾਂ ਵਿੱਚ ਤਾਂ ਦਾਲਾਂ ਸਬਜੀਆਂ


www.AKJ.Org

ਤੇ ਹੋਰ ਖਾਣ ਪੀਣ ਦੀਆਂ ਚੀਜਾਂ ਬੀੜੀਆਂ ਪੀਂਦੇ ਮੋਨੇ ਭਾਈ ਈ ਪਕੌਂਦੇ ਆ ਪਰ ਪਾਠ ਦੇ ਭੋਗ ਬਾਅਦ ਸਾਰੇ ਏਹੀ ਕਹਿੰਦੇ ਆ "ਗੁਰੂ ਕਾ ਲੰਗਰ" ਛਕ ਕੇ ਜਾਇਓ ਜੀ।

ਬਾਪੂ ਜੀ : ਨਿਰਾ ਪੁਰਾ ਕਹਿਣ ਨਾਲ ਤੇ ਕੋਈ ਪਕਵਾਨ "ਗੁਰੂ ਕਾ ਲੰਗਰ" ਨਹੀ ਬਣ ਜਾਂਦਾ। ਅੰਮ੍ਰਿਤ ਭੋਜਨ ਤਿਆਰ ਕਰਨ ਵਾਸਤੇ ਅੰਮ੍ਰਿਤਧਾਰੀ ਸੇਵਾਦਾਰ ਹੋਣੇ ਜ਼ਰੂਰੀ ਹਨ। ਇਉਂ ਤਾਂ ਫੇਰ ਸਾਰੇ ਬੇ-ਅੰਮ੍ਰਿਤੀਏ ਕਹਿਣ ਲੱਗ ਪੈਣਗੇ ਕਿ ਪਾਣੀ ਵਿੱਚ ਪਤਾਸੇ ਘੋਲ ਕੇ ਅਸੀਂ ਅੰਮ੍ਰਿਤ ਛਕਾ ਦਿੰਦੇ ਹਾਂ। ਜਿਹੜਾ ਆਪ ਬੇ ਅੰਮ੍ਰਿਤੀਆ ਹੈ ਉਹ ਅੰਮ੍ਰਿਤ ਜਾਂ ਅੰਮ੍ਰਿਤ ਭੋਜਨ ਕਿਵੇਂ ਤਿਆਰ ਕਰ ਸਕਦਾ ਹੈ?

ਕੁਲਜੀਤ ਸਿੰਘ : ਬਾਪੂ ਜੀ! ਤੁਸੀਂ ਦੱਸਿਆ ਹੈ ਕਿ ਸੁਫਨੇ ਵਿੱਚ ਪ੍ਰਸ਼ਾਦ ਭਾਗਾਂ ਵਾਲੇ ਨੂੰ ਮਿਲਦਾ ਹੈ। ਭਾਗ ਕਿਵੇਂ ਜਾਗਦੇ ਹਨ?

ਬਾਪੂ ਜੀ : ਭਾਗ ਜਾਗਦੇ ਹਨ ਗੁਰੂ ਦੀ ਕਿਰਪਾ ਨਾਲ।

ਕੁਲਜੀਤ ਸਿੰਘ : ਗੁਰੂ ਦੀ ਕਿਰਪਾ ਕਿਵੇਂ ਹੁੰਦੀ ਆ?

ਬਾਪੂ ਜੀ : ਗੁਰੂ ਦੇ ਹੁਕਮਾਂ ਅੰਦਰ ਚੱਲਣ ਨਾਲ ।

ਕੁਲਜੀਤ ਸਿੰਘ : ਉਹ ਕਿਹੜੇ ਹੁਕਮ ਆ?

ਬਾਪੂ ਜੀ : ਗੁਰੂ ਹੁਕਮਾਂ ਨੂੰ ਅਸੀਂ ਦੋ ਹਿੱਸਿਆ ਵਿੱਚ ਵੰਡਦੇ ਹਾਂ। ਇੱਕ ਹਨ ਕਰਨ ਵਾਲੀਆਂ ਗੱਲਾਂ ਜਿਨ੍ਹਾਂ ਨੂੰ ਅਸੀਂ "ਰਹਿਤਾਂ" ਕਹਿੰਦੇ ਹਾਂ ਅਤੇ ਦੂਜੀਆਂ ਹਨ ਨਾਂ ਕਰਨ ਵਾਲੀਆਂ ਗੱਲਾਂ ਜਿਨ੍ਹਾਂ ਨੂੰ "ਕੁਰਹਿਤਾਂ" ਕਿਹਾ ਜਾਂਦਾ ਹੈ। ਗੁਰੂ ਦੇ ਹੁਕਮਾਂ ਅੰਦਰ ਚੱਲਣ ਵਾਲੇ ਨੂੰ ਰਹਿਤਵਾਨ ਅਤੇ ਹੁਕਮਾਂ ਦੀ ਉਲੰਘਣਾ ਕਰਨ ਵਾਲੇ ਨੂੰ ਕੁਰਹਿਤੀਆ ਕਿਹਾ ਜਾਂਦਾ ਹੈ। ਸਿੱਖ ਵਾਸਤੇ ਪਹਿਲਾ ਹੁਕਮ ਖੰਡੇ ਦਾ ਅੰਮ੍ਰਿਤ ਛਕਣਾ ਹੈ ਜਿਸ ਨੂੰ "ਖੰਡੇ ਕੀ ਪਾਹੁਲ" ਕਿਹਾ ਜਾਂਦਾ ਹੈ। ਭਾਈ ਦੇਸਾ ਸਿੰਘ ਜੀ ਦੇ ਰਹਿਤਨਾਮੇ ਵਿਚ ਲਿਖਿਆ ਹੋਇਆ ਹੈ -

ਪ੍ਰਥਮ ਰਹਿਤ ਯਹਿ ਜਾਨ, ਖੰਡੇ ਦੀ ਪਾਹੁਲ ਛਕੇ।
ਸੋਈ ਸਿੰਘ ਪ੍ਰਧਾਨ ਅਵਰ ਨਾ ਪਾਹੁਲ ਜੋ ਲਏ।

ਗੁਰੂ ਰਾਮਦਾਸ ਜੀ ਕਹਿੰਦੇ ਹਨ ਕਿ ਆਪਣੇ ਆਪ ਨੂੰ ਸਿੱਖ ਅਖਵਾਉਣ ਵਾਲਾ ਅੰਮ੍ਰਿਤ ਵੇਲੇ ਇਸ਼ਨਾਨ ਕਰ ਕੇ ਨਾਮ ਜਪੇ।

ਕੁਲਜੀਤ ਸਿੰਘ : ਫੇਰ ਤਾਂ ਨਾਮ ਜਪੀ ਜਾਏ, ਅੰਮ੍ਰਿਤ ਛਕਣ ਦੀ ਕੀ ਲੋੜ ਆ?

ਬਾਪੂ ਜੀ : ਬੱਚੂ ਇਉਂ ਨਹੀਂ! ਜਿੰਨੀ ਦੇਰ ਤੱਕ ਤੁਹਾਨੂੰ ਇਹ ਹੀ ਪਤਾ ਨਹੀ ਕਿ ਕਿਹੜਾ ਨਾਮ ਹੈ, ਕਿਸ ਬੇੜੀ ਤੇ ਚੜ੍ਹ ਕੇ ਨਦੀ ਪਾਰ ਕਰਨੀ ਹੈ, ਪਾਰ ਉਤਾਰਾ ਕਿਵੇਂ ਹੋਏਗਾ? ਨਾਮ ਲੈਣ ਅਤੇ ਗੁਰੂ ਵਾਲਾ ਬਣਨ ਵਾਸਤੇ ਹੀ ਤਾਂ ਅੰਮ੍ਰਿਤ ਛਕੀਦਾ ਹੈ। ਨਿਗੁਰਾ ਬੰਦਾ ਤਾਂ ਦਰ ਦਰ ਦੇ ਠੇਡੇ ਹੀ ਖਾਂਦਾ ਹੈ।

ਪ੍ਰਭਜੋਤ : ਬਾਪੂ ਜੀ ! ਭਿੰਦਰ ਕਹਿੰਦਾ ਸੀ ਕਿ ਇੱਕ ਵੇਰ ਸੁਫਨੇ ਵਿੱਚ ਅਸੀਂ ਅੰਬਰਸਰ (ਅੰਮ੍ਰਿਤਸਰ) ਗਏ। ਉਥੇ ਹਰਿਮੰਦਰ ਸਾਹਿਬ ਕੀਰਤਨ ਸੁਣਦਿਆਂ ਨੂੰ ਸਾਨੂੰ ਕੜਾਹ ਪ੍ਰਸ਼ਾਦਿ ਮਿਲਿਆ। ਮੈਨੂੰ ਤੇ ਕਦੇ ਇੱਦਾਂ ਦਾ ਸੁਫਨਾ ਆਇਆ ਨਹੀਂ।

ਬਾਪੂ ਜੀ : ਬੱਚੂ ! ਭੁਪਿੰਦਰ ਸਿੰਘ ਨੇ ਅੰਮ੍ਰਿਤ ਛਕਿਆ ਹੋਇਆ ਹੈ। ਪੰਜ ਕਕਾਰੀ ਰਹਿਤ ਦਾ ਧਾਰਨੀ ਹੈ, ਨਿੱਤਨੇਮ ਵਿੱਚ ਪੱਕਾ ਹੈ, ਕੀਰਤਨ ਵੀ ਸੋਹਣਾ ਕਰ ਲੈਂਦਾ ਹੈ, ਜਦੋਂ ਵੀ ਉਸ ਨੂੰ ਵਿਹਲ ਮਿਲਦੀ ਹੈ ਵਾਜੇ ਨਾਲ ਸ਼ਬਦ ਪੜ੍ਹਨ ਲੱਗ ਪੈਂਦਾ ਹੈ। ਇਹ ਗੱਲਾਂ ਸਿੱਧ ਕਰਦੀਆਂ ਹਨ ਕਿ ਉਸ ਦੀ ਪ੍ਰੀਤ ਸਤਿਗੁਰੂ ਦੇ ਚਰਨਾਂ ਨਾਲ ਲੱਗੀ ਹੋਈ ਹੈ। ਸਾਰੇ ਪ੍ਰੇਮ ਦੇ ਸੌਦੇ ਹਨ। ਤੁਸੀਂ ਵੀ ਸਤਿਗੁਰੂ ਨਾਲ ਪ੍ਰੇਮ ਪਾਓ, ਤੁਹਾਨੂੰ ਵੀ ਪ੍ਰਸ਼ਾਦਿ ਮਿਲ ਜਾਵੇਗਾ। ਜੇਹੋ ਜੇਹੀ ਕਿਸੇ ਦੀ ਇੱਛਾ ਹੁੰਦੀ ਹੈ ਓਹੋ ਜਿਹਾ ਹੀ ਉਸ ਨੂੰ ਫਲ ਮਿਲ ਜਾਂਦਾ ਹੈ।

ਪ੍ਰਭਜੋਤ : ਬਾਪੂ ਜੀ ! ਪ੍ਰਸ਼ਾਦਿ ਤਾਂ ਮੈਂ ਵੀ ਲੈਣਾ ਚਾਹੁੰਦਾ ਆਂ।

ਬਾਪੂ ਜੀ : ਕਿੱਕਰ ਬੀਜਿਆਂ ਤੇ ਦਾਖ ਨਹੀਂ ਮਿਲਣੀ। ਜੇਹਾ ਬੀਜੋਗੇ ਤੇਹਾ ਫਲ ਮਿਲੇਗਾ।

ਕੁਲਜੀਤ ਸਿੰਘ : ਬਾਪੂ ਜੀ ਮੈਂ ਗੁਰਦੁਆਰੇ ਇੱਕ ਭਾਈ ਨੂੰ ਕਹਿੰਦਿਆਂ ਸੁਣਿਆ ਸੀ ਕਿ ਅੰਤ ਸਮੇਂ ਜੇਹੋ ਜੇਹੀ ਆਸ ਬੰਦਾ ਰੱਖਦਾ ਹੈ ਉਹੋ ਜੇਹਾ ਉਸ ਨੂੰ ਫਲ ਮਿਲਦਾ ਆ।

ਬਾਪੂ ਜੀ : ਭਗਤ ਤ੍ਰਿਲੋਚਨ ਜੀ ਆਪਣੇ ਸ਼ਬਦ ਵਿੱਚ ਦੱਸਦੇ ਹਨ ਕਿ ਜਿਹੜਾ ਬੰਦਾ ਮਰਨ ਵੇਲੇ ਮਹਿਲ ਮਾੜੀਆਂ ਵਿੱਚ ਧਿਆਨ ਰੱਖਦਾ ਹੈ ਉਹ ਪ੍ਰੇਤ ਦੀ ਜੂਨ ਵਿੱਚ ਪੈਂਦਾ ਹੈ, ਪੁੱਤਰਾਂ ਦੀ ਆਸ ਰੱਖਣ ਵਾਲੇ ਨੂੰ ਸੂਰ ਦੀ ਜੂਨ ਮਿਲਦੀ ਹੈ, ਇਸਤਰੀ ਵਲ ਧਿਆਨ ਰੱਖਣ ਵਾਲਾ ਵੇਸਵਾ (ਕੰਜਰੀ) ਦੀ ਜੂਨੇ ਪੈਂਦਾ ਹੈ, ਧਨ ਦੌਲਤ (ਲੱਛਮੀ) ਵਿੱਚ ਨੀਝ (ਸੁਰਤ) ਲਾਈ ਰੱਖਣ ਵਾਲਾ ਸੱਪ ਬਣਦਾ ਹੈ ਪਰ ਜਿਹੜਾ ਬੰਦਾ ਅੰਤ ਵੇਲੇ ਪਰਮਾਤਮਾ ਦਾ ਧਿਆਨ ਕਰਦਾ ਹੈ, ਉਸ ਦੇ ਹਿਰਦੇ ਵਿੱਚ ਹਰੀ (ਵਾਹਿਗੁਰੂ) ਦਾ ਵਾਸਾ ਹੋ ਜਾਂਦਾ ਹੈ, ਉਸ ਦਾ ਜਨਮ ਮਰਨ ਦਾ ਚੱਕਰ ਖਤਮ ਹੋ ਜਾਂਦਾ ਹੈ, ਉਸ ਨੂੰ ਮੁਕਤੀ ਮਿਲ ਜਾਂਦੀ ਹੈ।

ਕੁਲਜੀਤ ਸਿੰਘ : ਬਾਪੂ ਜੀ ! ਸੌਣਾ ਵੀ ਇੱਕ ਤਰ੍ਹਾ


www.AKJ.Org

ਦੀ ਮੌਤ ਈ ਆ। ਲੋਕੀਂ ਕਹਿੰਦੇ ਆ "ਸੁੱਤਾ ਮੋਇਆ ਇੱਕ ਬਰਾਬਰ" ਸੌਣ ਵੇਲੇ ਜੇਹੋ ਜੇਹੇ ਖਿਆਲ ਲੈ ਕੇ ਅਸੀਂ ਸੌਂਦੇ ਆਂ ਓਹੋ ਜੇਹੇ ਸੁਫਨੇ ਈ ਸਾਨੂੰ ਆਉਂਦੇ ਆ। ਸੁਫਨੇ ਵਿੱਚ ਉਸ ਨੂੰ ਈ ਪ੍ਰਸ਼ਾਦ ਮਿਲਦਾ ਆ ਜਿਸ ਦੀ ਸੌਣ ਵੇਲੇ ਸੁਰਤੀ ਗੁਰੂ ਦੇ ਸ਼ਬਦ ਵਿੱਚ ਲੱਗੀ ਹੋਵੇ।

ਬਾਪੂ ਜੀ : ਸ਼ਾਬਾਸ਼ ! ਬਹੁਤ ਖੂਬ ! ਬੱਚੂ ! ਅਸਲ ਗੱਲ ਤੇਰੇ ਪੱਲੇ ਪੈ ਗਈ ਹੈ। ਗੁਰੂ ਸਾਹਿਬ ਵੀ ਸਾਨੂੰ ਇਉਂ ਹੀ ਉਪਦੇਸ਼ ਕਰਦੇ ਹਨ ਕਿ ਜਿਹੜੇ ਗੁਰਮੁਖ ਪਿਆਰੇ ਸਉਂਦੇ ਵੀ "ਵਾਹੁ ਵਾਹੁ" ਕਰਦੇ ਹਨ ਅਤੇ ਉਠਦੇ ਵੀ ਵਾਹਿਗੁਰੂ ਵਾਹਿਗੁਰੂ ਕਰਦੇ ਹਨ ਉਹ ਧੰਨ ਹਨ। ਬਲਿਹਾਰੇ ਜਾਈਏ ਅਜੇਹੇ ਗੁਰਸਿੱਖਾਂ ਤੋਂ —

ਸਉਦੇ ਵਾਹੁ ਵਾਹੁ ਉਚਰਹਿ, ਉਠਦੇ ਭੀ ਵਾਹੁ ਕਰੇਨਿ॥
ਨਾਨਕ ਤੇ ਮੁਖ ਉਜਲੇ ਜਿ ਨਿਤ ਉਠਿ ਸੰਮਾਲੇਨਿ ॥
(ਪੰਨਾ ੩੯੩)।

ਬੱਚਿਓ ! ਜੇ ਤੁਸੀਂ ਚਾਹੁੰਦੇ ਹੋ ਕਿ ਭੁਪਿੰਦਰ ਸਿੰਘ ਵਾਂਗ ਸੁਫਨੇ ਵਿੱਚ ਤੁਹਾਨੂੰ ਵੀ "ਪ੍ਰਸ਼ਾਦਿ" ਮਿਲੇ ਤਾਂ ਤੁਹਾਨੂੰ ਵੀ ਗੁਰੂ ਚਰਨਾਂ ਨਾਲ ਪ੍ਰੀਤ ਲਾਉਣੀ ਪਵੇਗੀ।

ਪ੍ਰਭਜੋਤ : ਗੁਰੂ ਚਰਨਾਂ ਨਾਲ ਪ੍ਰੀਤ ਕਿੱਦਾਂ ਲਗਦੀ ਆ?

ਬਾਪੂ ਜੀ : ਬੱਚਿਓ ! ਬਾਣੀ ਗੁਰੂ ਹੈ। ਗੁਰਬਾਣੀ ਨੂੰ ਪ੍ਰੇਮ ਨਾਲ ਪੜ੍ਹਨ, ਸੁਣਨ ਤੇ ਗਾਉਣ ਨਾਲ ਗੁਰੂ ਚਰਨਾਂ ਨਾਲ ਲਿਵ ਜੁੜ ਜਾਂਦੀ ਹੈ, ਗੁਰਬਾਣੀ ਅਨੁਸਾਰ ਚੱਲਣ ਨਾਲ ਅਸੀਂ ਗੁਰੂ ਦੇ ਹੁਕਮੀ ਬੰਦੇ ਬਣ ਜਾਂਦੇ ਹਾਂ। ਗੁਰੂ ਦੇ ਹੁਕਮਾਂ ਅੰਦਰ ਚੱਲਣ ਨਾਲ ਗੁਰੂ ਸਾਡੇ ਤੇ ਪ੍ਰਸੰਨ ਹੋ ਜਾਂਦਾ ਹੈ। ਜਿਸ ਤੇ ਗੁਰੂ ਦੀ ਖੁਸ਼ੀ ਹੋ ਜਾਂਦੀ ਹੈ, ਗੁਰੂ ਉਸ ਦੀ ਹਰ ਜਾਇਜ਼ ਮੰਗ ਪੂਰੀ ਕਰਦਾ ਹੈ, ਉਸ ਨੂੰ ਕਿਸੇ ਵੀ ਗੱਲ ਦੀ ਥੁੜ ਨਹੀਂ ਰਹਿੰਦੀ–

"ਜੋ ਮਾਗਹਿ ਠਾਕੁਰ ਅਪੁਨੇ ਤੇ ਸੋਈ ਸੋਈ ਦੇਵੈ॥"

ਬੱਚਿਓ ! ਸਾਰੇ ਜਣੇ ਕਹੋ –

"ਜੋ ਮਾਗਹਿ ਠਾਕੁਰ ਅਪੁਨੇ ਤੇ ਸੋਈ ਸੋਈ ਦੇਵੈ॥"

(ਕੁਲਜੀਤ ਸਿੰਘ ਨਾਲ ਰਲਾ ਕੇ ਦੂਜੀ ਤੁਕ ਵੀ ਬੋਲ ਦਿੰਦਾ ਹੈ) ਨਾਨਕ ਦਾਸੁ ਮੁਖ ਤੇ ਜੋ ਬੋਲੈ, ਈਹਾ ਊਹਾ ਸਚੁ ਹੋਵੈ। ਸਾਰੇ ਬੱਚੇ ਮਗਰ ਬੋਲਣ ਲੱਗ ਪੈਂਦੇ ਹਨ।)

ਅੱਛਾ ਬੱਚਿਓ ! ਹੁਣ ਤੁਸੀਂ ਜਾਓ ! ਕੱਲ੍ਹ ਫੇਰ ਮਿਲਾਂਗੇ। (ਸਾਰੇ ਬੱਚੇ ਬਾਪੂ ਜੀ ਨੂੰ ਫਤਹ ਬੁਲਾ ਕੇ "ਜੋ ਮਾਗਹਿ ਠਾਕੁਰ ਅਪੁਨੇ ਤੇ ਸੋਈ ਸੋਈ ਦੇਵੈ" ਉਚਾਰਦੇ ਹੋਏ ਪੌੜੀਆਂ ਉਤਰ ਜਾਂਦੇ ਹਨ)

*(ਬਾਕੀ ਪੰਨਾ ੩੯ ਦਾ)*

ਤਕ ਵਰਤਮਾਨ ਹਾਲਤ ਵਿਚ ਪਹੁੰਚਾਉਣ ਲਈ ਮਾਸਟਰ ਜੁਗਿੰਦਰ ਸਿੰਘ ਜੀ ਨੇ ਕਿਤਨੀ ਵੱਡੀ ਘਾਲਣਾ ਘਾਲੀ। ਇਸ ਤੋਂ ਬਿਨਾਂ ਆਪ ਨੇ ਦੋ ਪੁਸਤਕਾਂ ਭੀ ਰਚੀਆਂ (1) ਗੁਰਮਤਿ ਗੁਹਜ ਰਤਨ, ਅਤੇ (2) ਸੁੰਞੇ ਘਰ ਕਾ ਪਾਹੁਣਾ। ਆਪ ਨੇ ਰੀਟਾਇਰ ਹੋਣ ਉਪਰੰਤ "ਦੀ ਲਾਇਨ ਪ੍ਰਿੰਟਿੰਗ ਪ੍ਰੈਸ" ਲਗਾਇਆ ਅਤੇ 1964 ਤੱਕ ਉਹ ਪ੍ਰੈਸ ਚਲਦਾ ਰਿਹਾ।

ਆਪ ਜੀ ਲੜੀਦਾਰ ਸਰੂਪ ਤੋਂ ਪਾਠ ਕਰਨ ਦੇ ਇੱਕ ਰਸੀਲੇ ਅਖੰਡਪਾਠੀ ਸਨ। ਭਾਈ ਰਣਧੀਰ ਸਿੰਘ ਜੀ ਦੇ ਪੁਰਾਣੇ ਸੰਗੀ ਸਾਥੀ ਲਗ ਭਗ ਸਾਰੇ ਚੰਗੇ ਅਖੰਡਪਾਠੀ ਹੋਇਆ ਕਰਦੇ ਸਨ। ਕੀਰਤਨ ਬੜੇ ਰਸੀਲੇ ਢੰਗ ਨਾਲ ਸੁਣਨ ਕਰਕੇ ਜਥੇ ਦੇ ਸਾਰੇ ਪੁਰਾਤਨ ਸਿੰਘ ਗੁਰਬਾਣੀ ਦੇ ਬੜੇ ਰਸੀਲੇ ਪਾਠੀ ਹੁੰਦੇ ਸਨ। ਭਾਈ ਸਾਹਿਬ ਜਿਥੇ ਕਿਥੇ ਭੀ ਕੀਰਤਨ ਸਮਾਗਮਾਂ ਲਈ ਜਾਂਦੇ ਸਨ ਉਹਨਾਂ ਦੇ ਅੰਗ ਸੰਗ ਅਨੇਕਾਂ ਅਖੰਡ ਪਾਠੀ ਨਾਲ ਜਾਂਦੇ ਹੁੰਦੇ ਸਨ ਅਤੇ ਅਖੰਡ ਪਾਠ ਸਾਹਿਬ ਦੀਆਂ ਹਾਜ਼ਰੀਆਂ ਵੀ ਭਰਦੇ ਹੁੰਦੇ। 'ਰੰਗਲੇ ਸੱਜਣ' ਪੁਸਤਕ ਵਿਚ ਭਾਈ ਸਾਹਿਬ ਨੇ ਜੋ ਕਲਮੀ ਚਿਤਰ ਅੰਕਤ ਕੀਤੇ ਹਨ, ਉਹਨਾਂ ਵਿਚੋਂ ਕਈਆਂ ਨੇ ਇਕ ਚੌਂਕੜੇ ਨਾਲ ਸ੍ਰੀ ਅਖੰਡਪਾਠ ਸਰਵਨ ਕੀਤਾ। ਮਾਸਟਰ ਜੋਗਿੰਦਰ ਸਿੰਘ ਜੀ ਨੇ ਭੀ ਇਕ ਅਖੰਡ ਪਾਠ ਇਕ ਚੌਂਕੜੇ ਨਾਲ ਸੁਣਿਆ ਦਸਦੇ ਹਨ। ਸ੍ਰੀ ਅਖੰਡਪਾਠ ਸਰਵਨ ਕਰਨ ਵਿਚੋਂ ਹੀ ਗੁਰਬਾਣੀ ਦੀ ਪਾਰਸ ਕਲਾ ਵਰਤਦੀ ਹੈ। ਅੱਜਕਲ ਤਾਂ ਕੇਵਲ ਰਵਾਇਤੀ ਤੌਰ ਤੇ ਸਮਾਗਮਾਂ ਦੇ ਨੇੜੇ ਸ੍ਰੀ ਅਖੰਡਪਾਠ ਸਾਡੇ ਪ੍ਰੋਗਰਾਮਾਂ ਦਾ ਭਾਗ ਜ਼ਰੂਰ ਹੁੰਦਾ ਹੈ ਪਰ ਉਸ ਵਿਚ ਹਾਜ਼ਰੀਆਂ ਭਰਨ ਵਾਲੇ ਸਿੰਘ ਸਿੰਘਣੀਆਂ ਟਾਂਵੇ ਟਾਂਵੇ ਹੀ ਵੇਖਣ ਵਿਚ ਆਉਂਦੇ ਹਨ। ਸ਼ਾਇਦ ਇਹੋ ਕਾਰਣ ਹੈ ਕਿ ਬਾਣੀ ਦੇ ਰਸੀਏ ਭੀ ਅੱਗੇ ਨਾਲੋਂ ਘਟ ਗਏ ਹਨ।

ਭਾਈ ਸਾਹਿਬ ਮਾਸਟਰ ਜੋਗਿੰਦਰ ਸਿੰਘ ਜੀ ਨੇ ਮਾਰਚ 1959 ਵਿਚ ਲੁਧਿਆਣੇ ਦੇ ਆਸ ਪਾਸ ਪਿੰਡਾਂ ਦੀਆਂ ਸੰਗਤਾਂ ਦੇ ਲਾਹੇ ਲਈ 'ਮਾਸਿਕ ਰੈਣਿ–ਸਬਾਈ' ਕੀਰਤਨ ਅਰੰਭ ਕੀਤਾ ਜਿਸ ਦੀ ਸੇਵਾ ਮਾਸਟਰ ਉਜਾਗਰ ਸਿੰਘ (ਫਰਵਾਲੀ) ਬੜੇ ਉਤਸ਼ਾਹ ਨਾਲ ਕਰਦੇ ਹੁੰਦੇ ਸਨ। ਇਹਨਾਂ ਮਾਸਿਕ ਰੈਣਿ ਸਬਾਈਆਂ ਨੇ ਮਾਲਵੇ ਦੇ ਇਲਾਕੇ ਵਿਚ ਕਾਫੀ ਪ੍ਰਚਾਰ ਕੀਤਾ ਅਤੇ ਹੁਣ ਤਕ ਇਹ ਰੈਣਿ ਸਬਾਈ ਕੀਰਤਨ ਦੇ ਪ੍ਰੋਗਰਾਮ ਚਲ ਰਹੇ ਹਨ।

ਭਾਈ ਜੋਗਿੰਦਰ ਸਿੰਘ ਜੀ ਦੇ ਚਿਹਰੇ ਤੇ ਸਦਾ ਖੇੜਾ ਹੁੰਦਾ ਸੀ, ਅੰਦਰ ਨਾਮ ਦੀ ਰੌ ਚਲਦੀ ਸੀ, ਜਦੋਂ ਵੀ ਮਿਲਦੇ ਬੜੇ ਪਿਆਰ ਅਤੇ ਸਤਿਕਾਰ ਨਾਲ ਮਿਲਦੇ। ਆਪ ਗੁਰੂ ਅਤੇ ਗੁਰੂ ਪੰਥ ਦੀ ਸੇਵਾ ਨੂੰ ਆਪਣੇ ਜੀਵਨ ਦਾ ਮਨੋਰਥ ਸਮਝਦੇ ਸਨ।


www.AKJ.Org

## ਬੱਚਿਆਂ ਲਈ ਸਵਾਲ

੧. ਜਿਸ ਸਿੰਘ ਨੇ ਅਨੰਦ-ਪੁਰ ਦੀ ਜੰਗ ਵਿੱਚ ਦੁਸ਼ਮਣ ਦੇ ਮਸਤ ਹਾਥੀ ਦਾ ਸਿਰ ਵਿੰਨ੍ਹਿਆ, ਉਸ ਦਾ ਕੀ ਨਾਮ ਸੀ? ਉਹ ਕਿਸ ਦਾ ਪੁੱਤਰ ਸੀ?
੨. ਪੈਂਦੇ ਖਾਂ ਕੌਣ ਸੀ? ਉਸ ਦੀ ਮੌਤ ਕਿਵੇਂ ਹੋਈ?
੩. ਪੰਜ ਪਿਆਰੇ ਕਿੱਥੋਂ ਦੇ ਰਹਿਣ ਵਾਲੇ ਸਨ? ਉਨ੍ਹਾਂ ਵਿੱਚੋਂ ਗੁਰੂ ਗੋਬਿੰਦ ਸਿੰਘ ਜੀ ਨਾਲ ਆਖਰੀ ਦਮ ਤੱਕ ਕੌਣ ਕੌਣ ਰਹੇ?
੪. ਗੁਰੂ ਸਾਹਿਬ ਨੇ ਨੰਦੇੜ ਤੋਂ ਕਿਨ੍ਹਾਂ ਸਿੰਘਾਂ ਨੂੰ ਬਾਬਾ ਬੰਦਾ ਸਿੰਘ ਬਹਾਦਰ ਨਾਲ ਪੰਜਾਬ ਤੋਰਿਆ?
੫. ਭਾਈ ਡੱਲ ਨੇ ਗੁਰੂ ਗੋਬਿੰਦ ਸਿੰਘ ਜੀ ਕੋਲ ਕਿਹੜੀ ਖਾਸ ਬੇਨਤੀ ਕੀਤੀ? ਅੱਗੋਂ ਗੁਰੂ ਸਾਹਿਬ ਨੇ ਉਸ ਨੂੰ ਕੀ ਕਿਹਾ?

ਨੋਟ : ੧) ਇਨ੍ਹਾਂ ਸਵਾਲਾਂ ਦੇ ਜਵਾਬ 1. ਮਾਰਚ,1995 ਤੱਕ "ਸੂਰਾ" ਦਫਤਰ ਵਿੱਚ ਪਹੁੰਚ ਜਾਣੇ ਚਾਹੀਦੇ ਹਨ। ੨) ਜਵਾਬ ਸਪਸ਼ਟ ਤੇ ਸੰਖੇਪ ਹੋਣ। ੩) ਜਵਾਬ ਪੱਤਰ ਦੇ ਹੇਠਾ ਬੱਚੇ ਦਾ ਆਪਣਾ ਨਾਮ, ਉਮਰ, ਕਿਸ ਸ਼੍ਰੇਣੀ (ਕਲਾਸ) ਅਤੇ ਸਕੂਲ ਵਿੱਚ ਪੜ੍ਹਦਾ ਹੈ ਅਤੇ ਚਿੱਠੀ ਪੱਤਰ ਲਈ ਪੂਰਾ ਪਤਾ ਲਿਖਿਆ ਹੋਇਆ ਹੋਵੇ। ੪) ਜਵਾਬ ਪੱਤਰ ਬੰਦ ਲਫਾਫੇ ਵਿੱਚ ਭੇਜਿਆ ਜਾਏ। ਲਫਾਫੇ ਦੇ ਬਾਹਰ "ਸਵਾਲ ਜਵਾਬ" ਲਿਖਿਆ ਹੋਇਆ ਹੋਵੇ। ੫) ਇਨ੍ਹਾਂ ਸਵਾਲਾਂ ਦੇ ਠੀਕ ਜਵਾਬ "ਸੂਰਾ" ਵਿੱਚ ਛਾਪੇ ਜਾਣਗੇ।

## ਰਿਸ਼ਤੇ-ਨਾਤੇ

ਨੋਟ : ੧. ਕੇਵਲ ਸ਼ਾਕਾਹਾਰੀ ਗੁਰਸਿੱਖ ਬੱਚਿਆਂ ਲਈ ਹੀ ਚਿੱਠੀ ਪੱਤਰ ਕਰੋ ਜੀ। 2. ਕੇਵਲ ਕੇਸਕੀਧਾਰੀ ਬੀਬੀਆਂ ਵਾਸਤੇ ਹੀ ਚਿੱਠੀ ਪੱਤਰ ਕਰੋ ਜੀ। ੩. ਆਪਣੀ ਅਰਜੀ ਛਪਵਾਉਣ ਲਈ ਆਪਣੇ ਅਤੇ ਪ੍ਰੀਵਾਰ ਬਾਰੇ ਪੂਰਾ ਵੇਰਵਾ ਸਾਫ ਸਪਸ਼ਟ ਲਿਖ ਕੇ ਸੂਰਾ ਦਫਤਰ ਭੇਜੋ ਜੀ। ੪. ਅਰਜ਼ੀ ਦੇ ਜਵਾਬੀ ਖਤ ਦੇ ਬਾਹਰ 'Matrimonial Form No................ ਲਿਖੋ ਕੇ 'ਸੂਰਾ' ਦਾ ਪਤਾ ਲਿਖੋ ਜੀ। ਛਪੇ ਫਾਰਮ ਦੇ ਜੁਆਬ ਵਿੱਚ ਆਪਣੇ ਖਤ ਦੇ ਨਾਲ ਟਿਕਟ ਲੱਗਿਆ ਹੋਇਆ ਲਫਾਫਾ ਜਰੂਰ ਭੇਜੋ ਜੀ।

Form LD/16 23 ਸਾਲ, ਕੱਦ 5' 1" ਐਮ.ਏ. ਪਾਸ, ਟਾਈਪਿੰਗ ਜਾਣਦੀ ਪ੍ਰਾਈਵੇਟਟ ਟੀਚਰ ਦੀ ਨੌਕਰੀ ਕਰ ਰਹੀ ਬੀਬੀ ਵਾਸਤੇ ਪੜ੍ਹੇ ਲਿਖੇ ਚੰਗੀ ਨੌਕਰੀ ਕਰਦੇ ਜਾਂ ਬਿਜਨੈਸਮੈਨ ਵਰ ਦੀ ਲੋੜ ਹੈ।

Form LD/17 29 ਸਾਲਾ ਕੱਦ 5' 7", ਬੀ. ਏ. ਅਤੇ ਪੀ.ਜੀ.ਡੀ.ਸੀ.ਏ. ਪਾਸ 4500/- ਮਾਸਿਕ ਤੇ ਨੌਕਰੀ ਕਰ ਰਹੇ ਸਿੰਘ ਵਾਸਤੇ ਯੋਗ ਬੀਬੀ ਦੀ ਲੋੜ ਹੈ।

Form LD/18 26 ਸਾਲ, ਕੱਦ 5' 4" ਬੀ. ਕਾਮ ਪਾਸ ਆਪਣੀ ਫੈਕਟਰੀ ਚਲਾ ਰਹੇ ਸਿੰਘ ਲਈ ਯੋਗ ਬੀਬੀ ਦੀ ਲੋੜ ਹੈ।

Form LD/19 ਸਾਢੇ 20 ਸਾਲਾ, ਕੱਦ 5' 1", ਐਮ.ਐਸ.ਸੀ., ਐਮ.ਫਿਲ ਅਤੇ ਪੀ.ਐਚ.ਡੀ. ਪਾਸ ਦੋ ਸਾਲ ਲਈ ਹੈਦਰਾਬਾਦ ਵਿਚ ਖੋਜ ਲਈ ਨਿਯੁਕਤ ਬੀਬੀ ਵਾਸਤੇ ਯੋਗ ਸਿੰਘ ਦੀ ਲੋੜ ਹੈ

Form LD/20 27 ਸਾਲਾ, ਕੱਦ 5' 8" ਡਿਪਲੋਮਾਇਨ ਇਲੈਕਟ੍ਰੋਨਿਕਸ (ਐਨ.ਸੀ.ਵੀ.ਟੀ.) ਅਤੇ ਡਿਪਲੋਮਾਇਨ ਕੰਪਿਊਟਰ ਹਾਰਡਵੇਰ 4000/- ਮਾਸਿਕ ਦੀ ਨੌਕਰੀ ਕਰ ਰਹੇ ਸਿੰਘ ਲਈ ਬੀਬੀ ਦੀ ਲੋੜ ਹੈ।

Form LD/21 22 ਸਾਲਾ, ਕੱਦ 5' 6" ਐਮ. ਏ. ਭਾਗ ਪਹਿਲਾ ਕਰ ਰਹੀ ਬੀਬੀ ਵਾਸਤੇ ਯੋਗ ਸਿੰਘ ਦੀ ਲੋੜ ਹੈ।

Form LD/22 25 ਸਾਲ, ਕੱਦ 5' 9", ਗ੍ਰੈਜੂਏਟ ਇਨ ਮਿਊਜਿਕ ਅਤੇ ਬੀ. ਏ. ਆਰਟਸ ਕਰ ਰਹੇ ਪ੍ਰਾਈਵੇਟ ਟੀਚਰ 2600/- ਮਾਸਕ ਲੈ ਰਹੇ ਸਿੰਘ ਲਈ ਯੋਗ ਬੀਬੀ ਦੀ ਲੋੜ ਹੈ।

Form LD/23 $27\frac{1}{2}$ ਸਾਲਾ, ਕੱਦ 5' 10", ਮੈਟ੍ਰਿਕ ਪਾਸ ਆਪਣਾ ਕਾਰੋਬਾਰ ਕਰਦੇ 4500/- ਮਾਸਿਕ ਆਮਦਨ ਵਾਲੇ ਸਿੰਘ ਲਈ ਬੀਬੀ ਦੀ ਲੋੜ ਹੈ।

## ਧਾਰਮਿਕ ਅਧਿਆਪਕਾਂ ਦੀ ਲੋੜ

ਪਹਿਲੀ ਕਲਾਸ ਤੋਂ ਦਸਵੀਂ ਕਲਾਸ ਤੱਕ ਦੇ ਸਕੂਲੀ ਬੱਚਿਆਂ ਨੂੰ ਧਾਰਮਿਕ ਵਿਦਿਆ ਦੇਣ ਅਤੇ ਕੀਰਤਨ ਸਿਖਾਉਣ ਲਈ ਯੋਗ ਗੁਰਮੁਖ ਅਧਿਆਪਕਾਂ ਦੀ ਪੱਕੇ ਤੌਰ ਤੇ ਲੋੜ ਹੈ। ਤਨਖਾਹ ਯੋਗਤਾ ਅਨੁਸਾਰ ਦਿੱਤੀ ਜਾਵੇਗੀ। ਵੇਰਵੇ ਸਹਿਤ ਸੰਪਰਕ ਕਰਨ ਲਈ : ਭਾਈ ਬਲਵੰਤ ਸਿੰਘ ਜੀ, ਪਿੰਡ ਜਲਵਾਣਾ, ਡਾਕਖਾਨਾ ਲੋਹਟਬਦੀ, ਜ਼ਿਲਾ ਲੁਧਿਆਣਾ। ਫੋਨ : 0161-451493, 455539, 458006

## ਸੂਰਾ ਪੱਤਰ ਨੂੰ ਪੁੱਜੀ ਸਹਾਇਤਾ

ਬੀਬੀ ਨਰਿੰਦਰ ਕੌਰ ਖਾਲਸਾ - ੫੦/-
ਸ: ਹਰਭਜਨ ਸਿੰਘ ਯੂ. ਕੇ. - ੨੦੦੦/-
ਬੀਬੀ ਸੰਤ ਕੌਰ ਲੁਧਿਆਣਾ - ੫੧/-
ਗੁਪਤ - ੧੦੦/-
ਅਵਤਾਰ ਸਿੰਘ ਫਰੀਦਾਬਾਦ - ੨੫੦/-
ਸ: ਹਰੀ ਸਿੰਘ ਸਪੁੱਤਰ ਦੇ ਵਿਆਹ ਦੇ ਖੁਸ਼ੀ ਵਿਚ - ੧੧੧/-
ਗੁਪਤ - ੧੦੦/-
ਜਸਵੰਤ ਕੌਰ - ੧੦੧/-
ਹਰਦੇਵ ਸਿੰਘ - ੭੦੦/-
ਹਰਮੀਤ ਸਿੰਘ ਲੁਧਿਆਣਾ - ੧੫੦/-
ਸ੍ਰੀਮਤੀ ਦਰਸ਼ਨ ਕੌਰ ਦਿੱਲੀ - ੧੦੧/-
ਸ: ਕੁਲਦੀਪ ਸਿੰਘ - ੨੦੦/-
ਭੁਪਿੰਦਰ ਸਿੰਘ ਸੰਤੋਖ ਕੌਰ - ੧੦੦/-
ਕਰਤਾਰ ਸਿੰਘ ਗਰੀਬ ਲੁਧਿਆਣਾ - ੨੧/-
ਸੂਬੇਦਾਰ ਰਾਮ ਸਿੰਘ ਜੀ ਸਰਾਭਾ - ੧੫੦/-
ਤਰਵਿੰਦਰ ਸਿੰਘ ਐਡਵੋਕੇਟ - ੫੦/-
ਗੁਪਤ - ੫੦/-
ਗੁਪਤ - ੫੦/-
ਬਲਬੀਰ ਕੌਰ ਬੇਲਗਾਮ - ੬੦੦/-
ਭਾਈ ਮਨਮੋਹਨ ਸਿੰਘ ਯੂ.ਐਸ.ਏ. - ੨੦੦੦/-
ਗੁਪਤ - ੫੦੦/-
ਸੁਖਵੀਰ ਸਿੰਘ ਕੁਰਕੁਸ਼ੇਤਰ - ੧੦੦/-
ਸ: ਕੇਵਲ ਸਿੰਘ, ਸਲੋਅ, ਯੂ. ਕੇ. - ੧੨੦੦/-
ਭਾਈ ਕਰਤਾਰ ਸਿੰਘ ਦੇ ਚਲਾਣੇ ਤੇ ਗੁਰੂ ਦਾ ਸੇਵਕ ਜੋਧਪੁਰ-੫੦੦/-
ਭਾਈ ਅਵਤਾਰ ਸਿੰਘ ਜੀਵਨ ਸਿੰਘ ਨਿਊ ਜਰਸੀ - ੫੦੦੦/-
ਸ: ਜਗਦੀਸ਼ ਸਿੰਘ ਕੈਨੇਡਾ - ੩੦੫੦/-
ਬੀਬੀ ਦਲਜੀਤ ਕੌਰ ਅੰਮ੍ਰਿਤਸਰ ਦੇ ਭੋਗ ਸਮੇਂ ਪਰਿਵਾਰ ਵਲੋਂ - ੫੦੦/-


www.AKJ.Org

Regd. No. R.N. 12245/66 SURA/FEB./95 P.O. Regd. No. PB/LD/121/95

## ਭਾਈ ਦੁਰਲੱਭ ਸਿੰਘ ਜੀ ਚੜ੍ਹਾਈ ਕਰ ਗਏ



ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਨਿਕਟਵਰਤੀ ਸਾਥੀ, ਗੁਰਮੁਖ ਪਿਆਰੇ ਭਾਈ ਦੁਰਲੱਭ ਸਿੰਘ ਜੀ ਅੰਬਾਲੇ ਵਾਲੇ 21-1-95 ਨੂੰ ਅਕਾਲ ਚਲਾਣਾ ਕਰ ਗਏ ਹਨ। ਉਹਨਾਂ ਨਮਿਤ 12-2-95 ਨੂੰ ਸਵੇਰੇ 7 ਵਜੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਦੁਪਹਿਰ 2-30 ਵਜੇ ਤੱਕ ਕੀਰਤਨ ਸਮਾਗਮ ਉਹਨਾਂ ਦੇ ਗ੍ਰਿਹਿ 2416, D.C. Road, Ambala Cantt. ਵਿਖੇ ਹੋਣਗੇ।

## ਜਾ ਆਏ ਤਾ ਤਿਨਹਿ ਪਠਾਏ, ਚਾਲੇ ਤਿਨਹਿ ਬੁਲਾਇ ਲਇਆ॥



ਅਕਾਲ ਪੁਰਖ ਦੀ ਅਮਿਟ ਰਜ਼ਾਅ ਅਧੀਨ ਬੀਬੀ ਦਲਜੀਤ ਕੌਰ ਜੀ ਅੰਮ੍ਰਿਤਸਰ ਮਿਤੀ 29-12-94 ਨੂੰ ਸਚਖੰਡ ਪਿਆਨੇ ਕਰ ਗਏ ਹਨ। ਬੀਬੀ ਜੀ ਦਾ ਸਮੁੱਚਾ ਜੀਵਨ ਗੁਰਮਤਿ ਦੇ ਦ੍ਰਿਸ਼ਟੀ ਕੋਣ ਤੋਂ ਹਰ ਪੱਖੋਂ ਆਦਰਸ਼ਕ ਸੀ। ਨਾਮ-ਬਾਣੀ ਨਾਲ ਲਗਨ ਤਾਂ ਬਚਪਨ ਤੋਂ ਹੀ ਸੀ, ਪਰ ਕੇਸਕੀ ਰਹਿਤ ਸੰਯੁਕਤ ਤਿਆਰ-ਬਰ-ਤਿਆਰ ਹੁੰਦਿਆਂ 'ਕੀਰਤਨ ਰਤਨ ਵਥ' ਥਟੀ-ਥਟਾਤੀ ਅੰਦਰ ਪ੍ਰਵੇਸ਼ ਕਰ ਗਈ ਅਤੇ ਅੰਮ੍ਰਿਤ-ਰਸ ਦੇ ਝਰਨੇ ਚਲਣੇ ਸ਼ੁਰੂ ਹੋ ਗਏ। 'ਮਾਰੂ ਸੋਲਹੇ' ਵਾਲੇ ੧੬-੧੬ ਪਦਿਆਂ ਵਾਲੇ ਲੰਮੇ ਸ਼ਬਦ, ਅਤੇ 'ਪੜਤਾਲ' ਵਾਲੇ ਬਿਖਮਤਾਲਾਂ ਥਣੇ ਸ਼ਬਦਾਂ ਦਾ ਕੀਰਤਨ ਕੰਠਾਗਰ ਕਰਨਾ। ਖੂਬੀ ਇਹ ਕਿ ਕੀਰਤਨ ਸਦਾ ਪ੍ਰਕਰਣ ਅਨੁਸਾਰ ਰਾਗਾਂ ਦੀਆਂ ਪੁਰਾਤਨ ਰੀਤਾਂ ਵਿਚ ਕਰਨਾ। ਭਾਵੇਂ ਕੀਰਤਨ ਵਿਚ ਪ੍ਰਬੀਨਤਾ ਦੇ ਫਲ-ਸਰੂਪ ਆਪ ਅਖੰਡ ਕੀਰਤਨੀ ਜਥੇ ਦੇ ਮੂਹਰਲੇ ਕਤਾਰ ਦੇ ਕੀਰਤਨੀਆਂ ਵਿਚੋਂ ਸਨ, ਪਰ ਮਨ ਕਰਕੇ ਬੜੇ ਨਿਰਮਾਣ ਸਨ। ਬਾਣੀ ਦਾ ਅਥਾਹ ਬੋਧ ਹੋਣ ਕਾਰਨ ਅਖੰਡ ਪਾਠਾਂ ਦੀ ਰੌਲ ਦੇਣ ਸਮੇਂ, ਭਾਵੇਂ ਅਖੰਡ ਪਾਠ ਚਲੰਤ ਸਪੀਡ ਵਿਚ ਕਰਦੇ, ਪਰ ਉਚਾਰਣ ਸ਼ੁਧ ਅਤੇ ਸਪੱਸ਼ਟ ਹੁੰਦਾ। ਆਪ ਜੀ ਦੇ ਅਕਾਲ ਚਲਾਣੇ ਨਾਲ ਅਖੰਡ ਕੀਰਤਨੀ ਜਥੇ ਨੂੰ ਘਾਟਾ ਤਾਂ ਜ਼ਰੂਰ ਪਿਆ ਹੈ ਪਰ ਚੂੰਕਿ ਇਹ ਪਿਤਾ-ਪ੍ਰਭੂ ਦੀ ਰਜ਼ਾਅ ਵਿਚ ਹੈ ਇਸ ਲਈ ਇਸ ਨੂੰ ਮਿੱਠਾ ਕਰਕੇ ਮੰਨਣਾ ਹੀ ਸੋਭਦਾ ਹੈ।

**ਬੀਬੀ ਜੀ ਨਮਿੱਤ ਅੰਮ੍ਰਿਤਸਰ ਦੀ ਸੰਗਤ ਵੱਲੋਂ 19-2-95 ਐਤਵਾਰ ਨੂੰ ਗੁਰਦੁਆਰਾ 'ਗੁਰੂ ਕੇ ਮਹਿਲ' ਵਿਖੇ ਸਵੇਰੇ 7 ਵਜੇ ਤੋਂ 12 ਵਜੇ ਤੱਕ ਅਖੰਡ ਕੀਰਤਨ ਸਮਾਗਮ ਹੋ ਰਹੇ ਹਨ।**

ਮੁਲਿਆਂਵਾਲ ਨੇੜੇ ਪਿੰਡ ਬੜੋਏ (ਗੁਰਦਾਸਪੁਰ) ਭਾਈ ਦਲਬੀਰ ਸਿੰਘ ਜੀ ਵੱਲੋਂ ਰੈਣ ਸਬਾਈ ਕੀਰਤਨ 18/2/95 ਰਾਤ ਨੂੰ

### ਵੱਡਾ ਘੱਲੂਘਾਰਾ (5 ਫਰਵਰੀ 1762) ਦੇ ਸ਼ਹੀਦਾਂ ਦੀ ਯਾਦ ਵਿਚ ਕੀਰਤਨ ਸਮਾਗਮ

ਗੁਰਦੁਆਰਾ ਸਿੰਘ ਸਭਾ, ਮੰਡੀ ਅਹਿਮਦਗੜ੍ਹ, ਜਿਲਾ ਸੰਗਰੂਰ ਵਿਖੇ 18/2/95 ਰਾਤ ਨੂੰ ਰੈਣ ਸਬਾਈ ਕੀਰਤਨ ਹੋਣਗੇ।

ਪਿੰਡ ਜਾਂਗਲੀਆਨਾ, ਜਿਲਾ ਹੁਸ਼ਿਆਰਪੁਰ ਡਾ: ਖਾਸ ਵਾਇਆ ਭਾਮ ਵਿਖੇ ਰੈਣ ਸਬਾਈ ਕੀਰਤਨ 25 ਫਰਵਰੀ ਰਾਤ ਨੂੰ

ਪਿੰਡ ਫਜੂਪੁਰ (ਗੁਰਦਾਸਪੁਰ) ਨੇੜੇ ਧਾਰੀਵਾਲ ਵਿਖੇ ਰੈਣ ਸਬਾਈ ਕੀਰਤਨ 25 ਫਰਵਰੀ ਰਾਤ ਨੂੰ

**ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਲਾ ਮਹੱਲਾ ਸਮਾਗਮ 15 ਤੋਂ 18 ਮਾਰਚ ਵੇਰਵਾ ਆਉਂਦੇ ਪਰਚੇ ਵਿਚ**

### ਯੂ ਕੇ. ਵਿਖੇ ਅਖੰਡ ਕੀਰਤਨ ਸਮਾਗਮ

18/2/95 ਰੈਣ ਸਬਾਈ ਕੀਰਤਨ ਰਾਮਗੜ੍ਹੀਆ ਗੁਰਦੁਆਰਾ (ਸਿਖ ਟੈਂਪਲ)

1103 Foles Hill Road, Coventry, Midlands, England. Tel. Gurd. 0203-663048

ਵਧੇਰੇ ਜਾਣਕਾਰੀ ਲਈ : (1) ਭਾਈ ਮਲਕੀਤ ਸਿੰਘ ਜੰਡੂ ਫੋਨ : 0203-664003 (2) ਭਾਈ ਸੋਹਨ ਸਿੰਘ ਜੀ ਫੋਨ : 0203-682922 (3) ਭਾਈ ਸਤਨਾਮ ਸਿੰਘ ਜੀ ਸਾਊਥਾਲ - 081-571-4690

## ਬੇਨਤੀ

ਪ੍ਰਵਾਸੀ ਗੁਰਮੁਖ ਵੀਰ ਜੋ ਆਪਣੇ ਪ੍ਰੀਵਾਰ ਨੂੰ ਗੁਰਮਤਿ ਨਾਲ ਜੋੜਨਾ ਚਾਹੁੰਦੇ ਹਨ ਤੇ 'ਸੂਰਾ' ਮਾਸਿਕ ਪੱਤਰ ਪੜ੍ਹਨ-ਪੜ੍ਹਾਉਣ ਵਿਚ ਰੁਚੀ ਰੱਖਦੇ ਹਨ, ਹੇਠਲੇ ਪਤੇ ਤੇ ਆਪਣਾ ਨਾਮ ਅਤੇ ਡਾਕਪਤਾ ਲਿਖ ਭੇਜਣ-ਉਹਨਾਂ ਨੂੰ ਹਰ ਮਹੀਨੇ 'ਸੂਰਾ' ਮੋਖ ਰਹਿਤ ਪਹੁੰਚਦਾ ਰਹੇਗਾ। ਦਾਸ : ਭਾਈ ਜੀਵਨ ਸਿੰਘ - 1030 ਹੈਮਿਲਟਨ ਰੋਡ, ਵੈਨਕੂਵਰ-B.C. Canada V6 B2 R9 Tel. : 1800630224

*SURA (Monthly) Kothi NO. 12, Block-I, Bhai Randhir Singh Nagar, Ludhiana-141001*

www.AKJ.Org